Voice of Social Concerns
Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com
ਸਾਲ-6, ਅੰਕ-2, ਫ਼ਰਵਰੀ 2016
Website: www.ppapmg.com

HARBANS SINGH 416-817-7142 DEVINDER TOOR 416-902-9372 MASTER BHAJAN SINGH 403-455-4220 Registration No. 210836300

## ਟਰਾਂਸ ਪੈਸੇਫਿਕ ਪਾਰਟਨਰਸ਼ਿਪ

# ਟੀ.ਪੀ.ਪੀ ਸਮਝੌਤਾ-ਸਾਮਰਾਜੀ ਚੱਕਰਵਿਊ

ਨਰਭਿੰਦਰ




ਪਿਛਲੇ ਦਿਨੀਂ ਅਮਰੀਕਾ ਦੀ ਅਗਵਾਈ 'ਚ 12 ਦੇਸ਼ਾਂ ਨੇ ਸਮਝੌਤਾ ਕਰਕੇ ਇਕ ਸਹਿਮਤੀ ਬਣਾਈ ਹੈ ਜਿਸ ਨੂੰ 'ਟਰਾਂਸ ਪੈਸੇਫਿਕ ਪਾਟਨਰਸ਼ਿਪ' ਦਾ ਨਾਂ ਦਿੱਤਾ ਹੈ। 6 ਸਾਲਾਂ ਦੀਆਂ ਲੰਬੀਆਂ ਬੈਠਕਾਂ ਪਿਛੋਂ ਅਮਰੀਕਾ, ਕੈਨੇਡਾ, ਮੈਕਸੀਕੋ, ਪੀਰੂ, ਚਿੱਲੀ, ਜਾਪਾਨ, ਵੀਅਤਨਾਮ ਸਿੰਘਾਪੁਰ, ਬੁਰਨੇਈ, ਆਸਟੇਰੀਆ ਮਲੇਸ਼ੀਆ ਅਤੇ ਨਿਊਜ਼ੀਲੈਂਡ ਨੇ ਇਕੱਠੇ ਹੋ ਕੇ ਜਿਸ ਸਾਂਝੇ ਸਮਝੌਤੇ ਉਤੇ ਸਹਿਮਤੀ ਬਣਾਈ ਹੈ ਇਸ ਦਾ ਕੇਂਦਰੀ ਤੱਤ ਇਹ ਹੈ ਕਿ ਇਨ੍ਹਾਂ ਦੇਸ਼ਾਂ ਵਿਚ ਵਪਾਰ ਸਮੇਂ ਕੋਈ ਟੈਕਸ ਨਹੀਂ ਹੈ ਇਸ ਦਾ ਕੇਂਦਰੀ ਤੱਤ ਇਹ ਹੈ ਕਿ ਉਨ੍ਹਾਂ ਦੇਸ਼ਾਂ ਵਿਚ ਵਪਾਰ ਸਮੇਂ ਕੋਈ ਟੈਕਸ ਨਹੀਂ ਦੇਣੇ ਪੈਣਗੇ। ਮੁਕਤ ਵਪਾਰ ਖੇਤਰ ਕਿਹਾ ਜਾ ਸਕਦਾ ਹੈ। ਇਸ ਸਹਿਮਤੀ ਆਧਾਰਤ ਅੰਤਿਮ ਸਮਝੌਤਾ ਉਦੋਂ ਹੋਣਾ ਹੈ ਜਦੋਂ ਸਾਰੇ ਦੇਸ਼ਾਂ ਦੀਆਂ ਆਪਣੀਆਂ ਆਪਣੀਆਂ ਸੰਸਦਾਂ ਇਸ ਨੂੰ ਪਾਸ ਕਰ ਦੇਣਗੀਆਂ ਅਤੇ ਇਸ ਸਹਿਮਤੀ ਦੇ ਆਧਾਰਤ ਆਪਣੇ ਆਪਣੇ ਦੇਸ਼ਾਂ 'ਚ ਹੋਰ ਕਾਨੂੰਨ ਵੀ ਬਦਲ ਲੈਣਗੀਆਂ। ਜਿਹੜੇ ਇਸ ਅਨੁਕੂਲ ਜ਼ਰੂਰੀ ਹੋਣਗੇ ਭਾਵ ਇਹ ਕਿ ਵਿਸ਼ਵ ਮੰਦੀ ਦੇ ਸੰਕਟ ਵਿਚ ਸਾਮਰਾਜੀ ਪੂੰਜੀ ਅੱਕੀਂ ਪਲਾਹੀਂ ਹੱਥ ਮਾਰ ਰਹੀ ਹੈ ਕਿ ਕਿਸੇ ਪਾਸਿਓਂ ਚਾਰ ਪੈਸੇ ਬਚ ਜਾਣ। ਪਿਛਲੇਰੇ ਸਾਲਾਂ 'ਚ ਲੱਖ ਕੋਸ਼ਿਸ਼ਾਂ ਦੇ ਬਾਵਜੂਦ ਮੰਦੀ ਇਸ ਕਦਰ ਪਸਰੀ ਹੋਈ ਹੈ ਕਿ ਬਹੁਕੌਮੀ ਕਾਰਪੋਰੇਟੀ ਪੂੰਜੀ ਦਾ ਬਾਜ਼ਾਰ ਵੱਧ ਨਹੀਂ ਰਿਹਾ। ਇਸ ਹਾਲਤ ਵਿਚ ਸਾਮਰਾਜੀ ਮੁਲਕ ਆਪਸ ਵਿਚ ਵੀ ਅਤੇ ਤੀਸਰੀ ਦੁਨੀਆ ਦੇ ਮੁਲਕਾਂ ਨਾਲ ਵੀ ਅਜਿਹੇ ਵਪਾਰਕ ਸਮਝੌਤੇ ਕਰ ਰਹੇ ਹਨ ਜਿਸ ਨਾਲ ਉਨ੍ਹਾਂ ਦੇ ਬਾਜ਼ਾਰਾਂ 'ਚ ਆਪਣੇ ਮਾਲ ਨੂੰ ਸੁੱਟਿਆ ਜਾਵੇ ਅਤੇ ਹੁਣ ਇਹ ਜ਼ਰੂਰੀ ਹੈ ਕਿ ਉਨ੍ਹਾਂ ਨੂੰ ਅਜਿਹੇ ਵਪਾਰ ਉਤੇ, ਉਨ੍ਹਾਂ ਦੇਸ਼ਾਂ ਅੰਦਰ ਕੋਈ ਟੈਕਸ ਵੀ ਨਾ ਅਦਾ ਕਰਨਾ ਪਵੇ। ਸ਼ਬਦ ਸਰਹੱਦੋਂ ਪਾਰ ਵਪਾਰਕ ਸਾਂਝੇਦਾਰੀ ਦੀ ਵਰਤੋਂ ਕੀਤੀ ਗਈ ਹੈ ਸ਼ੇਰ (ਅਮਰੀਕਾ ਜਿਹਦੇ ਮੂੰਹ ਲਹੂ ਲੱਗਾ ਹੈ) ਅਤੇ ਬੱਕਰੀ (ਮੈਕਸੀਕੋ, ਪੀਰੂ ਚਿੱਲੀ, ਸਿੰਘਾਪੁਰ,ਵੀਅਤਨਾਮ ਮਲੇਸ਼ੀਆ ਜਿਹੜੇ ਕਰਜ਼ੇ 'ਚ ਵਿੰਨੇ ਸਾਮਰਾਜੀ ਪੂੰਜੀ ਦੀ ਹਰ ਈਨ ਮੰਨਣ ਲਈ ਮਜ਼ਬੂਰ ਹਨ) ਇਕੋ ਘਾਟ ਪਾਣੀ ਪੀਣਗੇ।

ਇਸ ਆਪਸੀ ਸਹਿਮਤੀ 'ਤੇ ਸਮਝੌਤੇ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਵਿਚ ਸ਼ਾਮਲ ਸ਼ਰਤਾਂ ਮੱਦਾਂ ਨੂੰ ਦਸਤਖਤ ਕਰਨ ਤੋਂ ਚਾਰ ਸਾਲ ਤੱਕ ਸਰਵਜਨਕ ਨਹੀਂ ਕੀਤਾ ਜਾਵੇਗਾ। ਇਹ ਇਸ ਕਰਕੇ ਲੁਕੋਇਆ ਜਾ ਰਿਹਾ ਹੈ ਕਿ ਜੇ ਇਹ ਸ਼ਰਤਾਂ-ਮੱਦਾਂ ਜਗ ਜਾਹਿਰ ਹੋ ਗਈਆਂ ਤਾਂ ਇਨ੍ਹਾਂ ਦੇਸ਼ਾਂ ਦੇ ਲੋਕਾਂ ਵਿਚ ਵਿਆਪਕ ਲੋਕ ਵਿਦਰੋਹ ਫੁੱਟ ਸਕਦਾ ਹੈ। ਸੋ ਇਨ੍ਹਾਂ ਦੇਸ਼ਾਂ ਦੀਆਂ ਪਾਰਲੀਮੈਂਟਾਂ ਇਹਨੂੰ ਆਪਣੇ ਹੀ ਲੋਕਾਂ ਤੋਂ ਛੁਪਾ ਕੇ ਦਸਤਖਤ ਕਰਨਗੀਆਂ। ਭਾਵ ਢੱਕੀ ਰਿੱਝੇ ਕੋਈ ਨਾ ਬੁੱਝੇ।

ਹਾਲਾਂਕਿ ਅੰਦਰੇ ਅੰਦਰ ਰਿੱਝ ਰਹੀ ਦੀ ਵਾਸ਼ਨਾ (ਸੜਾਂਦ) ਕੁਝ ਸਰੋਤਾਂ ਰਾਹੀਂ ਬਾਹਰ ਆ ਹੀ ਗਈ ਹੈ। ਜਿਹੜੀਆਂ ਮੱਦਾਂ ਜਾਂ ਸ਼ਰਤਾਂ ਜਿਹੜੀਆਂ ਇਸ ਸਮਝੌਤੇ ਦੀ ਬੁਨਿਆਦ ਹਨ ਲੀਕ ਹੋ ਹੀ ਗਈਆਂ ਹਨ। ਇਹ ਸਮਝੌਤਾ ਗੈਟ ਨਾਲੋਂ ਵੀ ਵੱਡਾ ਅਤੇ ਖਤਰਨਾਕ ਹੈ ਜਿਹੜਾ ਦੁਨੀਆ ਦੇ ਅੱਧੇ (ਜੀ.ਡੀ.ਪੀ.) ਵਾਲੇ ਦੇਸ਼ਾਂ ਨੂੰ ਸ਼ਾਮਲ ਕਰਦਾ ਹੈ। ਇਸ ਵਿਚ 5 ਪੰਜਾਂ 'ਚੋਂ ਚਾਰ ਮਹਾਂਦੀਪਾਂ ਦੇ ਦੇਸ਼ ਸ਼ਾਮਲ ਹਨ ਬੱਸ ਇਕ ਯੂਰਪ ਹੀ ਨਹੀਂ ਹੈ ਜਾਂ ਯੂਰਪ ਦਾ ਕੋਈ ਦੇਸ਼ ਨਹੀਂ ਹੈ।

ਇਸ ਸਮਝੌਤੇ ਰਾਹੀਂ ਆਪਸੀ ਵਿਉਪਾਰ ਵਧਾਉਣ ਦੇ ਨਾਲ ਨਾਲ ਆਪਸੀ ਨਿਵੇਸ਼ ਵਧਾਉਣ ਦੀ ਵਿਵਸਥਾ ਦੀ ਗੱਲ ਵੀ ਕੀਤੀ ਗਈ ਹੈ। ਕਾਰਪੋਰੇਸ਼ਨਾਂ ਵਲੋਂ ਨਿਵੇਸ਼ ਕਰਦਿਆਂ ਸਮੇਂ ਰਾਜ ਨਾਲ ਵਿਵਾਦ ਨੂੰ ਹੱਲ ਕਰਨ ਲਈ ਨਿਵੇਸ਼ਕ-ਰਾਜ ਵਿਵਾਦ ਨਿਪਟਾਰੇ ਦੀ ਅਲੱਗ ਸੰਸਥਾ ਬਣਾਈ ਜਾਵੇਗੀ। ਕਾਰਪੋਰੇਸ਼ਨਾਂ ਨੂੰ ਸਰਕਾਰ ਉਤੇ ਅਜਿਹੀ ਵਿਵਸਥਾ ਨਿਯਮ ਬਣਾਉਣ ਤੋਂ ਰੋਕਣ ਲਈ ਦਬਾਅ ਬਣਾਉਣ ਦਾ ਅਧਿਕਾਰ ਹੋਵੇਗਾ ਜਿਸ ਨਾਲ ਉਨ੍ਹਾਂ ਦੇ ਮੁਨਾਫ਼ਾ ਘਟਣ ਦਾ ਸ਼ੱਕ ਜ਼ਾਹਿਰ ਹੋਵੇ। ਉਨ੍ਹਾਂ ਨੂੰ (ਕਾਰਪੋਰੇਸ਼ਨਾਂ ਨੂੰ) ਅਜਿਹੇ ਕਦਮਾਂ ਦੇ ਵਿਰੁੱਧ ਸਰਕਾਰ ਉਤੇ ਕਾਨੂੰਨੀ ਮੁਕੱਦਮਾ ਦਾਇਰ ਕਰਨ ਦਾ ਵੀ ਅਧਿਕਾਰ ਹੋਵੇਗਾ। ਮਤਲਬ ਜੇ ਸਰਕਾਰ ਮਜ਼ਦੂਰੀ ਵਧਾਉਂਦੀ ਹੈ ਜਾਂ ਮਜ਼ਦੂਰਾਂ ਲਈ ਜਾਂ ਕਿਰਤੀਆਂ ਲਈ ਹੋਰ ਸਹੂਲਤਾਂ ਲਈ ਵਚਨਬੱਧਤਾ ਦੀ ਗੱਲ ਕਰਦੀ ਹੈ

(ਬਾਕੀ ਸਫ਼ਾ 29 'ਤੇ)


4
ਅਪਰਾਧਿਕ ਪੂੰਜੀ ਦੀ ਦਰਿੰਦਗੀ ਦੀ-ਉਚਤਮ ਮਿਸਾਲ


18
ਕੈਨੇਡੀਅਨ ਸਿਹਤ ਸੇਵਾਵਾਂ ਜਾਂ ਅਮਰੀਕਨ ਸਿਹਤ ਵਪਾਰ


20
ਭਾਰਤੀ ਵਿਦਿਆਰਥੀਆਂ ਦੀਆਂ ਅਮਰੀਕਾ ਵੱਲ ਨੂੰ ਵਹੀਰਾਂ


23
ਪੰਜਾਬ ਵਿੱਚ ਕਿਸਾਨ ਖੁਦਕੁਸ਼ੀਆਂ ਦਾ ਵਰਤਾਰਾ

SUPER VISA INSURANCE
PUNJAB INSURANCE INC.


Sherjang Singh Rana
416.910.9000
• Life Insurance • Mortgage Insurance
• Critical Illness Insurance • Disability Insurance
• RESP, RRSP
www.punjabinsurance.ca

Ravinder Singh Basra
416.845.6232

# ‘ਆਪ ਪਾਰਟੀ’ ਸੁਪਨਾ ਸੱਤਾ ਦਾ, ਨਾਅਰਾ ਇਨਕਲਾਬ ਦਾ



ਮੰਗਤ ਰਾਮ ਪਾਸਲਾ
98141-82998 )



ਯੂਪੀਏ ਅਤੇ ਮੌਜੂਦਾ ਐਨ. ਡੀ. ਏ. ਦੀ ਅਗਵਾਈ ਵਾਲੀ ਕੇਂਦਰੀ ਸਰਕਾਰਾ ਦੀਆਂ ਲੋਕ ਮਾਰੂ ਨੀਤੀਆਂ ਤੋਂ ਆਮ ਲੋਕ, ਖ਼ਾਸਕਰ ਆਰਥਿਕ ਤੌਰ ’ਤੇ ਹੇਠਲੇ ਪੱਧਰ ਦੇ ਕਿਰਤੀ ਜਨ ਸਮੂਹ ਡਾਢੇ ਪ੍ਰੇਸ਼ਾਨ ਹਨ। ਜਿਸ ਰਫ਼ਤਾਰ ਨਾਲ ਹਰ ਰੋਜ਼ ਮਹਿੰਗਾਈ, ਬੇਰੁਜ਼ਗਾਰੀ, ਗ਼ਰੀਬੀ ਤੇ ਭ੍ਰਿਸ਼ਟਾਚਾਰ ਲਗਾਤਾਰ ਵਧ ਰਿਹਾ ਹੈ, ਉਸ ਨਾਲ ਜਨ ਸਾਧਾਰਨ ਕੁਰਲਾ ਉੱਠਿਆ ਹੈ ਪਰ ਹਾਕਮਾਂ ਵੱਲੋਂ ’ਤੇਜ਼ ਆਰਥਿਕ ਵਿਕਾਸ’ ਤੇ ‘ਅੱਛੇ ਦਿਨ ਆਉਣ ਵਾਲੇ ਹਨ’, ਵਰਗੀ ਫਰੇਬੀ ਲੱਫ਼ਾਜ਼ੀ ਨਾਲ ਏਨੀ ਧੁੰਦ ਖਿਲਾਰ ਦਿੱਤੀ ਗਈ ਹੈ ਕਿ ਜਨਤਾ ਠੱਗੀ ਜਿਹੀ ਮਹਿਸੂਸ ਕਰਦੀ ਹੈ। ਉਹ ਇਸ ਮੱਕੜ ਜਾਲ ਵਿੱਚੋਂ ਨਿਕਲਣਾ ਚਾਹੁੰਦੀ ਹੈ। ਇਸ ਲਈ ਉਹ ਕਦੇ ਇੱਕ ਇੱਕ ਰੰਗ ਦੇ ਹੁਕਮਰਾਨ ਨੂੰ ਛੱਡ ਕੇ ਦੂਜੇ ਦਾ ਪੱਲਾ ਫੜ ਲੈਂਦੀ ਪਰ ਸਾਰੀਆਂ ਵੰਨਗੀਆਂ ਦੇ ਹਾਕਮ ਟੋਲੇ ਇੱਕੋ ਜਮਾਤ ਤੇ ਕਿਰਦਾਰ ਦੇ ਮਾਲਕ ਹਨ।

ਮੁਲਕ ਦੀਆਂ ਵੱਖ ਵੱਖ ਰਾਜਸੀ ਪਾਰਟੀਆਂ ਦੀਆਂ ਲੋਕ ਮਾਰੂ ਨੀਤੀਆਂ, ਭ੍ਰਿਸ਼ਟਾਚਾਰ ਤੇ ਆਮ ਲੋਕਾਂ ਦੇ ਹਿੱਤਾਂ ਦੀ ਪੂਰਨ ਰੂਪ ਵਿੱਚ ਕੀਤੀ ਜਾ ਰਹੀ ਅਣਦੇਖੀ ਅਤੇ ਦੂਜੇ ਬੰਨੇ ਆਪਣੀਆਂ ਕਮਜ਼ੋਰੀਆਂ ਤੇ ਸੀਮਾਵਾਂ ਕਾਰਨ ਲੋਕ ਹਿੱਤਾਂ ਪ੍ਰਤੀ ਸੁਹਿਰਦ ਰਾਜਨੀਤਕ ਦਲਾਂ ਵੱਲੋਂ ਹਾਕਮਾਂ ਵਿਰੁੱਧ ਉੱਠ ਰਹੀ ਬੇਚੈਨੀ ਨੂੰ ਇੱਕ ਸਹੀ ਸਿਆਸੀ ਦਿਸ਼ਾ ਵਿੱਚ ਤੋਰਨ ਦੀ ਨਾਕਾਮੀ ਕਾਰਨ ਤਿੰਨ ਸਾਲ ਪਹਿਲਾਂ ਮੁਲਕ ਵਿੱਚ ‘ਆਪ’ (ਆਮ ਆਦਮੀ ਪਾਰਟੀ) ਦਾ ਜਨਮ ਹੋਇਆ। ਦੇਸ਼ ਵਿਦੇਸ਼ ਦੇ ਗ਼ੈਰ-ਸਰਕਾਰੀ ਸੰਗਠਨਾਂ ਨੇ, ਜਿਨ੍ਹਾਂ ਨੂੰ ਸਾਮਰਾਜੀ ਸ਼ਕਤੀਆਂ ਤੇ ਬਹੁ ਕੌਮੀ ਕਾਰਪੋਰੇਸ਼ਨਾਂ ਹਰ ਤਰ੍ਹਾਂ ਦੀ ਆਰਥਿਕ ਤੇ ਹੋਰ ਸਹਾਇਤਾ ਪ੍ਰਦਾਨ ਕਰਦੀਆਂ ਹਨ, ‘ਆਪ’ ਨੂੰ ਉਭਾਰਨ ਵਿੱਚ ਪੂਰਾ ਹਿੱਸਾ ਪਾਇਆ। ਸ਼ੋਸ਼ਲ ਮੀਡੀਆ ਤੇ ਦੂਜੇ ਪ੍ਰਚਾਰ ਸਾਧਨਾਂ ਦੀ ਮਦਦ ਨਾਲ ਜਿਹੜਾ ਦਰਮਿਆਨਾ ਤੇ ਪੜ੍ਹਿਆ ਲਿਖਿਆ ਵਰਗ ਹੁਕਮਰਾਨ ਧਿਰਾਂ ਤੋਂ ਬੇਕਾਰੀ, ਬਦਇੰਤਜ਼ਾਮੀ ਤੇ ਭ੍ਰਿਸ਼ਟਾਚਾਰ ਤੋਂ ਪ੍ਰੇਸ਼ਾਨ ਸੀ, ਇੱਕ ਹੱਦ ਤੱਕ ‘ਆਪ’ ਵੱਲ ਖਿੱਚਿਆ ਗਿਆ ਤੇ ਉਨ੍ਹਾਂ ਨੂੰ ਇਸ ਵਿੱਚ ਚੰਗੇ ਭਵਿੱਖ ਦੀ ਆਸ ਨਜ਼ਰ ਆਈ। ਉਂਜ ਸ਼ੁਰੂ ਤੋਂ ਹੀ ‘ਆਪ’ ਆਗੂਆਂ ਨੇ ਪੂੰਜੀਵਾਦੀ ਢਾਂਚੇ ਤੇ ਨਵਉਦਾਰਵਾਦੀ ਨੀਤੀਆਂ ਦੀ ਹਮਾਇਤ ਕਰਦਿਆਂ ਲੋਕ ਭਾਵਨਾਵਾਂ ਨੂੰ ਖੱਬੀ ਸ਼ਬਦਾਵਲੀ ਰਾਹੀਂ ਇਸ ਤਰ੍ਹਾਂ ਵਿਅਕਤ ਕੀਤਾ ਕਿ ਸਾਧਾਰਨ ਤੇ ਪੜ੍ਹਿਆ ਲਿਖਿਆ ਵਰਗ ਖੱਬੇ ਪੱਖੀ ਪਾਰਟੀਆਂ ਦੇ ਮਿਸ਼ਨ ਨੂੰ ‘ਆਪ’ ਦੇ ਜ਼ਰੀਏ ਸਿਰੇ ਚੜ੍ਹਦਾ ਹੋਇਆ ਮਹਿਸੂਸ ਕਰਨ ਲੱਗਾ। ਬਹੁਤ ਸਾਰੇ ਨਿਰਾਸ਼ ਤੇ ਸਿਥਲ ਬਣੀ ਬੈਠੇ ਖੱਬੇ ਪੱਖੀ ਬੁੱਧੀਜੀਵੀਆਂ, ਕਲਮਕਾਰਾਂ ਤੇ ਦਰਮਿਆਨੀ ਵਰਗ ਦੀ ਮਾਨਸਿਕਤਾ ਨਾਲ ਸਜੋਏ ਲੋਕਾਂ ਨੇ ‘ਆਪ’ ਦੇ ਹੱਕ ਵਿੱਚ ਲੋਕ ਰਾਇ ਬਣਾਉਣ ਵਿੱਚ ਵੱਡਾ ਯੋਗਦਾਨ ਪਾਇਆ। ਬਹੁਤ ਸਾਰੇ ਸੁਹਿਰਦ ਵਿਅਕਤੀ ਵੀ ‘ਆਪ’ ਨੂੰ ਖੱਬੇ ਪੱਖੀ ਧਿਰ ਵਜੋਂ ਲੋਕਾਂ ਦੇ ਸਹਿਯੋਗੀ ਸਮਝਣ ਲੱਗ ਪਏ।

‘ਆਪ’ ਦੇ ਆਗੂਆਂ ਨੇ ਸ਼ੁਰੂ ਵਿੱਚ ਹੀ ਕਿਸੇ ਖੱਬੀ ਜਾਂ ਸੱਜੀ ਵਿਚਾਰਧਾਰਾ ਦੇ ਅਨੁਆਈ ਹੋਣ ਤੋਂ ਇਨਕਾਰ ਕੀਤਾ ਤੇ ਕਿਸੇ ਵੀ ਹੋਰ ਰਾਜਨੀਤਕ ਧਿਰ, ਭਾਵੇਂ ਉਸ ਦਾ ਇਤਿਹਾਸ ਕਿੰਨਾ ਵੀ ਕੁਰਬਾਨੀਆਂ ਭਰਿਆ ਅਤੇ ਲੋਕ ਪੱਖੀ ਹੋਵੇ, ਨਾਲ ਸੰਘਰਸ਼ਾਂ ਜਾਂ ਚੋਣਾਂ ਵਿੱਚ ਹੱਥ ਮਿਲਾਉਣ ਤੋਂ ਸਾਫ਼ ਨਾਂਹ ਕੀਤੀ। ਅਜਿਹਾ ਕਾਰਪੋਰੇਟ ਘਰਾਣਿਆਂ ਦੇ ਦਬਾਅ ਕਾਰਨ ਵਾਪਰਿਆ। ‘ਆਪ’ ਨੇ ਸਮਾਜ ਵਿੱਚਲੀਆਂ ਇੱਕ ਦੂਜੇ ਦੀਆਂ ਵਿਰੋਧੀ ਧਿਰਾਂ ਭਾਵ ਦੋਵਾਂ ਦੇ ਹੱਕਾਂ ਹਿੱਤਾਂ ਵਿੱਚ ਹੀ ਕੰਮ ਕਰਨ ਦਾ ਹਾਸੋਹੀਣਾ ਸਿਧਾਂਤ ਪੇਸ਼ ਕਰ ਦਿੱਤਾ। ਇਸੇ ਆਧਾਰ ਉਪਰ ‘ਆਪ’ ਨੇ ਲੋਕ ਸਭਾ ਚੋਣਾਂ ਲੜਨ ਵਾਲੇ ਉਮੀਦਵਾਰਾਂ ਤੇ ਵੱਖ ਵੱਖ ਪੱਧਰਾਂ ਉਪਰ ਪਾਰਟੀ ਆਗੂਆਂ ਦੀ ਚੋਣ ਕਰਨ ਵੇਲੇ ਨਵਉਦਾਰਵਾਦੀ ਨੀਤੀਆਂ ਤੇ ਖੁੱਲ੍ਹੀ ਮੰਡੀ ਦੇ ਕੱਟੜ ਹਮਾਇਤੀਆਂ ਨੂੰ ਵੀ ਆਪਣੇ ਖੇਮੇ ਵਿੱਚ ਸਮੇਟ ਲਿਆ ਅਤੇ ਕਾਰਪੋਰੇਟ ਘਰਾਣਿਆਂ ਤੋਂ ਵੱਡੀਆਂ ਰਕਮਾਂ ਚੰਦਿਆਂ ਦੇ ਰੂਪ ਵਿੱਚ ਵੀ ਵਸੂਲੀਆਂ। ‘ਆਪ’ ਆਗੂ ਪੂੰਜੀਪਤੀਆਂ ਦੇ ਇੱਕ ਭਾਗ ਨੂੰ, ਜੋ ਕਾਂਗਰਸ ਜਾਂ ਭਾਜਪਾ ਦੇ ਨੇੜੇ ਸਨ, ਪਾਣੀ ਪੀ ਪੀ ਕੇ ਕੋਸਦੇ ਹਨ ਤੇ ਦੂਜੇ ਪਾਸੇ ‘ਆਪ’ ਦੇ ਹਮਾਇਤੀ ਧਨਵਾਨਾਂ ਤੋਂ ਮੋਟੀਆਂ ਰਕਮਾਂ ਲੈ ਕੇ ਚੁੱਪ ਸਾਧ ਲੈਂਦੇ ਹਨ। ਲੋਕ ਸਭਾ ਚੋਣਾਂ ਵਿੱਚ ਪੰਜਾਬ ਦੀਆਂ ਚਾਰ ਲੋਕ ਸਭਾ ਸੀਟਾਂ ਜਿੱਤਣ ਤੋਂ ਬਿਨਾਂ ‘ਆਪ’ ਨੂੰ ਹੋਰ ਕਿਧਰੇ ਵੀ ਸਫ਼ਲਤਾ ਨਹੀਂ ਮਿਲੀ। ਬਾਅਦ ਵਿੱਚ ਦਿੱਲੀ ਅਸੈਂਬਲੀ ਚੋਣਾਂ ਦੌਰਾਨ ਇੱਕ ਝੁੱਗੀ ਵਿੱਚ ਰਹਿੰਦੇ ਅਤਿ ਦੇ ਗ਼ਰੀਬ ਵਿਅਕਤੀ ਤੋਂ ਲੈ ਕੇ ਅਰਬਾਂਪਤੀ ਲੋਕਾਂ ਨੂੰ ਇੱਕ ਸਮਾਨ ਦਸਦੇ ਹੋਏ ਭ੍ਰਿਸ਼ਟਾਚਾਰ ਰਹਿਤ ਪ੍ਰਸ਼ਾਸਨ, ਬੇਘਰਿਆਂ ਨੂੰ ਮਕਾਨ, ਮੁਫ਼ਤ ਪਾਣੀ ਤੇ ਬਿਜਲੀ, ਕੱਚੇ ਮਜ਼ਦੂਰਾਂ ਨੂੰ ਤੁਰੰਤ ਪੱਕੇ ਕਰਨ ਅਤੇ ਔਰਤਾਂ ਦੀ ਸੁਰੱਖਿਆ ਨੂੰ ਪ੍ਰਮੁੱਖਤਾ ਦੇਣ ਭਾਵ ਹਰ ਤਰ੍ਹਾਂ ਦੇ ਭਰਮਾਊ ਵਾਅਦੇ ਕੀਤੇ, ਜਿਵੇਂ ਕਿ ਹਮੇਸ਼ਾਂ ਦੂਜੀਆਂ ਸਿਆਸੀ ਪਾਰਟੀਆਂ ਕਰਦੀਆਂ ਹਨ। ਘੱਟ ਤੋਂ ਘੱਟ ਤਨਖ਼ਾਹ ਲੈ ਕੇ ਸਾਦਗੀ ਦੀ ਜ਼ਿੰਦਗੀ ਜੀਣ ਤੇ ਲੋਕਾਂ ਦੀ ਸੇਵਾ ਕਰਨ ਦਾ ‘ਆਪ’ ਦਾ ਨਾਅਰਾ ਜਨਤਾ ਦੇ ਇੱਕ ਹਿੱਸੇ ਨੂੰ ਪ੍ਰਭਾਵਿਤ ਕਰਨ ਵਿੱਚ ਕਾਮਯਾਬ ਰਿਹਾ ਕਿਉਂਕਿ ‘ਆਪ’ ਨੇਤਾਵਾਂ ਤੇ ਵਰਕਰਾਂ ਦਾ ਵੱਡਾ ਹਿੱਸਾ ਸਰਗਰਮ ਰਾਜਨੀਤਕ ਖੇਤਰ ਵਿੱਚ ਪਹਿਲੀ ਵਾਰ ਲੋਕਾਂ ਸਾਹਮਣੇ ਆਇਆ ਸੀ। ਚੋਣਾਂ ਜਿੱਤ ਕੇ ਸਰਕਾਰ ਬਣਾਉਣ ਤੋਂ ਬਾਅਦ ਮੁੱਖ ਮੰਤਰੀ ਕੇਜਰੀਵਾਲ ਨੇ ਜਿਸ ਮਾਤਰਾ ਵਿੱਚ ਅਸੈਂਬਲੀ ਮੈਂਬਰਾਂ ਦੀਆਂ ਤਨਖ਼ਾਹਾਂ ਤੇ ਭੱਤਿਆਂ ਵਿੱਚ ਵਾਧਾ ਕੀਤਾ ਹੈ, ਉਸ ਤੋਂ ‘ਆਪ’ ਦੇ ਸਾਦਗੀ ਪ੍ਰਤੀ ਕਹਿਣੀ ਤੇ ਕਰਨੀ ਦੇ ਪਾੜੇ ਦਾ ਪਤਾ ਲੱਗ ਜਾਂਦਾ ਹੈ।

ਅਰਵਿੰਦ ਕੇਜਰੀਵਾਲ ਤੇ ਦੂਜੇ ‘ਆਪ’ ਆਗੂਆਂ ਨੇ ਚੋਣਾਂ ਤੋਂ ਪਹਿਲਾਂ ਭਾਰਤੀ ਸਨਅਤਕਾਰਾਂ ਦੀਆਂ ਪ੍ਰਮੁੱਖ ਜਥੇਬੰਦੀਆਂ ਸਾਹਮਣੇ ਭਾਸ਼ਣ ਦਿੰਦੇ ਸਪਸ਼ਟ ਭਰੋਸਾ ਦਿੱਤਾ ਸੀ ਕਿ ਉਸ ਦੇ ‘ਖੱਬੇ ਪੱਖੀ’ ਨਾਅਰਿਆਂ ਜਾਂ ਵਾਅਦਿਆਂ ਤੋਂ ਉਨ੍ਹਾਂ ਨੂੰ ਘਬਰਾਉਣ ਦੀ ਲੋੜ ਬਿਲਕੁਲ ਨਹੀਂ ਕਿਉਂਕਿ ਉਹ ਪੂੰਜੀਵਾਦੀ ਪ੍ਰਬੰਧ ਦੇ ਅਲੰਬਰਦਾਰ ਹਨ, ਜਿੱਥੇ






**SARO KARAN DI AWAZ**

**Publisher**
Pro-People Arts Project Media Group 29 Mapleview Ave, Brampton
Ontario, CA, L6R 1M2

**Chief Editor**
Harbans Singh
416-817-7142
ppapmg@gmail.com

**Managing Director**
Devinder Toor, Toronto
416-902-9372
ppapmg@gmail.com

**Sub Editor**
Master Bhajan Singh
Calgary (Alberta)
403-455-4220
btarksheel@gmail.com

**Sub Editor**
Dr. Hardeep Singh, Guelph, (Ontario)
226-979-5688
deephsingh@gmail.com

**Literary Advisor**
Gurbachan Singh Brar
Calgary (NE) Alberta
403-470-2628
brargurbachan@yahoo.ca

**Advisory Board**

**Narbhinder Singh (India)**
935-443-0211

**Buta Singh Nawan Shahr (India)**
946-347-4342
atoozed@gmail.com

**Jaswant Zirakh (India)**
98151-69825
jaswantzirakh@gmail.com

**Harnek Dhaliwal, Winnipeg**
(Manitoba)
204-488-6960

**Parshotam Dosanjh, Surrey (BC)**
1-604-512-8371

**Sukhdev Singh Sandhu (Toronto)**

**Master Balbir Singh Gill (Toronto)**

**Jaspreet Dhaliwal (Toronto)**

**Harjit Bedi (Brampton, Ontario)**
647-924-9087

**Baljinder Singh**
Graphic Desinger
+91-98782-29598
+91-92167-29598
akashdeep.1064@gmail.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।

ਸੰਸਾਰੀਕਰਨ, ਉਦਾਰੀਕਰਨ ਤੇ ਨਿੱਜੀਕਰਨ ਦੀਆਂ ਆਰਥਿਕ ਨੀਤੀਆਂ ਤਹਿਤ ਬੀਮਾ, ਬੈਂਕਾਂ, ਰੇਲਵੇ ਤੇ ਆਵਾਜਾਈ ਆਦਿ ਦੇ ਨਾਲ ਨਾਲ ਲੋਕਾਂ ਨੂੰ ਵਿੱਦਿਆ, ਸਿਹਤ, ਬਿਜਲੀ ਤੇ ਪਾਣੀ ਆਦਿ ਵਰਗੀਆਂ ਸਹੂਲਤਾਂ ਦਾ ਕੰਮ ਨਿੱਜੀ ਧਨਵਾਨਾਂ ਤੇ ਕੰਪਨੀਆਂ ਦੇ ਹੱਥਾਂ ਵਿੱਚ ਹੀ ਦਿੱਤਾ ਜਾਣਾ ਚਾਹੀਦਾ ਹੈ। ਪੜ੍ਹੇ ਲਿਖੇ ਨੌਜਵਾਨ ਲੜਕੇ, ਲੜਕੀਆਂ ਤੇ ਹੋਰ ਮੱਧਵਰਗੀ ਲੋਕਾਂ ਨੇ ਦਿੱਲੀ ਅਸੈਂਬਲੀ ਚੋਣਾਂ ਵਿੱਚ 'ਆਪ' ਦਾ ਸਾਥ ਦਿੱਤਾ। ਕਾਂਗਰਸ ਪਾਰਟੀ ਦਾ ਜਨ ਆਧਾਰ ਵੀ ਭਾਜਪਾ ਨੂੰ ਹਰਾਉਣ ਤੇ 'ਆਪ' ਵਿੱਚ ਉਜਲ ਭਵਿੱਖ ਦੇ ਸੁਫ਼ਨੇ ਨਾਲ ਕੇਜਰੀਵਾਲ ਦੀ ਗੱਡੀ ਚੜ੍ਹ ਗਿਆ। ਚੋਣਾਂ ਵਿੱਚ ਪ੍ਰਚਾਰ ਦੇ ਪੱਖ ਤੋਂ ਭਾਜਪਾ, ਕਾਂਗਰਸ ਤੇ 'ਆਪ' ਵਿਚਕਾਰ ਚੋਣ ਖ਼ਰਚੇ ਦੇ ਪੱਖ ਤੋਂ ਰੱਤੀ ਭਰ ਵੀ ਫ਼ਰਕ ਨਹੀਂ ਸੀ। ਇਸ ਸਭ ਕੁਝ ਦਾ ਸਿੱਟਾ 'ਆਪ' ਦੀ ਦਿੱਲੀ ਅਸੈਂਬਲੀ ਚੋਣਾਂ ਵਿੱਚ ਵੱਡੀ ਜਿੱਤ ਵਿੱਚ ਨਿਕਲਿਆ।

ਦੇਖਣ ਦੀ ਗੱਲ ਇਹ ਹੈ ਕਿ ਇੱਕ ਸਾਲ ਤੋਂ ਜ਼ਿਆਦਾ ਸਮਾਂ ਬੀਤਣ ਦੇ ਬਾਵਜੂਦ ਲੋਕਾਂ ਨਾਲ ਕੀਤੇ ਮੁਫ਼ਤ ਬਿਜਲੀ ਤੇ ਪਾਣੀ ਦੇਣ, ਗ਼ੈਰ-ਕਾਨੂੰਨੀ ਕਲੋਨੀਆਂ ਨੂੰ ਰੈਗੂਲਰ ਕਰਨ ਤੇ ਕੱਚੇ ਵਰਕਰ ਪੱਕੇ ਕਰਨ ਦੇ ਵਾਅਦੇ ਜੋ ਗ਼ਰੀਬ ਲੋਕਾਂ ਦੇ ਵੱਡੇ ਹਿੱਸੇ ਨੂੰ ਪ੍ਰਭਾਵਿਤ ਕਰਦੇ ਹਨ, ਪੂਰੇ ਕਰਨ ਵੱਲ ਅਜੇ ਦਿੱਲੀ ਸਰਕਾਰ ਨੇ ਗੋਹੜੇ ਵਿੱਚੋਂ ਪੂਣੀ ਵੀ ਨਹੀਂ ਕੱਤੀ। ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਕੇਂਦਰ ਦੀ ਭਾਜਪਾ ਸਰਕਾਰ ਦਿੱਲੀ ਸਰਕਾਰ ਦੇ ਕੰਮਾਂ ਵਿੱਚ ਅੜਿੱਕੇ ਪਾਉਂਦੀ ਹੈ ਪਰ ਜਿਹੜੇ ਕਦਮ ਚੁੱਕਣ ਲਈ ਕੇਂਦਰ ਸਰਕਾਰ ਨਾਲ ਕੋਈ ਟਕਰਾਅ ਨਹੀਂ ਬਣਦਾ, ਉਸ ਬਾਰੇ ਵੀ 'ਆਪ' ਆਗੂ ਬੇਲੋੜਾ ਟਕਰਾਅ ਤੇ ਪ੍ਰਸ਼ਾਸ਼ਕੀ ਬਹਾਨੇਬਾਜ਼ੀ ਕਰਕੇ ਸਮਾਂ ਬਰਬਾਦ ਕਰ ਰਹੇ ਹਨ। ਅਜਿਹਾ ਕਰਨ ਪਿੱਛੇ 'ਆਪ' ਵੱਲੋਂ ਕੀਤੇ ਵਾਅਦੇ ਪੂਰਾ ਨਾ ਕਰ ਦੀ ਅਯੋਗਤਾ ਅਤੇ ਭਾਜਪਾ ਸਰਕਾਰ ਦੇ ਵਿਰੋਧ ਵਿੱਚ ਦਿਖ ਕੇ ਮੁਫ਼ਤ ਦੇ ਸ਼ਹੀਦ ਬਣਨ ਦੀ ਚੇਸ਼ਟਾ ਵੀ ਦਿਖਾਈ ਦਿੰਦੀ ਹੈ। ਦੂਜੀਆਂ ਸਾਰੀਆਂ ਪਾਰਟੀਆਂ ਨੂੰ ਗ਼ੈਰ-ਲੋਕ ਰਾਜੀ ਤੇ ਭ੍ਰਿਸ਼ਟ ਆਖਣ ਵਾਲਾ ਅਰਵਿੰਦ ਕੇਜਰੀਵਾਲ ਪਾਰਟੀ ਦੀ ਸਰਵਉੱਚ ਕਮੇਟੀ ਦੀ ਮੀਟਿੰਗ ਵੀ ਲੱਠ ਮਾਰਾਂ ਦੀ ਸਹਾਇਤਾ ਨਾਲ ਸਿਰਫ਼ ਆਪਣਾ ਭਾਸ਼ਣ ਸੁਣਾ ਕੇ ਗੱਲ ਮੁਕਾ ਦਿੰਦਾ ਹੈ ਤੇ ਕਿਸੇ ਕਿਸਮ ਦਾ ਮਾਮੂਲੀ ਵਿਰੋਧ ਕਰਨ ਵਾਲੇ ਨੂੰ ਵੀ ਪਾਰਟੀ ਤੋਂ ਬਾਹਰ ਦਾ ਰਸਤਾ ਦਿਖਾ ਦਿੰਦਾ ਹੈ। ਅਸਲ ਸਵਾਲ ਇਹ ਹੈ ਕਿ ਭਾਰਤੀ ਸਿਆਸਤ ਤੇ ਰਾਜ ਪ੍ਰਬੰਧ ਆਪਣੇ ਆਪ ਵਿੱਚ ਭ੍ਰਿਸ਼ਟਾਚਾਰ ਤੇ ਲੁੱਟ ਉੱਪਰ ਆਧਾਰਿਤ ਹੈ। ਇਸ ਪ੍ਰਬੰਧ ਦੀ ਹਮਾਇਤੀ ਪਾਰਟੀ ਆਮ ਲੋਕਾਂ ਦੇ ਬੁਨਿਆਦੀ ਮਸਲੇ ਤੇ ਭ੍ਰਿਸ਼ਟਾਚਾਰ ਵਰਗੀਆਂ ਬਿਮਾਰੀਆਂ ਕਿਵੇਂ ਦੂਰ ਕਰ ਸਕਦੀ ਹੈ?

ਲਗਪਗ ਇੱਕ ਸਾਲ ਬਾਅਦ ਪੰਜਾਬ 'ਚ ਹੋਣ ਵਾਲੀਆਂ ਅਸੈਂਬਲੀ ਚੋਣਾਂ ਅੰਦਰ ਅਕਾਲੀ ਦਲ-ਭਾਜਪਾ ਗਠਜੋੜ ਤੇ ਕਾਂਗਰਸ ਵਾਂਗ ਹੀ 'ਆਪ' ਨੇਤਾ ਚੋਣ ਘੋਲ ਵਿੱਚ ਕੁੱਦੇ ਹੋਏ ਹਨ ਤੇ ਪੰਜਾਬ ਦੀ ਸੱਤਾ ਦੇ ਦਾਅਵੇਦਾਰ ਬਣੇ ਬੈਠੇ ਹਨ। ਇਸ ਮੰਤਵ ਲਈ ਹਰ ਕਿਸਮ ਦੇ ਭ੍ਰਿਸ਼ਟ, ਦੂਜੀਆਂ ਪਾਰਟੀਆਂ ਵਿੱਚ ਅਸੈਂਬਲੀ ਟਿਕਟ ਨਾ ਮਿਲਣ ਦੀ ਸੰਭਾਵਨਾ ਕਾਰਨ ਨਿਰਾਸ਼ ਅਤੇ ਆਮ ਆਦਮੀ ਦੀ ਸੇਵਾ ਦੇ ਨਾਂ ਹੇਠਾਂ ਰਾਜਨੀਤੀ ਨੂੰ ਲੁੱਟ-ਖਸੁੱਟ ਰਾਹੀਂ ਅਮੀਰ ਬਣਨ ਦਾ ਸਾਧਨ ਸਮਝਣ ਵਾਲੇ ਵਿਅਕਤੀਆਂ ਦੀਆਂ 'ਆਪ' ਵਿੱਚ ਸ਼ਾਮਲ ਹੋਣ ਲਈ ਲੰਬੀਆਂ ਕਤਾਰਾਂ ਲੱਗੀਆਂ ਹੋਈਆਂ ਹਨ। ਜੋ ਲੋਕ 'ਆਪ' ਵਿੱਚ ਸਰਗਰਮ ਰਹਿੰਦੇ ਹੋਏ ਇਸ ਦੇ ਆਗੂਆਂ ਦਾ ਦੋਗਲਾਪਨ, ਗ਼ੈਰ-ਜਮਹੂਰੀ ਅਮਲ ਅਤੇ ਕਹਿਣੀ ਤੇ ਕਰਨੀ ਦੇ ਵੱਡੇ ਅੰਤਰ ਵਾਲਾ ਕਿਰਦਾਰ ਦੇਖ ਕੇ ਇਸ ਪਾਰਟੀ ਤੋਂ ਬਾਹਰ ਆ ਗਏ ਹਨ ਜਾਂ ਉਨ੍ਹਾਂ ਨੂੰ ਬਾਹਰ ਕਰ ਦਿੱਤਾ ਗਿਆ ਹੈ। ਉਹ 'ਆਪ' ਦੀਆਂ ਅੰਦਰੂਨੀ ਅਵਸਥਾਵਾਂ ਨੂੰ ਦੂਜੀਆਂ ਸਰਮਾਏਦਾਰ ਜਗੀਰਦਾਰ ਪਾਰਟੀਆਂ ਤੋਂ ਵੀ ਬਦਤਰ ਦਸਦੇ ਹਨ। ਜਿਨ੍ਹਾਂ ਲੋਕਾਂ ਨੇ ਸਾਰੀ ਉਮਰ ਉੱਚ ਸਰਕਾਰੀ ਅਹੁਦਿਆਂ, ਪੈਸਾ ਕਮਾਊ ਧੰਦਿਆਂ ਜਾਂ ਭ੍ਰਿਸ਼ਟਾਚਾਰ ਰਾਹੀਂ ਇਕੱਠੀ ਕੀਤੀ ਮਾਇਆ ਦਾ ਮਜ਼ਾ ਚੱਖਿਆ ਹੈ, ਉਹ ਕਾਂਗਰਸ, ਅਕਾਲੀ ਦਲ, ਭਾਜਪਾ ਜਾਂ 'ਆਪ' ਵਿੱਚ ਸ਼ਾਮਲ ਹੋ ਕੇ ਆਪਣੇ ਹਿਤਾਂ ਤੋਂ ਸਿਵਾਏ ਮਿਹਨਤਕਸ਼ਾਂ ਤੇ ਦਰਮਿਆਨੇ ਵਰਗ ਦੇ ਹੋਰਨਾਂ ਲੋਕਾਂ ਦੇ ਹਿਤਾਂ ਬਾਰੇ ਕਿਵੇਂ ਸੋਚ ਸਕਦੇ ਹਨ?

ਦੇਸ਼ ਦਾ ਪੂੰਜੀਪਤੀ ਵਰਗ ਇਹੀ ਚਾਹੁੰਦਾ ਹੈ ਕਿ ਭਾਜਪਾ, ਕਾਂਗਰਸ ਜਾਂ ਅਕਾਲੀ ਦਲ ਵਰਗੇ ਦਲਾਂ ਦੀ ਕਾਰਗੁਜ਼ਾਰੀ ਤੋਂ ਦੁਖੀ ਹੋ ਕੇ ਲੋਕ ਕਿਸੇ ਅਗਾਂਹਵਧੂ ਧਿਰ ਨਾਲ ਜੁੜਨ ਦੀ ਥਾਂ 'ਆਪ' ਵਰਗੀ ਸਿਆਸਤ ਸੰਗ ਜੁੜਨ, ਜੋ ਉਸ ਦੇ ਜਮਾਤੀ ਹਿਤਾਂ ਦੀ ਰਾਖੀ ਦੀ ਪੂਰਨ ਗਾਰੰਟੀ ਕਰਦੇ ਹਨ। ਦਿੱਲੀ ਸੂਬੇ ਦੀ ਸਰਕਾਰ ਤੇ ਕਾਬਜ਼ ਕੇਜਰੀਵਾਲ ਸਰਕਾਰ ਤੇ 'ਆਪ' ਦੇ ਆਗੂਆਂ ਨੂੰ ਕੁਲ ਹਿੰਦ ਟੀ.ਵੀ. ਚੈਨਲਾਂ ਉੱਪਰ ਬਹਿਸਾਂ ਦੌਰਾਨ ਭਾਜਪਾ ਤੇ ਕਾਂਗਰਸ ਦੇ ਬਰਾਬਰ ਹੀ ਦਿਖਾਇਆ ਜਾਂਦਾ ਹੈ ਜਦੋਂਕਿ ਦੇਸ਼ ਵਿਚਲੀਆਂ ਇਸ ਤੋਂ ਵੱਡੀਆਂ ਤੇ ਲੋਕ ਪੱਖੀ ਧਿਰਾਂ ਨੂੰ ਲਗਾਤਾਰ ਨਜ਼ਰਅੰਦਾਜ਼ ਕੀਤਾ ਜਾਂਦਾ ਹੈ।

ਪੰਜਾਬ ਦੇ ਸਮੂਹ ਲੋਕਾਂ, ਖ਼ਾਸਕਰ ਪੜ੍ਹੇ-ਲਿਖੇ ਨੌਜਵਾਨਾਂ, ਦਰਮਿਆਨੀ ਜਮਾਤ ਦੇ ਮਿੱਤਰਾਂ ਤੇ ਹੋਰ ਰਾਜਨੀਤਕ ਪੱਖ ਤੋਂ ਸੁਚੇਤ ਜਨ ਸਮੂਹਾਂ ਨੂੰ ਇਹ ਸੋਚਣਾ ਚਾਹੀਦਾ ਹੈ ਕਿ ਬਹਿਸ ਇਹ ਨਹੀਂ ਹੋਣੀ ਚਾਹੀਦੀ ਕਿ ਪੰਜਾਬ ਦਾ ਮੁਖੀ ਕੌਣ ਬਣੇ? ਸਗੋਂ ਚਰਚਾ ਮੌਜੂਦਾ ਸਿਆਸੀ ਤੇ ਪ੍ਰਬੰਧਕੀ ਢਾਂਚੇ ਦੇ ਗੁਣ ਦੋਸ਼ਾਂ ਬਾਰੇ ਹੋਣੀ ਚਾਹੀਦੀ ਹੈ, ਜਿਸ ਨੇ ਸਮੁੱਚੇ ਦੇਸ਼ ਨੂੰ ਭੁੱਖਮਰੀ, ਕੰਗਾਲੀ ਤੇ ਗ਼ਰੀਬੀ ਦੇ ਦੌਰ ਵਿੱਚ ਧੱਕ ਦਿੱਤਾ ਹੈ। ਇਸ ਨਾਲ ਇਹ ਬਹਿਸ ਵੀ ਲੋਕਾਂ ਸਾਹਮਣੇ ਕੀਤੀ ਜਾਣੀ ਚਾਹੀਦੀ ਹੈ ਕਿ ਸਮਾਜ ਵਿੱਚ ਪਸਰੀ ਬੇਕਾਰੀ, ਵਧ ਰਹੀ ਮਹਿੰਗਾਈ, ਭ੍ਰਿਸ਼ਟਾਚਾਰ, ਲੁੱਟਮਾਰ, ਅਸੁਰੱਖਿਆ, ਮਜ਼ਦੂਰਾਂ, ਖੇਤ ਮਜ਼ਦੂਰਾਂ ਤੇ ਕਿਸਾਨਾਂ ਦੀ ਦੁਰਦਸ਼ਾ, ਸਮਾਜਿਕ ਜਬਰ, ਨਸ਼ਿਆਂ ਦੀ ਭਰਮਾਰ ਆਦਿ ਕੁਕਰਮਾਂ ਲਈ ਜੇ ਮੌਜੂਦਾ ਢਾਂਚਾ ਜ਼ਿੰਮੇਵਾਰ ਹੈ, ਤਦ ਇਨ੍ਹਾਂ ਬਿਮਾਰੀਆਂ ਦਾ ਹੱਲ ਇੱਕ ਅਜਿਹੇ ਪ੍ਰਬੰਧ 'ਸਮਾਜਵਾਦ' ਦੀ ਕਾਇਮੀ ਕਰਨਾ ਹੀ ਹੈ, ਜਿੱਥੇ ਸਾਰਾ ਸਮਾਜ ਦੇਸ਼ ਦੀ ਕੁਲ ਪੈਦਾਵਾਰ ਸਿਰਜਦਾ ਹੈ, ਉਹ ਆਪ ਇਸ ਪੈਦਾਵਾਰ ਦਾ ਮਾਲਕ ਵੀ ਹੈ। ਦੇਸ਼ ਦੇ ਕੁਲ ਧਨ ਦੀ ਨਿਆਈਂ ਵੰਡ ਵੀ ਇਸੇ ਢਾਂਚੇ ਵਿੱਚ ਹੀ ਸੰਭਵ ਹੈ। ਬੰਦਿਆਂ ਦੀ ਨਹੀਂ, ਸਗੋਂ ਪ੍ਰਬੰਧ ਦੀ ਤਬਦੀਲੀ ਜ਼ਰੂਰੀ ਹੈ, ਜੋ ਕਾਂਗਰਸ, ਭਾਜਪਾ, ਅਕਾਲੀ ਦਲ ਤੇ 'ਆਪ' ਵਰਗੀਆਂ ਰਾਜਨੀਤਕ ਪਾਰਟੀਆਂ ਕਦਾਚਿਤ ਨਹੀਂ ਕਰ ਸਕਦੀਆਂ। ਇਹ ਨਿਸ਼ਾਨਾ ਹਾਸਲ ਕਰ ਲਈ ਤਿੱਖੀ ਜਮਾਤੀ ਚੇਤਨਾ, ਨਿਸ਼ਠਾ, ਸਬਰ, ਕੁਰਬਾਨੀ ਤੇ ਤਿਆਗ ਦੀ ਵੱਡੀ ਲੋੜ ਹੈ।

# ਆਟੋ ਇੰਸੋਰੈਂਸ ਕੰਪਨੀਆਂ ਲਈ ਲੁੱਟ ਦਾ ਧੰਦਾ ਪਰ ਆਮ ਲੋਕਾਂ ਦਾ ਹਾਲ ਮੰਦਾ

ਉਨਟਾਰੀਓ 'ਚ ਆਟੋ ਇੰਸੋਰੈਂਸ ਦੇ ਮਸਲੇ ਨੂੰ ਲੈ ਕੇ ਲੋਕਾਂ ਨੇ ਬੜੀ ਵਾਰ ਹਾਲ ਦੁਹਾਈ ਪਾਈ ਹੈ ਪਰ ਸੂਬੇ ਦੀ ਲਿਬਰਲ ਸਰਕਾਰ ਦੇ ਕੰਨਾਂ 'ਤੇ ਜੂੰ ਤੱਕ ਨਹੀਂ ਸਰਕੀ। ਨਵੇਂ ਨਵੇਂ ਆਏ ਬੰਦੇ ਨੇ ਮਸਾਂ ਹੀ ਦੋ ਹਜ਼ਾਰ ਦੀ ਕਾਰ ਖਰੀਦੀ ਹੂੰਦੀ ਹੈ ਪਰ ਉਸ ਨੂੰ ਘੱਟੋ ਘੱਟ ਪੰਜ ਛੇ ਹਜ਼ਾਰ ਸਲਾਨਾ ਦੀ ਇੰਸੋਰੈਂਸ ਦੇਣੀ ਪੈ ਜਾਂਦੀ ਹੈ। ਲਿਬਰਲ ਸਰਕਾਰ ਦੇ ਖ਼ਜਾਨਾ ਮੰਤਰੀ ਨੇ 2010 'ਚ ਕਿਹਾ ਸੀ ਉਹ ਇਸ ਮਸਲੇ ਨਾਲ ਸਬੰਧਤ ਕੁੱਝ ਇਹੋ ਜਿਹੀਆਂ ਤਬਦੀਲੀਆਂ ਕਰਨ ਜਾ ਰਹੇ ਹਨ ਜਿਸ ਨਾਲ ਇਸ ਖੇਤਰ 'ਚ ਹੁੰਦੇ ਘਪਲਿਆਂ ਤੇ ਰੋਕ ਵੀ ਲੱਗੇਗੀ ਤੇ ਇਸ ਨਾਲ ਇੰਸੋਰੈਂਸ ਕੰਪਨੀਆਂ ਦੇ ਖਰਚਿਆਂ ਵਿਚ ਵੀ ਕਟੌਤੀ ਹੋਵੇਗੀ। ਇਸ ਨਾਲ ਸੱਚ ਮੁੱਚ ਹੀ ਕੰਪਨੀਆਂ ਦੇ ਖਰਚਿਆਂ 'ਚ ਤਾਂ ਇਕ ਸਾਲ ਵਿੱਚ ਹੀ ਇਕ ਬਿਲੀਅਨ ਡਾਲਰਾਂ ਦੀ ਬੱਚਤ ਹੋਈ। ਵਹੀਕਲ 'ਚ ਐਕਸੀਡੈਂਟ ਸਮੇਂ ਜਖ਼ਮੀ ਹੋਏ ਲੋਕਾਂ ਨੂੰ ਦਿੱਤਾ ਜਾਣ ਵਾਲਾ ਮੁਆਵਜ਼ਾ ਘਟਾ ਕੇ ਅੱਧਾ ਕਰ ਦਿੱਤਾ ਗਿਆ। ਇਹੋ ਜਿਹੇ ਕੇਸਾਂ ਨੂੰ ਤਿੰਨ ਵਰਗਾਂ 'ਚ ਵੰਡ ਦਿੱਤਾ। ਜੋ ਲੋਕ ਗੰਭੀਰ ਜਖ਼ਮੀ ਹੋ ਜਾਂਦੇ ਹਨ (ਪੈਰਾਲਾਈਜ) ਉਹ ਪਹਿਲੀ ਕੈਟਾਗਿਰੀ 'ਚ ਹਨ ਜਿਨ੍ਹਾਂ ਨੂੰ ਇਕ ਮਿਲੀਅਨ ਤੱਕ ਦਾ ਮੁਆਵਜ਼ਾ ਮਿਲਦਾ ਹੈ। ਦੂਜੀ ਕੈਟਾਗਿਰੀ ਵਾਲੇ ਲੋਕਾਂ ਨੂੰ ਪਹਿਲਾਂ ਇਕ ਲੱਖ ਡਾਲਰ ਤੱਕ ਦਾ ਮੁਆਵਜ਼ਾ ਮਿਲਦਾ ਸੀ ਹੁਣ ਘਟਾ ਕੇ ਅੱਧਾ ਕਰ ਦਿੱਤਾ ਹੈ। ਤੀਜੀ ਕੈਟਾਗਿਰੀ ਵਾਲੇ ਲੋਕਾਂ ਨੂੰ ਸਿਰਫ਼ 3500 ਡਾਲਰ ਮਿਲਦੇ ਹਨ। ਹੈਰਾਨੀਜਨਕ ਤੱਥ ਇਹ ਸਾਹਮਣੇ ਆਏ ਹਨ ਕਿ ਜਿੰਨੇ ਵੀ ਲੋਕ ਐਕਸੀਡੈਂਟ 'ਚ ਫੱਟੜ ਹੋਏ ਉਹਨਾਂ ਵਿਚੋਂ 80% ਲੋਕਾਂ ਨੂੰ ਤੀਜੇ ਦਰਜੇ ਵਾਲਾ ਕਲੈਮ ਭਾਵ 35 ਸੋ ਡਾਲਰ ਹੀ ਮਿਲੇ ਹਨ। ਬਿਲੀਅਨ ਡਾਲਰਾਂ ਦੀ ਬੱਚਤ ਕਰਨ ਵਾਲੀਆਂ ਕੰਪਨੀਆਂ ਨੇ 2012 ਤੱਕ ਲੋਕਾਂ ਦੀ ਇੰਸੋਰੈਂਸ 'ਚ ਉਲਟਾ ਹੀ 4% ਦਾ ਵਾਧਾ




ਕਰ ਦਿੱਤਾ। ਲੋਕਾਂ ਵਲੋਂ ਚੁਣੇ ਹੋਏ ਲੀਡਰਾਂ ਕੋਲ ਕੀਤੇ ਰੋਸ ਦਾ ਪ੍ਰਗਟਾਵਾ ਉਲਟਾ ਹੋਰ ਵੱਡੀ ਮੁਸੀਬਤ ਬਣ ਗਿਆ।

ਐਨ ਡੀ ਪੀ ਪਾਰਟੀ ਦੇ ਐਮ ਪੀ ਜਗਮੀਤ ਸਿੰਘ ਨੇ ਇਸ ਮਸਲੇ ਨੂੰ ਬੜੀ ਗੰਭੀਰਤਾ ਨਾਲ ਉਠਾਇਆ ਤੇ ਉਸ ਵਲੋਂ ਲਿਆਂਦੇ ਗਏ ਪ੍ਰਾਈਵੇਟ ਬਿੱਲ ਨੂੰ ਲਿਬਰਲ ਤੇ ਕੰਨਸਰਵੇਟਿਵ ਮੈਂਬਰਾਂ ਵਲੋਂ ਉਸ ਦੇ ਵਿਰੋਧ 'ਚ ਵੋਟ ਪਾ ਕੇ ਉਸ ਨੂੰ ਉੱਥੇ ਹੀ ਬੰਦ ਕਰ ਦਿੱਤਾ ਗਿਆ। ਇਹ ਮਸਲਾ ਏਨਾਂ ਵੀ ਸਿੱਧਾ ਸਾਧਾ ਨਹੀਂ ਕਿ ਸਾਰੇ ਡਰਾਈਵਰਾਂ ਦੀ ਇੰਸੋਰੈਂਸ ਉਹਨਾਂ ਦੇ ਡੀਮੈਰਿਟਸ ਪੁਆਇੰਟ ਕਰ ਕੇ, ਉਮਰ ਕਰ ਕੇ ਜਾਂ ਕਾਰ ਦੀ ਕੰਡੀਸ਼ਨ ਕਰ ਕੇ ਮਹਿੰਗੀ ਸਸਤੀ ਹੋ ਜਾਂਦੀ ਹੈ ਸਗੋਂ ਗੰਭੀਰਤਾ ਨਾਲ ਵਿਚਾਰਨ ਵਾਲੀ ਗੱਲ ਤਾਂ ਇਹ ਹੈ ਕਿ ਇੰਸੋਰੈਂਸ ਦੇਣ ਸਮੇਂ ਪੋਸਟਲ ਕੋਡ ਦੀ ਵਰਤੋਂ ਕੀਤੀ ਜਾਂਦੀ ਹੈ। ਜਿੱਥੇ ਬਹੁਤੇ ਇਮੀਗਰਾਂਟ ਲੋਕ ਰਹਿੰਦੇ ਹਨ ਜਾਂ ਘੱਟ ਇਨਕਮ ਵਾਲੇ ਉੱਥੇ ਰੇਟ ਕਾਫੀ ਹਾਈ ਹਨ। ਉਦਾਹਰਣ ਦੇ ਤੌਰ 'ਤੇ ਬਰੈਂਪਟਨ ਦੇ ਬਰੈਮਲੀ ਏਰੀਏ ਦੀ ਇੰਨਸੋਰੈਂਸ ਕਈ ਹੋਰਨਾਂ ਏਰੀਆਂ ਤੋਂ ਕਾਫੀ ਘੱਟ ਹੈ। ਇਹ ਢੰਗ ਅਮਰੀਕਾ 'ਚ ਵੀ ਵਰਤਿਆ ਜਾਂਦਾ ਰਿਹਾ ਹੈ ਜਿਸਦਾ ਵਿਰੋਧ ਹੋਣ ਤੇ ਫਿਰ ਕਈ ਥਾਵਾਂ ਤੇ ਇਹ ਸਿਸਟਮ ਬੰਦ ਵੀ ਕਰਨਾ ਪਿਆ। ਵਿਰੋਧੀ ਪਾਰਟੀ ਐਨ ਡੀ ਪੀ ਨੇ ਪਿਛਲੀਆਂ ਸੂਬਾਈ ਚੋਣਾਂ ਸਮੇਂ ਇਸ ਮੁੱਦੇ ਨੂੰ ਇਹ ਕਹਿ ਕੇ ਉਭਾਰਿਆ ਕਿ ਉਹਨਾਂ ਦੀ ਸਰਕਾਰ ਬਣਨ 'ਤੇ ਇੰਸੋਰੈਂਸ ਦੇ ਰੇਟਾਂ 'ਚ 15% ਦੀ ਕਟੌਤੀ ਕੀਤੀ ਜਾਵੇਗੀ। ਇਹ ਗੱਲ ਲਿਬਰਲ ਪਾਰਟੀ ਨੂੰ ਵੀ ਭਾਅ ਗਈ ਤੇ ਉਹਨਾਂ ਨੇ ਵੀ ਵੋਟਰਾਂ ਦੀ ਨਬਜ਼ ਨੂੰ ਪਛਾਣਦਿਆਂ ਉਹੀ ਮੁੱਦਾ ਉਭਾਰ ਦਿੱਤਾ ਜਿਸ ਦਾ ਉਹਨਾਂ ਨੇ ਪਹਿਲਾਂ ਵੀ ਵਾਅਦਾ ਕਰ ਰੱਖਿਆ ਸੀ ਕਿ ਆਉਣ ਵਾਲੇ ਦੋ ਸਾਲਾਂ 'ਚ 15% ਇੰਸੋਰੈਂਸ ਘਟਾ ਦਿੱਤੀ ਜਾਵੇਗੀ। ਲੋਕਾਂ ਨੇ ਲਿਬਰਲ ਪਾਰਟੀ ਨੂੰ ਪੂਰੇ ਬਹੁਮਤ ਨਾਲ ਜਿਤਾ ਦਿੱਤਾ। ਹੁਣ 2016 'ਚ ਆ ਕੇ ਲਿਬਰਲ ਪਾਰਟੀ ਨੇ ਆਪਣੇ ਹੱਥ ਝਾੜ ਦਿੱਤੇ ਹਨ।

ਕਹਿੰਦੇ ਅਸੀਂ ਇਸ ਵਾਅਦੇ ਨੂੰ ਪੂਰਾ ਕਰਨ 'ਚ ਕਾਮਯਾਬ ਨਹੀਂ ਹੋ ਸਕੇ। ਕਨੇਡਾ ਵਰਗੇ ਮੁਲਕ 'ਚ ਵੀ ਸਰਕਾਰਾਂ ਲੋਕਾਂ ਨਾਲ ਵਾਅਦੇ ਕਰ ਕੇ ਕਾਰਪੋਰੇਸ਼ਨਾਂ ਦੇ ਪੱਖ ਹੀ ਪੂਰਦੀਆਂ ਹਨ। ਤਦੇ ਤਾਂ ਕੁਝ ਗਿਣਤੀ ਦੇ ਘਰਾਣੇ ਦਿਨੋ ਦਿਨ ਅਰਬਾਂ ਡਾਲਰਾਂ ਦੀ ਪ੍ਰਾਪਰਟੀ ਦੇ ਮਾਲਕ ਬਣ ਰਹੇ ਹਨ ਤੇ ਆਰਥਿਕ ਪਾੜਾ ਛੜੱਪੇ ਮਾਰ ਕੇ ਵੱਧ ਰਿਹਾ ਹੈ। ਇਹ ਸਭ ਦੇਖ ਕੇ ਮਨ ਨੂੰ ਸੋਚਣ ਲਈ ਮਜ਼ਬੂਰ ਹੋਣਾ ਪੈਂਦਾ ਹੈ ਕਿ ਲੋਕਾਂ ਨੂੰ ਤਾਂ ਆਪਣੇ ਹੱਕ ਲੈਣ ਲਈ ਸੜਕਾਂ ਤੇ ਹੀ ਉਤਰਨਾਂ ਪੈਂਦਾ। ਆਹ ਜਿਹੜੇ ਹੱਕ ਅੱਜ ਅਸੀਂ ਮਾਣ ਰਹੇ ਹਾਂ ਇੰਨਾਂ ਨੂੰ ਲੈਣ ਲਈ ਵੀ ਪਤਾ ਨੀ ਕਿੰਨੇ ਹੀ ਦੇਸ਼ ਭਗਤਾਂ ਨੇ ਜੇਲ੍ਹਾਂ ਕੱਟੀਆਂ ਹੋਣਗੀਆਂ ਤੇ ਹੋਰ ਅਣਮਨੁੱਖੀ ਜ਼ਬਰ ਝੱਲੇ ਹੋਣਗੇ। ਬੀ ਸੀ ਦੇ ਲੋਕ ਸੁਚੇਤ ਹੋਏ ਤੇ ਉਹਨਾਂ ਨੇ ਐਚ ਐਸ ਟੀ ਵਰਗਾ ਟੈਕਸ ਵੀ ਬੰਦ ਕਰਵਾ ਦਿੱਤਾ ਸੀ ਤੇ ਉੱਥੇ ਕਾਰਾਂ ਦੀ ਇੰਸੋਰੈਂਸ ਵੀ ਉਨਟਾਰੀਓ ਨਾਲੋਂ ਬਹੁਤ ਘੱਟ ਹੈ। ਉਨਟਾਰੀਓ ਦੇ ਡਰਾਈਵਰ ਸਭ ਸੂਬਿਆਂ ਨਾਲੋਂ ਵੱਧ ਰੇਟ ਪੇ ਕਰ ਰਹੇ ਹਨ ਕਈ ਸੂਬਿਆਂ ਨਾਲੋਂ ਤਾਂ 75% ਵੱਧ ਰੇਟ ਦੇ ਰਹੇ ਹਨ। ਅੱਜ ਲੋੜ ਕਿ ਇਸ ਮਸਲੇ ਨੂੰ ਦੁਬਾਰਾ ਫਿਰ ਉਭਾਰਿਆ ਜਾਵੇ ਨਹੀਂ ਤਾਂ ਅਗਲੀਆਂ ਅਲੈਕਸ਼ਨਾਂ 'ਚ ਇਹੀ ਮੁੱਦਾ ਫਿਰ ਲਿਬਰਲ ਪਾਰਟੀ ਦਾ ਭਖ਼ਵਾਂ ਮੁੱਦਾ ਬਣੇਗਾ ਤੇ ਲੋਕ ਫਿਰ ਇਸ ਦੇ ਘਟਣ ਦੀ ਅਗਲੀਆਂ ਚੋਣਾਂ ਤੱਕ ਉਮੀਦ ਲਾਈ ਰੱਖਣਗੇ। ਮਿਹਨਤੀ ਲੋਕਾਂ ਲਈ ਆਪਣੇ ਘਰ ਬਾਰ ਚਲਾਉਣੇ ਬੜੇ ਔਖੇ ਹੋਏ ਪਏ ਹਨ ਘਰਾਂ ਦੇ ਬਿਲ ਤੇ ਗਰੌਸਰੀ ਦੇ ਭਾਅ ਵੱਧ ਰਹੇ ਹਨ। ਲੋਕਾਂ ਦੀਆਂ ਪਬਲਿਕ ਤੇ ਚੰਗੀ ਪੇ ਵਾਲੀਆਂ ਜੌਬਾਂ ਖਤਮ ਹੋ ਰਹੀਆਂ ਹਨ ਤੇ ਲੋਕੀ ਪ੍ਰਾਈਵੇਟ ਏਜੰਸੀਆਂ ਰਾਹੀ ਮੀਨੀਅਮ ਵੇਜ ਵਾਲੀਆਂ ਤੇ ਲੰਗੇ ਡੰਗ ਮਿਲਣ ਵਾਲੀਆਂ ਜੌਬਾਂ ਤੇ ਹੀ ਨਿਰਭਰ ਹਨ। ਆਓ ਰਲ ਮਿਲ ਕੇ ਆਪਣੇ ਏਰੀਏ ਦੇ ਐਮ ਪੀ ਨੂੰ ਇਸ ਮਸਲੇ ਬਾਰੇ ਸੁਚੇਤ ਕਰੀਏ ਤਾਂ ਕਿ ਸਾਰੇ ਡਰਾਈਵਰਾਂ ਦੀ ਜਿੰਨੂੰ ਵੀ ਕੁਝ ਚੈਨ ਮਿਲ ਸਕੇ।

**ਨਾਹਰ ਸਿੰਘ ਔਜਲਾ**
416-728-5686

ਅਬੋਹਰ ਭੀਮ ਟਾਕ ਕਤਲ ਕਾਂਡ

# ਪੂੰਜੀ, ਸਿਆਸਤ ਅਤੇ ਅਪਰਾਧ ਗਠਜੋੜ ਦਾ ਤਾਂਡਵ ਨਾਚ

ਨਰਭਿੰਦਰ
93544-30211

ਅਬੋਹਰ 'ਚ ਵਾਪਰੇ ਭੀਮ ਟਾਕ ਹੱਤਿਆ ਕਾਂਡ ਨੇ ਪੰਜਾਬ ਦੀ ਇਕ ਜਮਾਤ ਅੰਦਰ ਮਲ ਪਸਰ ਰਹੀ ਉਸ ਮੱਧ ਯੁੱਗੀ ਮਾਨਸਿਕਤਾ ਦਾ ਚਿਹਰਾ ਬੇਨਕਾਬ ਕਰ ਦਿੱਤਾ ਹੈ ਜਿਸ ਨੇ ਪਿਛਲੇਰੇ ਕਈ ਸਾਲਾਂ ਤੋਂ ਪੰਜਾਬ ਦੇ ਸਾਧਾਰਨ ਲੋਕਾਂ ਉਤੇ ਇਕ ਚੁੱਪ ਦਹਿਸ਼ਤ ਦਾ ਦਾਬਾ ਬਣਾਇਆ ਹੋਇਆ ਸੀ। ਕੋਈ ਜੁਰਮ ਅਵਚੇਤਨ 'ਚੋਂ ਜਨਮ ਨਹੀਂ ਲੈਂਦਾ। ਸੁਚੇਤ ਤੇ ਵਿਉਂਤਬੱਧ ਯੋਜਨਾ ਦੀ ਉਪਜ ਹੁੰਦਾ ਹੈ। ਅਪਰਾਧਿਕ ਤੇ ਲੁੰਪਨ ਢੰਗ ਨਾਲ ਇਕੱਠੀ ਕੀਤੀ ਗਈ ਪੂੰਜੀ ਜਾਂ ਇਕੱਠੀ ਕੀਤੀ ਜਾ ਰਹੀ ਪੂੰਜੀ ਕਿੰਨੀ ਨਿਰਦਈ, ਬੇਕਰੂਰ, ਹਿੰਸਕ ਅਤੇ ਪਸ਼ੂ ਬਿਰਤੀ ਵਾਲੀ ਹੁੰਦੀ ਹੈ ਇਹਦੀ ਸਪਸ਼ਟ ਮਿਸਾਲ ਅਬੋਹਰ ਕਾਂਡ ਹੈ। ਇਸ ਤਾਲਿਬਾਨੀ ਮਾਨਸਿਕਤਾ ਦੀ ਸਿਰਜਨਾ ਵਿਚ ਰਾਜਸੀ ਪ੍ਰਸ਼ਾਸਨਿਕ ਅਤੇ ਸਾਡਾ ਉਹ ਸਮੁੱਚਾ ਢਾਂਚਾ ਹੈ ਜਿਹਨੇ ਜੀਹਨੇ ਅਪਰਾਧਿਕ ਪੂੰਜੀ ਨੂੰ ਫੈਲਰਨ ਪਸਰਨ ਵਿਚ ਆਪਣੀ ਭੂਮਿਕਾ ਨਿਭਾਈ ਤੇ ਨਿਭਾ ਰਿਹਾ ਹੈ। ਜੇ ਕਹਿ ਲਿਆ ਜਾਵੇ ਕਿ ਇਸ ਦੇਸ਼ ਦੀ ਜਮਹੂਰੀਅਤ ਦੇ ਸਾਰੇ ਥੰਮ ਹੀ ਇਸ ਦੀ ਵਫ਼ਾਦਾਰੀ 'ਚ ਝੁਕੇ ਖਲੋਤੇ ਹਨ, ਤਾਂ ਕੋਈ ਅਤਿ ਕਥਨੀ ਨਹੀਂ ਹੋਵੇਗੀ। ਸ਼ਿਵ ਲਾਲ ਡੰਡੇ ਤੋਂ ਲੈ ਕੇ ਅੰਦਾਨੀ ਅੰਬਾਨੀ ਤੱਕ ਦੇ ਪੂੰਜੀਪਤੀਆਂ ਦਾ ਸਫ਼ਰ ਕੁਝ ਅਜਿਹਾ ਹੀ ਹੈ ਜਿਨ੍ਹਾਂ ਦੀ ਜੀ ਹਜ਼ੂਰੀ 'ਚ ਮੋਦੀ ਤੋਂ ਲੈ ਕੇ ਸੁਖਬੀਰ ਬਾਦਲ ਤੱਕ ਤਿਆਰ ਰਹਿੰਦੇ ਹਨ। ਕਾਨੂੰਨ ਵਿਵਸਥਾ ਕਾਇਮ ਰੱਖਣ ਵਾਲੀ ਪੁਲਿਸ ਦੀ ਭੂਮਿਕਾ ਗੁਲਾਮ ਸੁਰੱਖਿਆ ਕਵਚ ਤੋਂ ਵਧ ਕੁਝ ਨਹੀਂ।

ਅਬੋਹਰ ਸ਼ਹਿਰ ਦੀ ਇਸ ਦਰਦਵਿੰਨੀ ਘਟਨਾ ਬਾਰੇ ਕੌਣ ਨਹੀਂ ਜਾਣਨਾ ਚਾਹੇਗਾ? ਇਹ ਵੇਖ ਕੇ ਲੱਗਦਾ ਹੈ ਅਸੀਂ ਵਿਕਾਸ ਅਤੇ ਸਮਾਜਿਕ ਅਸਭਿਅਤਾ ਦੀਆਂ ਕਿੰਨੀਆਂ ਮੰਜ਼ਿਲਾਂ ਤਹਿ ਕਰ ਲਈਆਂ ਹਨ? ਪੰਜਾਬ ਦੀ ਰਾਜਸਥਾਨ ਨਾਲ ਲੱਗਦਾ ਅਬੋਹਰ ਦਾ ਇਲਾਕਾ ਬਾਕੀ ਪੰਜਾਬ ਲਈ ਪਛੜਿਆ ਲਗਦਾ ਹੈ ਪਰ ਹਕੀਕਤ ਇਹ ਕਿ ਪੇਂਡੂ ਖੇਤਰ ਵਿਚ ਇਕ ਪਾਸੇ ਵੱਡੇ ਵੱਡੇ ਆਧੁਨਿਕ ਵਿਦੇਸ਼ੀ ਮਸ਼ੀਨਰੀ ਨਾਲ ਲੈਸ ਫਾਰਮ ਹਾਊਸ ਦੂਸਰੇ ਪਾਸੇ ਕੰਗਾਲ ਛੋਟੀ ਕਿਸਾਨੀ ਅਤੇ ਗੈਰ ਜ਼ਮੀਨੇ ਕਿਸਾਨ। ਵਖਰੇਵੇਂ ਸਪਸ਼ਟ ਹੈ। ਅਬੋਹਰ ਸ਼ਹਿਰ ਵਿਚ ਵੀ ਇਕ ਪਾਸੇ ਆਧੁਨਿਕ ਕੋਟੀ ਨੁਮਾ ਕਲਚਰ ਦੂਸਰੇ ਪਾਸੇ ਉਹੀ 40-50 ਸਾਲ ਪਛੜੀਆਂ ਸਹੂਲਤਾਂ ਵਿਹੂਣੀਆਂ ਬਸਤੀਆਂ। ਇਨ੍ਹਾਂ ਬਸਤੀਆਂ 'ਚ ਹੀ ਭੀਮ ਟਾਂਕ ਵਰਗੇ ਪਰਿਵਾਰ ਰਹਿੰਦੇ ਸਨ। ਭੀਮ ਦਾ ਪਿਤਾ ਕਪੂਰ ਟਾਂਕ ਬਰਫ਼ ਦਾ ਅੱਡਾ ਲਾਉਂਦਾ ਸੀ ਜਿਥੇ ਭੀਮ ਟਾਂਕ ਤੇ ਇੰਦਰ ਟਾਂਕ ਕੰਮ ਕਰਦੇ ਸਨ। ਇਥੋਂ ਹੀ ਅੰਮ੍ਰਿਤ ਲਾਲ ਡੋਡਾ ਜਿਹੜਾ ਸ਼ਿਵ ਲਾਲ ਦਾ ਭਤੀਜਾ ਸੀ, ਭੀਮ ਨੂੰ ਆਪਣੇ ਸ਼ਰਾਬ ਦੇ ਕਾਰੋਬਾਰ 'ਚ ਲੱਗਿਆ। 6 ਫੁੱਟ 2 ਇੰਚ ਦੇ ਹੱਟੇ ਕੱਟੇ ਭੀਮ ਨੂੰ ਕੀ ਪਤਾ ਸੀ ਕਿ ਉਹਦਾ ਭਵਿੱਖ ਕਿਹੋ ਜਿਹੋ ਹੋਵੇਗਾ? ਸ਼ਰਾਬ ਮਾਫ਼ੀਏ ਨੇ ਉਹਨੂੰ ਪੈਸੇ ਤੇ ਜ਼ਿੰਦਗੀ ਦੇ ਸਬਜ਼ਬਾਗ ਦਿਖਾਏ। ਡੋਡਾ ਪਰਿਵਾਰ ਨਾਲ ਵਫਾਦਾਰੀ ਦਾ ਸਿੱਟਾ ਉਹ ਅਬੋਹਰ ਹੀ ਨਹੀਂ ਅੰਮ੍ਰਿਤਸਰ, ਬਟਾਲਾ ਤੇ ਬਰਨਾਲਾ ਆਦਿ ਜ਼ਿਲ੍ਹਿਆਂ 'ਚ ਵੀ ਉਨ੍ਹਾਂ ਦੀ ਸੇਵਾ ਨਿਭਾਉਂਦਾ ਰਿਹਾ। ਉਹ ਡੋਡਾ ਪਰਿਵਾਰਦਾ ਲਠੈਤ ਵੀ ਬਣਿਆ ਅਤੇ ਪੌਣੀ ਦਰਜਨ ਕੁੱਟਮਾਰ ਦੇ ਕੇਸਾਂ ਵਿਚ ਅਦਾਲਤ ਦੀਆਂ ਤਰੀਕਾਂ ਭੁਗਤਦਾ ਆ ਰਿਹਾ ਹੈ। ਪਿਛਲੇਰੇ 8 ਕੁ ਮਹੀਨਿਆਂ ਤੋਂ ਉਹ ਡੋਡਾ ਪਰਿਵਾਰ ਦੀ ਸ਼ਰਾਬ ਸਲਤਨਤ ਨਾਲੋਂ ਅਲੱਗ ਹੋ ਗਿਆ ਸੀ। ਉਹਦੇ ਨੇੜਲੇ ਮਿੱਤਰਾਂ ਮੁਤਾਬਕ ਉਹ 'ਸੁਧਰ' ਗਿਆ ਸੀ ਅਤੇ ਹੁਣ ਆਪਣਾ ਢਾਬਾ ਖੋਹਲ ਲਿਆ ਸੀ ਪਰ ਤੁਸੀਂ ਸੁਧਰ ਜਾਓ ਜਾਂ ਸੁਧਰਨ ਦੀ ਕੋਸ਼ਿਸ਼ ਕਰੋ ਜਦੋਂ ਤੁਸੀਂ ਕਿਸੇ ਮਾਫ਼ੀਆ ਗਰੋਹ ਦੇ ਮੈਂਬਰ ਰਹੇ ਹੋਵੇ, ਉਹ ਤੁਹਾਨੂੰ ਸੁਧਰਨ ਨਹੀਂ ਦੇਵੇਗਾ। 'ਸੁਧਾਰ' ਦੇਵੇਗਾ। ਭੀਮ ਨਾਲ ਇਹੋ ਹੋਇਆ। 11 ਦਸੰਬਰ 2015 ਨੂੰ ਉਹਨੂੰ ਧੋਖੇ ਨਾਲ ਸ਼ਰਾਬ ਮਾਫ਼ੀਆ ਦੇ ਸਰਗਨੇ ਦੇ ਕਰਿੰਦਿਆਂ ਨੇ ਸ਼ਿਵ ਲਾਲ ਡੋਡਾ ਦੇ ਫਾਰਮ ਹਾਊਸ ਉਤੇ ਬੁਲਾਇਆ। ਆਪਣੇ ਇਕ ਮਿੱਤਰ ਨਾਲ ਉਹ ਉਥੇ ਗਿਆ ਪਰ ਚੰਦ ਮਿੰਟਾਂ 'ਚ ਉਹ ਸਮਝ ਗਿਆ ਇਥੇ ਕਿਉਂ ਬੁਲਾਇਆ ਹੈ। ਮਾਫ਼ੀਏ ਦੇ ਕਰਿੰਦਿਆਂ ਨੇ ਉਹਦੇ ਪਹਿਲਾਂ ਗਿੱਟੇ ਕੱਟੇ, ਫਿਰ ਦੋਵੇਂ ਗੁੱਟ ਅਤੇ ਫਿਰ ਮੋਢਿਆਂ ਤੋਂ ਬਾਹਾਂ। ਤੁਸੀਂ ਅਜਿਹੀ ਹਾਲਤ ਵਿਚ ਕੱਟੇ ਹੋਏ ਮਨੁੱਖ ਨੂੰ ਵੇਖ ਸਕਦੇ ਹੋ? ਉਫ਼ ਕਿੰਨਾ ਭਿਆਨਕ ਸੀਨ। ਪਰ ਬੇਰਹਿਮ ਜ਼ਾਲਮਾਂ ਨੇ ਉਹਦੇ ਸਾਥੀ ਗੁਰਜੰਟ ਨਾਲ ਵੀ ਇਹੋ ਕਰਨਾ ਸ਼ੁਰੂ ਕਰ ਦਿੱਤਾ ਉਹਦਾ ਇਕ ਹੱਥ ਕੱਟ ਦਿੱਤਾ ਇਕ ਲੱਤ ਕੱਟ ਦਿੱਤੀ। ਹੱਥ ਤਾਂ ਸਰੀਰ ਤੋਂ ਵੱਖ ਹੋ ਗਿਆ। ਵੱਖ ਹੋਇਆ ਹੱਥ ਅਲੱਗ ਤੜਪ ਰਿਹਾ ਸੀ ਅਤੇ ਸਰੀਰ ਅਲੱਗ। ਅਚਨਚੇਤ ਕਿਸੇ ਪਾਸਿਓਂ ਕੋਈ ਰੌਲਾ ਪਿਆ ਅਤੇ ਸਾਰਾ ਗਰੋਹ ਭੱਜ ਗਿਆ। ਜੰਟਾ ਤੜਪਦਾ ਰਿਹਾ, ਭੀਮ ਤੜਪਦਾ ਰਿਹਾ।

ਜਿਸ ਫਾਰਮ ਹਾਊਸ ਵਿਚ ਇਹ ਸਭ ਕੁਝ ਹੋਇਆ ਉਹ ਸਾਧਾਰਨ ਖੇਤ ਨਹੀਂ ਸਗੋਂ 35 ਕੁ ਏਕੜ 'ਚ ਫੈਲੇ ਇਸ ਫਾਰਮ ਹਾਊਸ ਦੇ ਚੁਫੇਰੇ 10-12 ਫੁੱਟ ਉਚੀ ਕੰਧ ਹੈ ਅਤੇ ਸਾਹਮਣੇ ਹਨੂੰਮਾਨਗੜ੍ਹ ਅਬੋਹਰ ਰੋਡ ਉਤੇ ਇਕ ਵੱਡਾ 20 ਫੁੱਟ ਚੌੜਾ 14 ਫੁੱਟ ਉਚਾ ਵੱਡਾ ਗੇਟ ਹੈ ਨਾਲ ਹੀ ਇਕ ਛੋਟਾ ਗੇਟ। ਕਿਲ੍ਹੇਨੁਮਾ ਇਹ ਇਲਾਕਾ ਸ਼ਹਿਰ ਤੋਂ 6 ਕੁ ਕਿਲੋਮੀਟਰ ਦੂਰ ਹੈ ਅਤੇ ਸੁੰਨਸਾਨ। ਇਸੇ ਚਾਰ ਦੀਵਾਰੀ ਦੇ ਅੰਦਰ ਕਈ ਬਿਲਡਿੰਗਾਂ ਹਨ। ਬਗੀਚਾ ਹੈ ਪਾਰਕ ਹੈ, ਬਾਗ ਹੈ ਅਤੇ ਡੋਡਾ ਦੇ ਕਾਰੋਬਾਰ ਦਾ ਹਿਸਾਬ ਕਿਤਾਬ ਰੱਖਣ ਵਾਲਾ ਇਕ ਵੱਡਾ ਦਫਤਰ ਹੈ। ਇਸੇ ਵਿਚ ਗੈਸਟ ਹਾਊਸ ਹੈ ਅਤੇ ਕਈ ਕੁਆਰਟਰ ਹਨ। ਇਨ੍ਹਾਂ ਕੁਆਰਟਰਾਂ 'ਚੋਂ ਇਕ ਵਿਚ 2 ਕੁ ਕਿਲੋਮੀਟਰ ਦੂਰ ਥਾਣਾ ਬਹਾਵਵਾਲਾ ਦਾ ਐਸ. ਐਚ. ਓ. ਹਰਿੰਦਰ ਸਿੰਘ ਚਮੇਲੀ ਵੀ ਰਹਿੰਦਾ ਰਿਹਾ ਹੈ। 35 ਏਕੜ 'ਚ ਫੈਲੇ ਇਸ ਕਿਲ੍ਹਾਨੁਮਾ ਫਾਰਮ ਹਾਊਸ ਦਾ ਮਾਲਕ ਸ਼ਿਵ ਲਾਲ ਡਾਡਾ ਹੈ ਜਿਹੜਾ ਅੱਜ ਕੱਲ੍ਹ ਅਕਾਲੀ ਦਲ ਬਾਦਲ ਦਾ ਹਲਕਾ ਇੰਚਾਰਜ ਹੈ। ਪੰਜਾਬ ਦੇ ਡਿਪਟੀ ਮੁੱਖ ਮੰਤਰੀ ਇਸ ਫਾਰਮ ਹਾਊਸ 'ਚ ਆਉਂਦੇ ਜਾਂਦੇ ਹਨ।

ਸ਼ਿਵ ਲਾਲ ਡੋਡੇ ਦੀ ਕਹਾਣੀ ਵੀ ਸਨਸਨੀਖੇਜ ਹੈ। ਕੋਈ 35 ਕੁ ਸਾਲ ਪਹਿਲਾਂ ਉਹ ਅਬੋਹਰ ਸ਼ਹਿਰ ਵਿਚ ਬਰਫ਼ ਵੇਚਦਾ ਹੁੰਦਾ ਸੀ ਅਤੇ ਉਹਦਾ ਪਿਤਾ ਸਬਜ਼ੀ ਵੇਚਦਾ ਰਿਹਾ ਹੈ। ਇਕ ਦਿਨ ਕਿਸੇ ਝਗੜੇ 'ਚ ਉਹਨੇ ਇਕ ਵਿਅਕਤੀ ਦੇ ਢਿੱਡ 'ਚ ਬਰਫ਼ ਵਾਲਾ ਛੂਆ ਖੋਭ ਦਿੱਤਾ। ਆਪ ਤਾਂ ਦਿੱਲੀ ਭੱਜ ਗਿਆ ਪਰ ਭਰਾ ਜੇਲ੍ਹ 'ਚ ਚਲਾ ਗਿਆ। ਦਿੱਲੀ ਉਹ ਕਿਸੇ ਸ਼ਰਾਬ ਵੇਚਣ ਵਾਲੇ ਦਾ ਕਰਿੰਦਾ ਬਣ ਗਿਆ। ਹਰਿਆਣੇ ਤੋਂ ਸਸਤੀ ਸ਼ਰਾਬ ਲਿਜਾ ਕੇ ਦਿੱਲੀ ਵੇਚਣ ਦੇ ਧੰਦੇ ਦੇ ਨਾਲ ਨਾਲ ਜੂਆ ਅਤੇ ਸੱਟਾ ਉਹਦਾ ਕਾਰੋਬਾਰ ਸੀ। ਖ਼ੂਬ ਵਧਿਆ ਫੁਲਿਆ। ਸ਼ਰਾਬ ਦੇ ਠੇਕੇ ਲੈਣ ਲੱਗਾ ਅੱਜ ਉਹਦਾ ਸ਼ਰਾਬ ਕਾਰੋਬਾਰ ਸੁਣ ਕੇ ਹੈਰਾਨ ਹੋ ਜਾਈਦਾ ਹੈ। ਬਿਹਾਰ ਤੇ ਯੂ.ਪੀ. ਤੋਂ ਇਲਾਵਾ ਹਰਿਆਣਾ ਦਿੱਲੀ ਤੇ ਰਾਜਸਥਾਨ ਤੱਕ ਸ਼ਰਾਬ ਦੇ ਠੇਕਿਆਂ ਦੇ ਕਾਰੋਬਾਰ ਤੋਂ ਇਲਾਵਾ ਬੰਗਲੌਰ 'ਚ ਇਕ ਸ਼ਰਾਬ ਫੈਕਟਰੀ ਵੀ ਦੱਸਦਾ ਹੈ। ਰਾਜਸਥਾਨ ਵਿਚ ਪੋਸਤ (ਭੁੱਕੀ) ਦੇ ਠੇਕਿਆਂ ਦੀ ਸਰਦਾਰੀ ਹੈ। ਪੰਜਾਬ 'ਚ ਫਾਜ਼ਿਲਕਾ ਹੀ ਨਹੀਂ ਅੰਮ੍ਰਿਤਸਰ, ਫਿਰੋਜ਼ਪੁਰ, ਬਟਾਲਾ, ਜਲੰਧਰ, ਬਰਨਾਲਾ ਆਦਿ ਕਈ ਜ਼ਿਲ੍ਹਿਆਂ 'ਚ ਪੂਰੀ ਸ਼ਰਾਬ ਦਾ ਸਪਲਾਇਰ ਹੈ। ਅਬੋਹਰ ਉਹਦੇ ਸ਼ਰਾਬ ਦੇ ਗੋਦਾਮ ਦੇਖਕੇ ਬੰਦਾ ਦੰਗ ਰਹਿ ਜਾਂਦਾ ਹੈ। ਹਰਿਆਣੇ 'ਚ ਇਕ ਵਿਦਿਅਕ ਸੰਸਥਾ ਵੀ ਚਲਾ ਰਿਹਾ ਹੈ ਅਤੇ ਅਬੋਹਰ 'ਚ ਇਕ ਚੈਰੀਟੇਬਲ ਹਸਪਤਾਲ ਅਬੋਹਰ ਵਿਚ ਉਸ ਪਾਸ ਐਲ-ਵਨ ਸ਼ਰਾਬ ਦਾ ਲਾਇਸੰਸ ਹੈ ਜਿਹੜਾ ਕਿ ਜ਼ਿਲ੍ਹੇ ਪੱਧਰ ਦੇ ਥੋਕ ਵਿਕਰੇਤਾ ਨੂੰ ਮਿਲਦਾ ਹੈ। ਸਾਲ 2012 ਵਿਚ ਜਦੋਂ ਸ਼ਿਵ ਲਾਲ ਡੋਡਾ ਆਜ਼ਾਦ ਉਮੀਦਵਾਰ ਵਜੋਂ ਵਿਧਾਨ ਸਭਾ ਚੋਣਾਂ 'ਚ ਖੜ੍ਹਾਹੋਇਆ ਸੀ ਤਾਂ ਉਹਦੀ ਪਤਨੀ ਵਲੋਂ ਦਿੱਤੇ ਘੋਸ਼ਣਾ ਪੱਤਰ ਵਿਚ ਸ਼ਿਵ ਲਾਲ ਦੀ ਸਲਾਨਾ ਸ਼ੁੱਧ ਆਮਦਨ 10376240 ਰੁਪਏ ਸੀ ਜਦੋਂ ਕਿ ਪਤਨੀ ਸੁਨੀਤਾ ਡੋਡਾ ਦੀ ਆਮਦਨੀ 3 ਲੱਖ 830 ਰੁਪਏ ਸਾਲਾਨਾ ਸ਼ੁੱਧ ਮੁਨਾਫ਼ਾ। ਸ਼ਹਿਰੀਆਂ ਵਿਚ ਤਾਂ ਇਹ ਵੀ ਚਰਚਾ ਹੈ ਕਿ 14 ਕੁ ਸਾਲ ਪਹਿਲਾਂ ਜਦੋਂ ਸ਼ਿਵ ਲਾਲ ਮੁੜ ਅਬੋਹਰ ਆਇਆ ਅਤੇ ਇਹ ਫਾਰਮ ਹਾਊਸ ਖ਼ਰੀਦਿਆ ਤਾਂ ਇਥੇ ਸ਼ਰਾਬ ਦਾ ਕੰਮ ਕਰਦੇ ਰੂਪ ਚੰਦ ਬਾਂਸਲ ਦੀਆਂ ਦਿਨ ਦਿਹਾੜੇ ਲੱਤਾਂ ਤੋੜ ਦੇਣ ਦੀ ਘਟਨਾ ਵਾਪਰੀ ਸੀ ਅਤੇ ਇਵੇਂ ਹੀ ਸਤਪਾਲ ਸੇਤੀਆ ਅਤੇ ਉਹਦੀ ਪਤਨੀ ਨੂੰ ਦਿਨ ਦਿਹਾੜੇ ਘਰ ਵਿਚ ਗੋਲੀਆਂ ਮਾਰ ਕੇ ਮਾਰ ਦਿੱਤਾ ਸੀ। ਸੇਤੀਆ ਦਾ ਭਰਾ ਇਨ੍ਹਾਂ ਕਾਂਡਾਂ ਦਾ ਦੋਸ਼ ਸ਼ਿਵ ਲਾਲ ਉਤੇ ਹੀ ਮੜ੍ਹਦਾ ਹੈ ਉਹਨੇ ਪੁਲਿਸ ਤੇ ਕੋਰਟ ਵਿਚ ਪਹੁੰਚ ਵੀ ਕੀਤੀ ਪਰ ਉਹਦੀ ਕਿਸੇ ਨਾ ਸੁਣੀ।

ਇਸ ਕਾਰੋਬਾਰ ਦੇ ਨਾਲ ਇਕ ਹੋਰ ਧੰਦਾ ਹੈ। ਉਹ ਹੈ ਸ਼ਰਾਬ ਵਿਚ ਮਿਲਾਵਟ ਕਰਨ ਦਾ। ਵੱਡੇ ਗੋਦਾਮਾਂ 'ਚ ਸ਼ਰਾਬ ਵਿਚ ਮਿਲਾਵਟ ਕਰਕੇ ਨਵੇਂ ਲੇਬਲ ਤੇ ਨਵੀਂ ਪੈਕਿੰਗ ਕਰਕੇ ਫੇਰ ਠੇਕਿਆਂ ਤੱਕ ਸਪਲਾਈ ਕਰਨ ਦੀ। ਦੇਸੀ ਹੀ ਨਹੀਂ ਅੰਗਰੇਜ਼ੀ ਸ਼ਰਾਬ ਵੀ। ਇਹ ਕਰੋੜਾਂ ਦਾ ਦੋ ਨੰਬਰ ਦਾ ਧੰਦਾ ਹੈ। ਇਨ੍ਹਾਂ ਧੰਦਿਆਂ ਦਾ ਹੀ ਭੇਤੀ ਸੀ ਭੀਮ ਟਾਂਕ। ਉਹਦਾ ਡੋਡਾ ਪਰਿਵਾਰ ਤੇ ਕਾਰੋਬਾਰ ਨੂੰ ਛੱਡ ਕੇ ਜਾਣਾ ਘੱਟੋ ਘੱਟ ਡੋਡੇ ਕਾਰੋਬਾਰੀਏ ਲਈ ਕਿਸੇ ਵੀ ਤਰ੍ਹਾਂ ਹਜ਼ਮ ਨਹੀਂ ਸੀ। ਵੈਸਾ ਵੀ ਸ਼ਿਵ ਲਾਲ ਡੋਡੇ ਅਤੇ ਅੰਮ੍ਰਿਤ ਡੋਡੇ ਨੇ ਭੀਮ ਟਾਂਕ ਤੋਂ ਕਿੰਨੇ ਹੋਰ ਗੈਰ ਕਾਨੂੰਨੀ ਕੰਮ ਕਰਵਾਏ ਹੋਣਗੇ। ਇਹਦਾ ਭੇਤ ਅਜੇ ਰਹੱਸ ਹੀ ਹੈ।



ਸ਼ਿਵ ਲਾਲ ਡੋਡਾ ਵਰਗੇ ਮਾਫ਼ੀਆ ਗਰੋਹਾਂ ਦੇ ਸਰਗਨਿਆਂ ਵਲੋਂ ਭੀਮ ਟਾਂਕ ਵਰਗੇ ਕਿੰਨੇ ਬੇਰੁਜ਼ਗਾਰ ਨੌਜਵਾਨਾਂ ਨੂੰ ਪੈਸੇ, ਬੌਸਗਿਰੀ ਦੇ ਗਲੈਮਰ 'ਚ ਬਹਿਲਾ ਫੁਸਲਾ ਕੇ ਆਪਣੇ ਗਲਤ ਅਤੇ ਗੈਰ ਕਾਨੂੰਨੀ ਧੰਦਿਆਂ 'ਚ ਅਤੇ ਕਾਰੋਬਾਰ ਦੇ ਵਿਸਥਾਰ ਵਿਚ ਵਰਤਿਆ ਜਾਂਦਾ ਹੈ। ਚਮਕ ਧਮਕ ਅਤੇ ਮਾਫ਼ੀਆ ਪੂੰਜੀ ਦੀ ਚਕਾਚੌਂਧ ਵਿਚ ਇਹ ਨੌਜਵਾਨ ਆਪਣੇ ਮਾਲਕਾਂ ਲਈ ਜਰਾਇਮਪੇਸ਼ਾ ਕਰਿੰਦੇ ਬਣ ਕੇ-ਕੁੱਟਮਾਰ, ਧੌਂਸਗਿਰੀ, ਕਤਲ, ਭੰਨਤੋੜ ਸਾੜ ਫੂਕ ਅਤੇ ਕਈ ਕਿਸਮ ਦੀਆਂ ਗੈਰ ਸਮਾਜੀ ਕਾਰਵਾਈਆਂ ਕਰਦੇ ਹਨ ਅਤੇ ਜਦੋਂ ਕਿਤੇ ਕਿਸੇ ਭੀਮ ਟਾਂਕ ਵਰਗੇ ਨੌਜਵਾਨ ਨੇ ਇਸ ਤੋਂ ਤੌਬਾ ਕੀਤੀ ਤਾਂ ਉਨ੍ਹਾਂ ਨੂੰ ਇਸ ਦੀ ਕੀਮਤ ਆਪਣੀ ਜਾਨ ਦੇ ਕੇ ਤਾਰਨੀ ਪਈ।

ਸ਼ਿਵ ਲਾਲ ਡੋਡਾ 2012 ਦੀਆਂ ਵਿਧਾਨ ਸਭਾ ਚੋਣਾਂ ਵਿਚ ਅਬੋਹਰ ਤੋਂ ਆਜ਼ਾਦ ਉਮੀਦਵਾਰ ਖਲੋਤਾ ਸੀ ਅਤੇ 46000 ਵੋਟਾਂ ਲੈ ਕੇ ਦੂਸਰੇ ਨੰਬਰ ਤੇ ਰਿਹਾ। ਜੇਤੂ ਉਮੀਦਵਾਰ ਕਾਂਗਰਸੀ ਆਗੂ ਸੁਨੀਲ ਜਾਖੜ ਸੀ ਜਿਹਨੂੰ 53000 ਵੋਟਾਂ ਮਿਲੀਆਂ ਸਨ। ਤੀਸਰੇ ਨੰਬਰ ਉਤੇ ਅਕਾਲੀ ਭਾਜਪਾ ਉਮੀਦਵਾਰ ਲਕਸ਼ਮੀ ਭਾਨ ਸੀ ਜਿਹਨੂੰ ਸਿਰਫ਼ 9000 ਵੋਟਾਂ ਹੀ ਮਿਲੀਆਂ। ਪੇਂਡੂ ਖੇਤਰ ਦੀ ਕਿਸਾਨੀ ਤੇ ਹੋਰ ਵਰਗਾਂ ਦੀਆਂ ਅਕਾਲੀ ਵੋਟਾਂ ਸ਼ਿਵ ਲਾਲ ਡੋਡੇ ਨੂੰ ਹੀ ਪਈਆਂ ਸਨ। ਸੁਖਬੀਰ ਬਾਦਲ ਦਾ ਇਹ ਖਾਸਮ ਖਾਸ ਆਦਮੀ ਹੈ। ਕਾਲੇ ਕਾਰਨਾਮਿਆਂ 'ਚ ਮਸ਼ਹੂਰ ਫਾਰਮ ਹਾਊਸ ਵਿਚ ਡਿਪਟੀ ਮੁੱਖ ਮੰਤਰੀ ਸੁਖਬੀਰ ਬਾਦਲ ਤੇ ਮਜੀਠੀਆ ਵੀ ਆਉਂਦੇ ਜਾਂਦੇ ਰਹੇ ਹਨ। ਸ਼ਹਿਰ ਵਿਚ ਅਕਾਲੀ ਦਲ ਬਾਦਲ ਦਾ ਦਫ਼ਤਰ ਵੀ ਸ਼ਿਵ ਲਾਲ ਡੋਡਾ ਦੀ ਮਾਲਕੀ ਵਾਲੀ ਇਮਾਰਤ ਵਿਚ ਹੀ ਹੈ। ਸ਼ਹਿਰ ਵਿਚ ਡੋਡੇ ਦੀ ਇਕ ਦਹਿਸ਼ਤ ਹੈ। ਇਹ ਦਹਿਸ਼ਤ ਭੀਮ ਟਾਂਕ ਵਰਗੇ ਬੇਰੁਜ਼ਗਾਰ ਅਤੇ ਗਲੈਮਰ ਦੀ ਚਕਾਚੌਂਧ ਵਿਚ ਫਸੇ ਨੌਜਵਾਨਾਂ ਦੇ ਲੱਠਮਾਰ ਜਥਿਆਂ ਦੇ ਸਿਰ ਉਤੇ ਹੀ ਹੈ। ਵੈਸੇ ਵੀ ਸੁਖਬੀਰ ਬਾਦਲ ਨੇ ਪਿਛਲੇਰੇ 10 ਸਾਲਾਂ 'ਚ ਪਾਰਟੀ ਨੂੰ ਜਿਵੇਂ ਮੈਨੇਜ ਕੀਤਾ ਹੈ ਉਸ ਵਿਚ ਅਜਿਹੇ ਲੱਠਮਾਰਾਂ ਦੇ ਗਰੋਹ ਹਰ ਪਿੰਡ, ਹਰ ਸ਼ਹਿਰ ਅਤੇ ਹਰ ਕਸਬੇ ਮਹੱਲੇ ਪੱਧਰ ਉਤੇ ਤਿਆਰ ਕੀਤੇ ਹਨ ਜਿਨ੍ਹਾਂ ਦਾ ਆਪਸੀ ਤਾਲਮੇਲ ਹੈ ਅਤੇ ਜਿਨ੍ਹਾਂ ਨੂੰ ਪੁਲਿਸ ਦੀ ਪੂਰੀ ਸੁਰੱਖਿਆ ਹੈ। ਚੋਣਾਂ ਜਿੱਤਣ ਪਾਰਟੀ ਦੀ ਧੌਂਸ ਜਮਾਉਣ ਅਤੇ ਹਰ ਵਿਰੋਧੀ ਨੂੰ ਚਿਤ ਕਰਨ 'ਚ ਇਕ ਮੁਤਬਾਦਲ ਲੱਠਮਾਰ ਫੋਰਸ ਪਾਰਟੀ ਲਈ ਬਹੁਤ ਸਹਾਈ ਹੁੰਦੀ ਹੈ। ਜਮਹੂਰੀਅਤ ਦੇ ਇਸ ਰੂਪ ਨੂੰ ਹਰ ਥਾਂ ਵੇਖਿਆ ਜਾ ਸਕਦਾ ਹੈ।

ਚਰਚਾ ਤਾਂ ਇਹ ਵੀ ਹੈ ਕਿ ਡਿਪਟੀ ਸੀ. ਐਮ. ਅਤੇ ਸ਼ਿਵ ਲਾਲ ਡੋਡਾ ਦਰਮਿਆਨ ਸ਼ਰਾਬ ਦੀ ਫੈਕਟਰੀ ਲਾਉਣ ਲਈ ਜ਼ਮੀਨ ਹਾਸਲ ਕਰਕੇ, ਦੇਣਅਤੇ ਇਸ ਇਵਜ਼ 'ਚ ਫਾਰਮ ਹਾਊਸ ਤੋਹਫ਼ੇ 'ਚ ਦੇਣ ਦੀ ਸੌਦੇਬਾਜ਼ੀ ਵੀ ਹੁੰਦੀ ਰਹੀ, ਪਰ ਗੱਲ ਸਿਰੇ ਕਿਉਂ ਨਹੀਂ ਚੜ੍ਹੀ ਜਾਂ ਕਿੰਨੀ ਦੂਰ ਸੀ ਇਹ ਰੱਬ ਨਹੀਂ ਜਾਣਦਾ ਇਹ ਦੋਵੇਂ ਹੀ ਜਾਣਦੇ ਹਨ।

ਭੀਮ ਟਾਂਕ ਦੇ ਢਾਬੇ ਖੋਹਲਣ ਤੋਂ ਲੈ ਕੇ ਅੰਮ੍ਰਿਤ ਡੋਡਾ ਜਿਹੜਾ ਸੋਲ੍ਹੀ (ਸ਼ਿਵ) ਦਾ ਭਤੀਜਾ ਹੈ ਅਤੇ ਸ਼ਰਾਬ ਦਾ ਕਾਰੋਬਾਰ ਸੰਭਾਲਦਾ ਹੈ, ਦੇ ਕਈ ਸੁਨੇਹੇ ਭੀਮ ਨੂੰ ਆਏ ਕਿ ਉਹ ਉਹਦੇ ਕਾਰੋਬਾਰ ਵਿਚ ਮੁੜ ਸ਼ਾਮਲ ਹੋ ਜਾਵੇ ਪਰ ਭੀਮ ਅੜਿਆ ਰਿਹਾ। ਇਸੇ ਦੌਰਾਨ ਟਾਟਾ ਪਿਕ ਅਪ ਯੂਨੀਅਨ ਨੇ ਭੀਮ ਟਾਂਕ ਨੂੰ ਪ੍ਰਧਾਨ ਚੁਣ ਲਿਆ ਅਤੇ ਪਿਕਅਪ ਗੱਡੀਆਂ ਤੋਂ ਨਜਾਇਜ਼ ਵਸੂਲੀ ਕਰਨ ਵਾਲੇ ਰਾਜਾਂ ਤੇ ਵਜ਼ੀਰ ਨੂੰ ਭੀਮ ਦਾ ਪ੍ਰਧਾਨ ਬਣਨਾ ਦਰੁਸਤ ਨਾ ਲੱਗਾ ਇਸੇ ਦੌਰਾਨ ਅੰਮ੍ਰਿਤ ਡੋਡਾ ਨਾਲ ਇਕ ਹੋਰ ਕੰਮ ਕਰਦੇ ਕਰਿੰਦੇ ਹੈਰੀ ਰਾਹੀਂ ਵੀ ਕੋਸ਼ਿਸ਼ ਕੀਤੀ। ਹੈਰੀ ਨੇ ਮਾਫ਼ੀਆ ਗਰੋਹਾਂ ਵਾਲੀ ਚਾਲ ਚਲੀ। ਇਕ ਔਰਤ ਨੂੰ ਹੋਟਲ ਉਤੇ ਭੇਜ ਦਿੱਤਾ ਅਤੇ ਫਿਰ ਬਲਾਤਕਾਰ ਦਾ ਕੇਸ ਦਰਜ ਕਰਾਉਣ ਦੀ ਧਮਕੀ ਦਿੱਤੀ। 11 ਦਸੰਬਰ ਨੂੰ ਭੀਮ ਇਨ੍ਹਾਂ ਦੋਹਾਂ ਕੇਸਾਂ ਦੇ ਸਬੰਧ ਵਿਚ ਹੀ ਧੋਖੇ ਨਾਲ ਭੇਜੇ ਸੱਦੇ ਹੇਠ ਫਾਰਮ ਹਾਊਸ 'ਚ ਗਿਆ ਸੀ ਅਤੇ ਹੈਰੀ ਦੇ ਫੋਨ ਉਤੇ ਹੀ ਉਹਨੂੰ ਗੇਟ ਲੰਘਾਨ ਦੀ ਇਜਾਜ਼ਤ ਮਿਲੀ ਸੀ। ਤੱਥ ਤਾਂ ਇਹ ਵੀ ਮਿਲਿਆ ਹੈ ਕਿ ਉਸ ਸਮੇਂ ਬਹਾਵਵਾਲਾ ਥਾਣੇ ਦੇ ਐਸ. ਐਚ. ਓ. ਹਰਿੰਦਰ ਸਿੰਘ ਚੰਮੇਲੀ ਦੇ ਸਾਹਮਣੇ ਹੀ ਹੈਰੀ ਗਰੋਹ ਦੇ ਮੈਂਬਰ। ਆਪਣੇ ਦਾਹ, ਦਾਤਰਾਂ ਅਤੇ ਟੋਕਿਆਂ ਨਾਲ ਲੈਸ ਲੰਘੇ ਸਨ। ਫਾਰਮ ਹਾਊਸ 'ਚ ਰਿਹਾਇਸ਼ ਕਰਕੇ ਚੰਮੇਲੀ ਉਨ੍ਹਾਂ ਨੂੰ ਜਾਣਦਾ ਸੀ। ਇਹੋ ਕਾਰਨ ਕਿ ਪੁਲਿਸ ਨਾ ਮੌਕੇ 'ਤੇ ਆਈ ਨਾ ਹੀ ਸਮੇਂ ਸਿਰ ਜ਼ਖ਼ਮੀਆਂ ਨੂੰ ਚੁੱਕਿਆ ਨਾ ਹਸਪਤਾਲ ਪਹੁੰਚਾਇਆ, ਨਾ ਹੀ ਕੋਈ ਪਰਚਾ ਹੀ ਦਰਜ ਕੀਤਾ।

ਇਕ ਅਰਬਪਤੀ ਖਰਬਪਤੀ ਦੇ ਕਿਲ੍ਹੇਨੁਮਾ ਫਾਰਮ ਹਾਊਸ 'ਚ ਅਜਿਹੀ ਨਿਰਦਈ ਅਤੇ ਬੇਰਹਿਮ ਘਟਨਾ ਵਾਪਰੀ ਹੋਵੇ ਅਤੇ ਪੁਲਿਸ ਮੂਕ ਦਰਸ਼ਕ ਬਣੀ ਰਹੇ ਸਾਰੇ ਸ਼ਹਿਰ ਅਤੇ ਪੰਜਾਬ ਵਿਚ ਖ਼ਬਰ ਅੱਗ ਵਾਂਗੂੰ ਫੈਲ ਗਈ ਹੋਵੇ। 11 ਦਸੰਬਰ ਦਿਨੇ 12 ਕੁ ਵਜੇ ਫਾਰਮ ਹਾਊਸ 'ਚ ਘਟਨਾ ਵਾਪਰੀ। ਇਕ ਕੁ ਵਜੇ ਜ਼ਖ਼ਮੀ ਚੁੱਕ ਲਏ ਅਤੇ ਗੁਰਜੰਟ ਨੂੰ 5 ਵਜੇ ਅੰਮ੍ਰਿਤਸਰ ਅਮਨਦੀਪ ਹਸਪਤਾਲ ਵੀ ਲੈ ਗਏ ਪਰ ਪੁਲਿਸ ਦੀ ਕੋਈ ਹਰਕਤ ਨਹੀਂ ਹੋਈ। ਫਾਰਮ ਹਾਊਸ 'ਚ ਕੰਪਿਊਟਰ ਉਤੇ ਕੰਮ ਕਰਨ ਵਾਲੇ ਕੰਮ ਕਰਦੇ ਰਹੇ। ਮਜ਼ਦੂਰ ਤੇ ਹੋਰ ਕਰਿੰਦੇ ਆਪਣੇ ਕੰਮਾਂ 'ਚ ਮਸਤ ਰਹੇ। ਜਦੋਂ ਲੇਖਕ ਤੇ ਹੋਰ ਮਿੱਤਰ ਡੋਡਾ ਫਾਰਮ ਹਾਊਸ ਦੇ ਮਜ਼ਦੂਰਾਂ ਤੋਂ ਇਹ ਜਾਣਕਾਰੀ ਲੈ ਰਹੇ ਸਨ ਤਾਂ ਉਹਨਾਂ ਦਾ ਜਵਾਬ ਸੀ, "ਜਨਾਬ



ਅਜਿਹੀ ਕੁੱਟਮਾਰ ਤਾਂ ਇਥੇ ਹੁੰਦੀ ਰਹਿੰਦੀ ਸੀ ਅਤੇ ਹੈ। ਇਥੇ ਆਉਂਦੇ ਨੇ ਲੜਦੇ ਨੇ ਝਗੜਦੇ ਨੇ ਕੁੱਟ ਮਾਰ ਹੁੰਦੀ ਹੈ ਅਤੇ ਚਲੇ ਜਾਂਦੇ ਹਨ। ਸਾਡਾ ਇਨ੍ਹਾਂ ਨਾਲ ਕੋਈ ਲੈਣਾ ਦੇਣਾ ਨਹੀਂ।" ਉਨ੍ਹਾਂ ਨੇ ਵੀ ਪੁਸ਼ਟੀ ਕੀਤੀ ਕਿ ਪੁਲਿਸ ਉਸ ਦਿਨ ਨਹੀਂ ਆਈ। ਐਫ. ਆਈ. ਆਰ. ਦੂਸਰੇ ਦਿਨ ਲਿਖੀ ਗਈ। ਜਦੋਂ ਕਿ ਭੀਮ ਟਾਂਕ ਦੀ ਮੌਤ ਉਸੇ ਦਿਨ ਸ਼ਾਮੀ 4.30 ਤੇ 5.00 ਦੇ ਦਰਮਿਆਨ ਤਰਨਤਾਰਨ ਦੇ ਕੋਲ ਹੋ ਗਈ ਸੀ।

ਸਿਹਤ ਸਹੂਲਤਾਂ ਦਾ ਨਾਸਿਕ ਪ੍ਰਬੰਧ ਇਸ ਪੱਖੋਂ ਵੀ ਕਿ ਅੰਗ ਪੈਰ ਕੱਟੇ ਵੱਢੇ ਨੂੰ ਜੰਟੇ ਦਾ ਭਰਾ ਤੇ ਮਾਮਾ ਫਾਰਮ ਹਾਊਸ 'ਚੋਂ ਚੁੱਕ ਕੇ ਹਸਪਤਾਲ ਲੈ ਕੇ ਆ ਗਏ ਸਨ ਪਰ ਹਸਪਤਾਲ ਦੀ ਡਾਕਟਰ ਇਹ ਵੇਖ ਹੀ ਨਾ ਸਕੀ। ਮੁਢਲੀ ਸਹਾਇਤਾ ਵੀ ਦੇ ਨਾ ਸਕੀ ਅਤੇ ਛੇਤੀ ਫਰੀਦਕੋਟ ਲਿਜਾਣ ਦੀ ਹਦਾਇਤ ਦੇ ਦਿੱਤੀ। ਕੱਟੇ ਵੱਢੇ ਭੀਮ ਟਾਂਕ ਤੇ ਗੁਰਜੰਟ ਸਿੰਘ ਨੂੰ ਅਬੋਹਰ ਤਦੋਂ ਅੰਮ੍ਰਿਤਸਰ ਲਗਭਗ 300 ਕਿਲੋਮੀਟਰ ਦੂਰ ਬਿਨਾਂ ਮੁਢਲੀ ਸਹਾਇਤਾ ਤੋਂ ਲੈ ਕੇ ਜਾਣਾ ਪਿਆ। ਜੇ ਸ਼ਿਵ ਲਾਲ ਡੋਡੇ ਦੇ ਆਦਮੀਆਂ ਨੇ ਭੀਮ ਨੂੰ ਵੱਢ ਟੁੱਕ ਕੇ ਸੁੱਟਿਆ ਸੀ ਤਾਂ ਉਹਦੀ ਮੌਤ ਇਥੋਂ ਦੇ ਗਏ ਗੁਜ਼ਰੇ ਸਿਹਤ ਵਿਭਾਗ ਕਰਕੇ ਹੀ ਹੋਈ ਜਿਸ ਨੇ ਉਹਨੂੰ ਮੁਢਲੀ ਸਹਾਇਤਾ ਵੀ ਨਹੀਂ ਦਿੱਤੀ।

ਭੀਮ ਟਾਂਕ ਦੀ ਮੌਤ ਪਿਛੋਂ ਪੁਲਿਸ ਨੇ ਜਿਹੜਾ ਪਹਿਲਾ ਬਿਆਨ ਦਿੱਤਾ ਉਹ ਸੀ ਕਿ ਇਹ ਕਤਲ ਗੈਂਗ ਵਾਰ ਦਾ ਸਿੱਟਾ ਹੈ। ਕਿਹੜੀ ਗੈਂਗ ਵਾਰ? ਫਾਰਮ ਹਾਊਸ ਸ਼ਿਵ ਲਾਲ ਡੋਡੇ ਦਾ। ਕਿਲ੍ਹਾਨੁਮਾ ਚਾਰਦੀਵਾਰੀ 'ਚ ਬੰਦ। ਹੈਰੀ ਅਤੇ ਅੰਮ੍ਰਿਤ ਡੋਡੇ ਦੇ ਸੱਦੇ ਉਤੇ ਭੀਮ ਟਾਂਕ ਅਤੇ ਗੁਰਜੰਟ ਨਿਹੱਥੇ ਉਨ੍ਹਾਂ ਦੇ ਕਿਲ੍ਹੇ ਅੰਦਰ ਗਏ। ਅੱਗੇ 25-30 ਹਥਿਆਰਬੰਦ ਆਦਮੀ ਜਿਨ੍ਹਾਂ ਦੇ ਦੋਹਾਂ ਨੂੰ ਢਾ ਲਿਆ। ਇਹ ਕਿਹੜੀ ਗੈਂਗ ਵਾਰ ਹੋਈ? ਇਹ ਧੋਖੇਬਾਜ਼ੀ ਜਾਂ ਇਹ ਯਾਰ ਮਾਰ ਤਾਂ ਹੋ ਸਕਦੀ ਹੈ ਕਿ ਘਰੇ ਸੱਦ ਕੇ ਕਤਲ ਕਰ ਦੇਣਾ। ਪੁਲਿਸ ਨੇ ਇਕ ਹੋਰ ਮਾਹਰਕਾ ਮਾਰਿਆ ਕਿ ਭੀਮ ਉਤੇ ਉਹਦੇ ਕਤਲ ਤੋਂ ਕੁਝ ਘੰਟੇ ਪਿਛੋਂ ਉਸ ਉਤੇ 'ਜਬਰਦਸਤੀ' ਕਰਨ ਦਾ ਇਕ ਪਰਚਾ ਅਬੋਹਰ ਦੇ ਥਾਣੇ 'ਚ ਦਰਜ ਕਰ ਦਿੱਤਾ। ਅਖ਼ਬਾਰਾਂ 'ਚ ਇਹ ਕਹਾਣੀ ਵੀ ਬਣਾਉਣ ਦੀ ਕੋਸ਼ਿਸ਼ ਕੀਤੀ ਤਾਂ ਕਿ ਅਸਲ ਦੋਸ਼ੀ ਅੰਮ੍ਰਿਤ ਲਾਲ ਡੋਡਾ ਤੇ ਸ਼ਿਵ ਲਾਲ ਡੋਡਾ ਕਿਸੇ ਢੰਗ ਨਾਲ ਸਾਫ਼ ਬਚ ਜਾਣ। ਦਿਲਚਸਪ ਤੱਥ ਇਹ ਵੀ ਕਿ ਸ਼ਾਮੀਂ ਜਦੋਂ ਅੰਮ੍ਰਿਤਸਰ ਤੋਂ ਭੀਮ ਟਾਂਕ ਦਾ ਮ੍ਰਿਤਕ ਸਰੀਰ ਲਿਆਂਦਾ ਜਾ ਰਿਹਾ ਸੀ ਤਾਂ ਪੁਲਿਸ ਨੇ ਪੋਸਟ ਮਾਰਟਮ ਫਾਜ਼ਿਲਕਾ ਤੋਂ ਕਰਾਉਣ ਲਈ ਦਬਾਅ ਪਾਇਆ। ਪਰਿਵਾਰ ਅਤੇ ਲੋਕਾਂ ਨੇ ਵਿਰੋਧ ਕੀਤਾ। ਇਸ ਸਮੇਂ ਵੀ ਕਤਲ ਦੀ ਐਫ. ਆਈ. ਆਰ. ਦਰਜ ਨਹੀਂ ਸੀ ਕੀਤੀ ਗਈ। ਲੋਕਾਂ ਦੇ ਪੁੱਛਣ ਉਤੇ ਐਸ. ਪੀ. ਗੁਰਬੇਜ ਸਿੰਘ ਅਤੇ ਡੀ. ਐਸ. ਪੀ. ਬਲੂਆਣਾ ਹਲਕਾ (ਵੀਰ ਚੰਦ) ਨੇ ਸਾਰੇ ਲੋਕਾਂ ਸਾਹਮਣੇ ਇਹ ਕਿਹਾ ਕਿ, "ਅਸੀਂ ਮਜ਼ਬੂਰ ਹਾਂ ਕੁਝ ਨਹੀਂ ਕਰ ਸਕਦੇ।" ਲੋਕਾਂ ਨੇ ਪੁਲਿਸ ਦੀਆਂ ਗੱਡੀਆਂ ਵਿਚ ਪੀ.ਬੀ. 22 ਐਲ. 7557 ਨੰਬਰ ਦੀ ਗੱਡੀ ਵੀ ਪਛਾਣ ਲਈ ਜਿਹੜੀ ਸ਼ਿਵ ਲਾਲ ਡੋਡਾ ਦੇ ਸ਼ਰਾਬ ਕਾਰੋਬਾਰ ਵਿਚ ਵਰਤੀ ਜਾਂਦੀ ਸੀ। ਹੁਣ ਸਵਾਲ ਇਹ ਵੀ ਉੱਠਦਾ ਹੈ ਕਿ ਜੇ ਗੁਰਜੰਟ ਦਾ ਭਰਾ ਰਾਣਾ ਅਤੇ ਉਹਦਾ ਮਾਮਾ ਉਹਨਾਂ ਨੂੰ ਜ਼ਖ਼ਮੀ ਹਾਲਤ ਵਿਚ ਫਾਰਮ ਹਾਊਸ 'ਚੋਂ ਦਲੇਰੀ ਨਾਲ ਨਾ ਚੁੱਕ ਕੇ ਲਿਆਉਂਦੇ ਤਾਂ ਉਹਨਾਂ ਦਾ ਕੀ ਬਣਦਾ ਅਤੇ ਪੁਲਿਸ ਕਿਹੜੀ ਕਹਾਣੀ ਬਣਾਉਂਦੀ।

ਲੋਕਾਂ ਨੂੰ ਸੁੱਰਖਿਆ ਅਤੇ ਅਮਨ ਕਾਨੂੰਨ ਦੀ ਸਥਿਤੀ ਨੂੰ ਬਣਾਈ ਰੱਖਣ ਵਾਲੀ ਫੋਰਸ ਪੁਲਿਸ ਦਾ ਇਹ ਚਿਹਰਾ ਅਤਿ ਖਤਰਨਾਕ ਹੈ। ਹਾਕਮ ਅਤੇ ਸੱਤਾ ਤੇ ਕਾਬਜ਼ ਧਿਰ ਜਿਵੇਂ ਪੁਲਿਸ ਨੂੰ ਆਪਣੇ ਹਿੱਤਾਂ ਲਈ ਇਕ ਸਹਾਇਕ ਫੋਰਸ ਦੇ ਰੂਪ ਵਿਚ ਪਿਛਲੇਰੇ 10 ਸਾਲ ਖੁੱਲ੍ਹ ਕੇ ਵਰਤਿਆ ਹੈ, ਨੇ ਪੁਲਿਸ ਦਾ ਲੋਕਾਂ ਵਿਚ ਸ਼ੱਕੀ ਅਤੇ ਅਪਰਾਧਿਕ ਚਿਹਰਾ ਬਣਾ ਦਿੱਤਾ ਹੈ। ਪੁਲਿਸ ਅਤੇ ਪੁਲਿਸ ਦੇ ਉਚ ਅਧਿਕਾਰੀ ਸੱਤਾ 'ਤੇ ਬੈਠੇ ਬੌਣੇ ਰਾਜਸੀ ਅਕਾਵਾਂ ਦੇ ਰਖੈਲਾਂ ਤੱਕ ਸੀਮਤ ਹੋ ਕੇ ਰਹਿ ਗਏ ਹਨ। ਸਿਪਾਹੀ ਜਾਂ ਛੋਟੇ ਅਧਿਕਾਰੀਆਂ ਦੀ ਗੱਲ ਨਹੀਂ, ਆਈ. ਪੀ. ਐਸ. ਰੈਂਕ ਵਾਲੇ ਆਲਾ ਅਫ਼ਸਰਾਂ ਦੇ ਅੰਦਰੋਂ ਮਾਨਵਤਾ ਦਾ ਖਤਮ ਹੋ ਜਾਣਾ ਜਾਂ ਸੰਵੇਨਹੀਣ ਹੋ ਜਾਣਾ ਹੋਰ ਵੀ ਜ਼ਿਆਦਾ ਚਿੰਤਾ ਦਾ ਵਿਸ਼ਾ ਹੈ।

12 ਦਿਨਾਂ ਪਿਛੋਂ ਪੰਜਾਬ ਪੁਲਿਸ ਦੇ ਉਚ ਅਧਿਕਾਰੀਆਂ ਨੇ ਥਾਣਾ ਬਹਾਵਵਾਲਾ ਦੇ ਮੁਖੀ ਹਰਿੰਦਰ ਸਿੰਘ ਚੰਮੇਲੀ ਅਤੇ ਅਬੋਹਰ ਥਾਣਾ 2 ਦੇ ਮੁਖੀ ਜਿਸ ਨੇ ਮ੍ਰਿਤਕ ਭੀਮ ਟਾਂਕ ਵਿਰੁੱਧ ਮਰਨ ਉਪਰੰਤ ਬਲਾਤਕਾਰ ਦਾ ਕੇਸ ਦਰਜ ਕੀਤਾ, ਨੂੰ ਬਰਖਾਸਤ ਕਰਨ ਦੇ ਆਦੇਸ਼ ਦਿੱਤੇ ਹਨ। ਬਰਖਾਸਤਗੀ ਤਾਂ ਇਸ ਸਮੱਸਿਆ ਦਾ ਹੱਲ ਨਹੀਂ। ਪੁਲਿਸ ਦੀ ਸਮੁੱਚੀ ਕਾਰਗੁਜ਼ਾਰੀ ਉਤੇ ਉਠੇ ਸਵਾਲਾਂ ਨੂੰ ਜਦ ਤੱਕ ਉਚ ਅਧਿਕਾਰੀ ਸੰਬੋਧਤ ਨਹੀਂ ਹੋਣਗੇ ਅਤੇ ਇਸ ਨੂੰ ਸੁਧਾਰਨਗੇ ਨਹੀਂ ਅਤੇ ਜਿੰਨਾ ਚਿਰ ਪੁਲਿਸ ਰਾਜਸੀ ਅਕਾਵਾਂ ਦੀ ਜੀ ਹਜ਼ੂਰੀ ਅਤੇ ਚੁੰਗਲ ਤੋਂ ਮੁਕਤ ਹੋ ਕੇ ਇਕ ਆਜ਼ਾਦ ਅਤੇ ਨਿਰਪੱਖ ਤਾਕਤ ਵਜੋਂ ਕੰਮ ਨਹੀਂ ਕਰੇਗੀ, ਇਹ ਕੁਝ ਵਾਪਰਦਾ ਰਹੇਗਾ।

ਇਨ੍ਹਾਂ ਸ਼ਰਾਬ ਮਾਫ਼ੀਆ ਗਰੋਹਾਂ ਦੀਆਂ ਗੱਡੀਆਂ ਜਿਨ੍ਹਾਂ ਉਤੇ ਐਕਸਾਈਜ਼ ਡਿਊਟੀ ਲਿਖਿਆ ਹੁੰਦਾ ਹੈ, ਦਿਨ ਦਿਹਾੜੇ ਸ਼ਰੇਆਮ ਹਰ ਸ਼ਹਿਰ ਕਸਬੇ ਵਿਚ ਦਹਿਸ਼ਤ ਹਥਿਆਰਾਂ ਅਤੇ ਡਾਗਾਂ ਸੋਟਿਆਂ ਸਮੇਤ ਘੁੰਮਦੀਆਂ ਰਹਿੰਦੀਆਂ ਹਨ। ਆਮ ਨਾਗਰਿਕਾਂ ਅਤੇ ਛੋਟੇ ਕਾਰੋਬਾਰੀ ਇਨ੍ਹਾਂ ਤੋਂ ਦਹਿਸ਼ਤਜਦਾ ਰਹਿੰਦੇ ਹਨ। ਪੁਲਿਸ ਨੇ ਕਦੇ ਇਨ੍ਹਾਂ ਨੂੰ ਰੋਕਿਆ ਨਹੀਂ। ਇਨ੍ਹਾਂ ਸ਼ਰਾਬ ਮਾਫ਼ੀਆ ਗਰੋਹਾਂ ਦਾ ਸ਼ਿਕਾਰ ਕਈ ਵੇਰ ਸਿਪਾਹੀ ਜਾਂ ਹੌਲਦਾਰ ਪੱਧਰ ਦੇ ਕਰਮਚਾਰੀ ਵੀ ਹੁੰਦੇ ਹਨ, ਜਿਨ੍ਹਾਂ ਨੂੰ ਸ਼ਰਾਬ ਦੀ ਲੱਤ ਹੁੰਦੀ ਹੈ। ਉਚ ਅਧਿਕਾਰੀਆਂ ਨੇ ਆਪਣੇ ਇਨ੍ਹਾਂ ਛੋਟੇ ਕਰਮਚਾਰੀਆਂ ਦੀ ਬੇਪਤੀ ਤੇ ਕੁੱਟਮਾਰ ਦਾ ਵੀ ਕਦੇ ਨੋਟਿਸ ਨਹੀਂ ਲਿਆ। ਇਸ ਮੁਤਬਾਦਲ (ਮੁਕਾਬਲੇ ਦੀ ਇਕ ਹੋਰ ਸਰਕਾਰ) ਜਮਹੂਰੀਅਤ ਅਤੇ ਕਾਨੂੰਨ ਵਿਵਸਥਾ ਦਾ ਮਜ਼ਾਕ ਉਡਾਉਂਦੀ ਹੈ ਅਤੇ ਪੰਜਾਬ ਦੇ ਜਨ ਸਾਧਾਰਨ ਲੋਕਾਂ ਲਈ ਇਕ ਚੈਲੰਜ ਹੈ।

ਨਿੱਜੀ ਫਾਰਮ ਹਾਊਸ ਦੀ ਚਾਰਦੀਵਾਰੀ ਦੇ ਅੰਦਰ, ਧੋਖੇ ਨਾਲ ਦੋ ਆਦਮੀਆਂ ਨੂੰ ਸੱਦਕੇ ਆਪਣੇ ਲੱਠ ਮਾਰਾ ਅਤੇ ਕਸਾਈਆਂ ਰਾਹੀਂ ਇਕ ਸਾਬਕਾ ਕਰਿੰਦੇ ਦੇ ਅੰਗ ਪੈਰ ਕੱਟ ਦੇਣਾ ਕੀ ਗੈਂਗ ਵਾਰ ਕਿਹਾ ਜਾ ਸਕਦਾ ਹੈ। ਉਦੋਂ ਜਦੋਂ ਫਾਰਮ ਹਾਊਸ ਵਿਚ ਨਹੀਂ ਸਨ। ਦਰਅਸਲ ਬਾਦਲ ਅਤੇ ਮਾਫ਼ੀਆ ਪੂੰਜੀ ਦੀ ਭਗਤੀ ਦਾ ਹੀ ਸਬੂਤ ਹੈ। ਅੰਮ੍ਰਿਤ ਡੋਡੇ ਦੇ ਸੱਦੇ ਉਤੇ ਹੀ ਭੀਮ ਟਾਂਕ ਅਤੇ ਗੁਰਜੰਟ ਰਾਏ ਅਤੇ ਸ਼ਿਵ ਲਾਲ ਡੋਡਾ ਫਾਰਮ ਹਾਊਸ ਹੀ ਨਹੀਂ ਸਭ ਕਾਰੋਬਾਰ ਦਾ ਮਾਲਕ ਹੈ ਜਿਸ ਦੀ ਇਜਾਜ਼ਤ ਬਿਨਾਂ ਫਾਰਮ ਹਾਊਸ 'ਚ ਪੱਤਾ ਨਹੀਂ ਹਿਲਦਾ, ਇਹ ਘਿਨਾਉਣੀ ਘਟਨਾ ਐਵੇਂ ਕਿਵੇਂ ਵਾਪਰੀ ਪੁਲਿਸ ਨੂੰ ਡੋਡਾ ਪਰਿਵਾਰ ਦੀ ਵਕਾਲਤ ਉਹਨਾਂ ਦੇ ਸਬੰਧਾਂ ਨੂੰ ਜੱਗ ਜ਼ਾਹਰ ਕਰਦੀ ਹੈ ਅਤੇ ਉਹਨੂੰ ਗ੍ਰਿਫ਼ਤਾਰ ਨਾ ਕਰਨਾ ਪਹਿਲਾਂ ਪਰਚੇ ਵਿਚ ਨਾ ਪਾਉਣਾ ਪੁਲਿਸ ਦੀ ਇਕਪਾਸੜ ਕਾਰਵਾਈ ਦਾ ਹੀ ਸਿੱਟਾ ਹੈ। ਪੰਜਾਬ ਵਿਚ ਕਈ ਦਹਾਕਿਆਂ ਪਿਛੋਂ ਨਵੇਕਲਾ ਤੇ ਬੇਰਹਿਮ ਕਤਲ ਕਾਂਡ ਹੋਇਆ ਹੋਵੇ ਅਤੇ ਪੁਲਿਸ ਕਈ ਦਿਨ ਸਾਧਾਰਨ ਕਤਲ ਕਹਿ ਕੇ ਟਾਲਦੀ ਰਹੇ, ਪਿਛਲੇਰੇ ਸਾਲਾਂ 'ਚ ਪੁਲਿਸ ਦੀ ਹਾਕਮ ਧਿਰ ਦੀ ਭਗਤੀ ਦਾ ਹੀ ਸੂਚਕ ਹੈ। ਜਾਂਚ ਤਾਂ ਇਹ ਕਰਨੀ ਬਣਦੀ ਹੈ ਕਿ ਸ਼ਿਵ ਲਾਲ ਡੋਡਾ ਨੇ ਭੀਮ ਟਾਂਕ ਵਰਗੇ ਕਿੰਨੇ ਬੇਰੁਜ਼ਗਾਰ ਨੌਜਵਾਨਾਂ ਨੂੰ ਖਪਾਇਆ ਹੋਵੇਗਾ ਅਤੇ ਇਸ ਫਾਰਮ ਹਾਊਸ 'ਚ ਪਹਿਲਾਂ ਕੀ ਕੁਝ ਹੁੰਦਾ ਰਿਹਾ ਹੋਵੇਗਾ ਇਸ ਰਹੱਸ ਨੂੰ ਕਿਹੜੀ ਜਾਂਚ



ਏਜੰਸੀ ਸਾਹਮਣੇ ਲਿਆਵੇਗੀ, ਪੰਜਾਬ ਦੇ ਲੋਕ ਤਾਂ ਇਹ ਵੇਖਣਾ ਚਾਹੁੰਦੇ ਹਨ। ਸ਼ਿਵ ਲਾਲ ਡੋਡਾ ਕੋਈ ਦੁੱਧ ਧੋਤਾ ਨਹੀਂ। ਗੁੜਗਾਵਾਂ ਨੇੜੇ ਤਾਰੂ ਥਾਣੇ ਵਿਚ 1990 'ਚ ਨਕਲੀ ਸ਼ਰਾਬ ਦੇ ਸਬੰਧ ਇਕ ਕੇਸ ਵਿਚ ਇਸ ਨੂੰ ਦੋ ਸਾਲ ਦੀ ਕੈਦ ਅਤੇ ਇਕ ਸਾਲ ਦਾ ਜੁਰਮਾਨਾ ਹੋਇਆ ਹੈ ਅਤੇ ਉਸ ਉਤੇ ਰੂਪ ਲਾਲ ਬਾਂਸਲ ਦੀਆਂ ਲੱਤਾਂ ਤੋੜਨ ਅਤੇ ਸਤਪਾਲ ਸੇਤੀਆ ਅਤੇ ਉਸ ਦੀ ਪਤਨੀ ਨੂੰ ਦਿਨ ਦਿਹਾੜੇ ਗੋਲੀਆਂ ਨਾਲ ਕਤਲ ਕਰ ਦੇਣ ਦੇ ਦੋਸ਼ ਤਾਂ ਲੱਗਦੇ ਆ ਰਹੇ ਹਨ। ਕੀ ਪੁਲਿਸ ਨੇ ਇਸ ਅਪਰਾਧਿਕ ਆਦਮੀ ਦੀ ਜਾਂਚ ਕੀਤੀ? ਜਦੋਂ ਕਿ ਸਾਰਾ ਅਬੋਹਰ ਸ਼ਹਿਰ ਇਸ ਅਪਰਾਧਿਕ ਖਰਾਬ ਪਤੀ ਕਾਰੋਬਾਰੀ ਦੇ ਮਾਫ਼ੀਆ ਗਰੋਹਾਂ ਦੀ ਦਹਿਸ਼ਤ ਤੋਂ ਦਹਿਸ਼ਤਜਦਾ ਹੈ।

ਪੁਲਿਸ ਵਲੋਂ ਭੀਮ ਟਾਂਕ ਦੀ ਮੌਤ ਤੋਂ ਕਈ ਘੰਟੇ ਪਿਛੋਂ ਉਸ ਉਤੇ ਇਕ ਬਲਾਤਕਾਰ ਦਾ ਪਰਚਾ ਦਰਜ ਕਰਨਾ ਆਪਣੇ ਆਪ ਵਿਚ ਹੀ ਕਈ ਸਵਾਲ ਖੜ੍ਹੇ ਕਰਦਾ ਹੈ। 1. ਪੁਲਿਸ ਇਹ ਕਹਿੰਦੀ ਹੈ ਕਿ ਉਨ੍ਹਾਂ ਪਾਸ 7 ਦਸੰਬਰ ਨੂੰ ਸਬੰਧਤ ਪੀੜਤ ਔਰਤ ਨੇ ਦਰਖਾਸਤ ਦਿੱਤੀ ਸੀ ਜਿਸ ਦੀ ਜਾਂਚ ਚਲ ਰਹੀ ਸੀ ਅਤੇ 11 ਦਸੰਬਰ ਜਿਸ ਦਿਨ ਉਹ ਕਤਲ ਹੋਇਆ ਉਸ ਦਿਨ ਪੂਰੀ ਹੋਣ ਪਿਛੋਂ ਉਸੇ ਦਿਨ ਸ਼ਾਮ ਨੂੰ ਇਹ ਪਰਚਾ ਦਰਜ ਕੀਤਾ ਗਿਆ। ਮਾਨਯੋਗ ਸੁਪਰੀਮ ਕੋਰਟ ਦੀਆਂ ਹਦਾਇਤਾਂ ਹਨ ਕਿ ਜਦੋਂ ਪੀੜਤ ਔਰਤ ਆਵੇ ਉਸੇ ਸਮੇਂ ਹੀ ਪੁਲਿਸ ਕੇਸ ਦਰਜ ਕਰੇ। ਕੀ ਇਹ ਸੁਪਰੀਮ ਕੋਰਟ ਦੀਆਂ ਹਦਾਇਤਾਂ ਦੀ ਉਲੰਘਣਾ ਨਹੀਂ? ਭੀਮ ਟਾਂਕ ਕੋਈ ਦੁੱਧ ਧੋਤਾ ਨਹੀਂ ਹੋਵੇਗਾ ਪਰ ਲੋਕ ਇਸ ਹਕੀਕੀ ਧਰਾਤਲ ਤੋਂ ਵੀ ਜਾਣੂ ਹਨ ਕਿ ਪੂੰਜੀ ਦੀ ਚਮਕ ਦਮਕ ਤੇ ਗਲੈਮਰ ਅਜਿਹੇ ਮਾਫ਼ੀਏ ਗਰੋਹ ਭੀਮ ਟਾਂਕ ਵਰਗੇ ਮਜ਼ਦੂਰਾਂ ਨੂੰ ਹੀ ਨਹੀਂ ਰੁਜ਼ਗਾਰ ਵਿਹੂਣੀਆਂ ਮਜ਼ਬੂਰ ਔਰਤਾਂ ਨੂੰ ਫਾਹ ਲੈਂਦੇ ਹਨ ਅਤੇ ਆਪਣੀ ਮਨਮਰਜ਼ੀ ਦੇ ਕੰਮ ਕਰਵਾਉਂਦੇ ਹਨ। 2. ਦੂਸਰਾ ਪੀੜਤਾ ਦੋ ਬੱਚਿਆਂ ਦੀ ਮਾਂ ਹੈ ਉਹ ਪੁਲਿਸ ਨਾਲੋਂ ਸ਼ਿਵ ਲਾਲ ਡੋਡਾ ਦੇ ਭਤੀਜੇ ਅੰਮ੍ਰਿਤ ਡੋਡਾ ਅਤੇ ਕਾਤਲ ਗਰੋਹ ਦੇ ਸਰਗਨੇ ਹੈਰੀ ਪਾਸ ਫਾਰਮ ਹਾਊਸ 'ਤੇ ਕਿਉਂ ਜਾਂਦੀ ਹੈ? ਇਨਸਾਫ਼ ਮਾਫ਼ੀਆ ਗਰੋਹ ਨੇ ਦੇਣਾ ਹੈ ਜਾਂ ਪੁਲਿਸ ਤੇ ਕਾਨੂੰਨ ਵਿਵਸਥਾ ਨੇ? ਭੀਮ ਦੇ ਕਤਲ ਪਿਛੋਂ ਅੰਗਰੇਜ਼ੀ ਟ੍ਰਿਬਿਊਨ ਦੇ ਪੱਤਰਕਾਰ ਕੋਲ ਇਹ ਤਸੱਲੀ ਪ੍ਰਗਟ ਕਰਦੀ ਹੈ ਕਿ 'ਪ੍ਰਮਾਤਮਾ ਨੇ ਉਹਨੂੰ ਸਜ਼ਾ ਦੇ ਦਿੱਤੀ'। ਤੀਸਰਾ ਕੀ ਇਹ ਔਰਤ ਨਾਲ ਜਬਰਦਸਤੀ ਵਾਲਾ ਕੇਸ ਭੀਮ ਟਾਂਕ ਉਤੇ ਦਬਾਅ ਬਣਾਉਣ ਦਾ ਸਾਧਨ ਨਹੀਂ ਸੀ ਜਿਸ ਹੇਠ ਹੀ ਉਹ ਨਾ ਚਾਹੁੰਦੇ ਹੋਇਆਂ ਵੀ ਫਾਰਮ ਹਾਊਸ ਗਿਆ ਅਤੇ ਪੁਲਿਸ ਵਲੋਂ ਮੌਤ ਪਿਛੋਂ ਕੇਸ ਦਰਜ ਕਰਨਾ ਭੀਮ ਦੇ ਹੋਰ ਮਿੱਤਰਾਂ ਨੂੰ ਦਹਿਸ਼ਤਜਦਾ ਕਰਨ ਦਾ ਹਥਿਆਰ ਨਹੀਂ ਹੈ?


ਸ਼ਿਵ ਲਾਲ ਡੋਡਾ ਸਾਧਾਰਨ ਬਰਫ਼ ਵੇਚਣ ਵਾਲੇ ਤੋਂ ਸ਼ਰਾਬ ਦਾ ਇਕ ਅਰਬ, ਖਰਬਪਤੀ ਕਾਰੋਬਾਰੀਆ ਕਿਵੇਂ ਬਣ ਗਿਆ? ਕੀ ਇਹ ਜਾਂਚ ਦਾ ਵਿਸ਼ਾ ਨਹੀਂ? ਜਾਂਚ ਤਾਂ ਇਹ ਵੀ ਹੋਣੀ ਚਾਹੀਦੀ ਹੈ ਕਿ ਇਸ ਸ਼ਰਾਬ ਅਤੇ ਭੁੱਕੀ ਦੇ ਮਹਾਂ ਠੇਕੇਦਾਰ ਦੇ ਅਕਾਲੀ ਦਲ ਨਾਲ ਨੇੜਲੇ ਰਿਸ਼ਤਿਆਂ ਵਿਚ ਸੁਖਬੀਰ ਬਾਦਲ ਅਤੇ ਬਿਕਰਮ ਸਿੰਘ ਮਜੀਠੀਆ ਦੀ ਕੀ ਸਾਂਝਭਿਆਲੀ ਹੈ? ਪੰਜਾਬ ਵਿਚ ਨਸ਼ਿਆਂ ਦੇ ਕਾਰੋਬਾਰ ਦੀ ਜਿਹੜੀ ਚਰਚਾ ਚਲਦੀ ਹੈ ਅਤੇ ਅਕਾਲੀ ਦਲ ਇਸ ਨੂੰ ਇਲਜ਼ਾਮਬਾਜ਼ੀ ਕਹਿ ਕੇ ਟਾਲਦਾ ਆ ਰਿਹਾ ਹੈ, ਭੀਮ ਟਾਂਕ ਦੇ ਕਤਲ ਅਤੇ ਗੁਰਜੰਟ ਦੇ ਨਾਕਾਰਾ ਹੋਣ ਨੇ ਇਸ ਕਾਲੇ ਕਾਰੋਬਾਰ ਦੀ ਅੰਦਰਲੀ ਹਕੀਕਤ ਨੂੰ ਜੱਗ ਜਾਹਿਰ ਕਰ ਦਿੱਤਾ ਹੈ। ਇਸ ਹਕੀਕਤ ਨੇ ਇਹ ਵੀ ਜ਼ਾਹਰ ਕਰ ਦਿੱਤਾ ਹੈ ਕਿ ਸਤਾ 'ਸੇਵਾ' ਕਰਨ ਲਈ ਨਹੀਂ 'ਸੇਵਾ ਫਲ' ਇਕੱਠਾ ਕਰਨ ਭਾਵ ਹੁੰਝਣ ਲਈ ਹੀ ਹੁੰਦੀ ਹੈ। ਸੁਖਬੀਰ ਬਾਦਲ ਜਦੋਂ ਚੋਣਾਂ 'ਚ ਜਿੱਤ ਦੇ ਦਾਅਵੇ ਕਰਦਾ ਹੈ ਤਾਂ ਉਹ ਇਸ 'ਸੇਵਾ ਫਲ' ਰਾਹੀਂ ਇਕੱਠੀ ਕੀਤੀ ਅਪਰਾਧਿਕ ਪੂੰਜੀ ਅਤੇ ਹਰ ਹਲਕੇ, ਹਰ ਪਿੰਡ ਤੱਕ ਫੈਲੇ ਇਨ੍ਹਾਂ ਮਾਫ਼ੀਆ ਗਰੋਹਾਂ ਦੀ ਤਾਕਤ ਜਾਂ ਕਹੋ ਦਹਿਸ਼ਤ ਦੇ ਜ਼ੋਰ ਉਤੇ ਹੀ ਕਰ ਰਿਹਾ ਹੈ ਜਿਥੇ ਇਨ੍ਹਾਂ ਰਾਜਸੀ ਸੱਤਾ ਪ੍ਰਾਪਤ ਕਾਰੋਬਾਰੀਆਂ ਦੀ ਹਜ਼ਾਰਾਂ ਨਹੀਂ ਲੱਖਾਂ ਗੁਣਾਂ 'ਚ ਜਾਇਦਾਦ 'ਚ ਹੋ ਰਹੇ ਵਾਧੇ ਦੀ ਜਾਂਚ ਹੋਣੀ ਚਾਹੀਦੀ ਹੈ, ਉਥੇ ਪੁਲਿਸ ਅਧਿਕਾਰੀਆਂ ਦੀਆਂ ਜਾਇਦਾਦਾਂ ਵਿਚ ਹੋ ਰਹੇ ਇਜ਼ਾਫਿਆਂ ਦੀ ਜਾਂਚ ਵੀ ਹੋਣੀ ਚਾਹੀਦੀ ਹੈ। ਜਿਵੇਂ ਐਸ. ਐਚ. ਓ. ਹਰਿੰਦਰ ਸਿੰਘ ਚੰਮੇਲੀ ਜਿਹੜਾ ਸ਼ਿਵ ਲਾਲ ਡੋਡੇ ਦੇ ਫਾਰਮ ਹਾਊਸ ਉਤੇ ਰਿਹਾਇਸ਼ ਰੱਖ ਰਿਹਾ ਸੀ, ਨੇ ਪਿਛਲੇ ਸਮੇਂ 'ਚ ਹੀ ਅਬੋਹਰ ਨੇੜੇ ਜ਼ਮੀਨ ਖ਼ਰੀਦੀ ਹੈ। ਇਹ ਜ਼ਮੀਨ ਖ਼ਰੀਦਣ ਲਈ ਕਿਥੋਂ ਅਤੇ ਕਿਵੇਂ ਪੈਸਾ ਆਇਆ ਇਹਦੀ ਜਾਂਚ ਤਾਂ ਹੋਣੀ ਹੀ ਬਣਦੀ ਹੈ। ਇਸ ਪਾਪ ਦੀ ਕਮਾਈ 'ਚੋਂ ਉਚ ਅਧਿਕਾਰੀਆਂ ਤੱਕ ਕੀ ਪਹੁੰਚਦਾ ਹੈ? ਇਹ ਵੀ ਜਗ ਜ਼ਾਹਰ ਹੋਣਾ ਚਾਹੀਦਾ ਹੈ। ਪੁਲਿਸ ਦੇ ਇਕ ਅਧਿਕਾਰੀ ਦਾ ਇਹ ਕਹਿਣਾ ਕਿ "ਅਸੀਂ ਮਜ਼ਬੂਰ ਹਾਂ ਕੁਝ ਨਹੀਂ ਕਰ ਸਕਦੇ।" ਆਪਣੇ ਆਪ ਵਿਚ ਹੀ ਇਕ ਸਵਾਲ ਹੈ ਕਿ ਸਮੁੱਚੇ ਰਾਜਕੀ ਤੰਤਰ ਨੇ ਸਮੁੱਚੀ ਮਸ਼ੀਨਰੀ ਤੇ ਜਮਹੂਰੀ ਤਾਣੇ ਬਾਣੇ ਨੂੰ ਤਹਿਸ਼-ਨਹਿਸ਼ ਹੀ ਨਹੀਂ ਕਰ ਦਿੱਤਾ ਸਗੋਂ ਆਪਣੀ ਰਾਜਸੀ ਧਿਰ ਦੀ ਤਾਨਾਸ਼ਾਹੀ ਦੇ ਅਧੀਨ ਕਰ ਲਿਆ ਹੈ। ਪ੍ਰਬੰਧ ਦਾ ਇਉਂ ਨਿਪੁੰਸਕ ਹੋ ਜਾਣਾ ਜਮਹੂਰੀ ਕਦਰਾਂ ਕੀਮਤਾਂ ਅਤੇ ਆਮ ਲੋਕਾਂ ਲਈ ਇਕ ਚਿੰਤਾਜਨਕ ਵਰਤਾਰਾ ਤਾਂ ਹੈ ਹੀ ਸੰਵਿਧਾਨਕ ਢਾਂਚੇ ਲਈ ਵੀ ਖਤਰਨਾਕ ਹੈ। ਇਹੋ ਅਰਾਜਕ ਮਾਹੌਲ ਹੈ ਜਿਸ ਵਿਚ ਅਪਰਾਧਿਕ ਪੂੰਜੀ ਦੇ ਗਰੋਹ ਇਕ ਬਦਲਵੀਂ ਸੱਤਾ ਉਤੇ ਬੈਠੇ ਹਨ। ਜਿਨ੍ਹਾਂ ਦੀ ਚਮਕ ਦਮਕ ਅਤੇ ਗਲੈਮਰ ਵਿਚ ਭੀਮ ਟਾਂਕ ਜਾਂ ਗੁਰਜੰਟ ਹੈਰੀ ਵਰਗੇ ਬੇਰੁਜ਼ਗਾਰ ਸੈਂਕੜੇ ਨੌਜਵਾਨ ਫਸ ਜਾਂਦੇ ਹਨ। ਇਸ ਅਪਰਾਧਿਕ ਪੂੰਜੀ ਦੇ ਪਸਾਰੇ ਅਤੇ ਗੈਰ ਕਾਨੂੰਨੀ ਧੰਦਿਆਂ ਵਿਚ ਵਰਤੇ ਜਾਂਦੇ ਹਨ ਅਤੇ ਜ਼ਰਾਇਮਪੇਸ਼ਾ ਕਾਰਵਾਈਆਂ ਨੂੰ ਅੰਜਾਮ ਦਿੰਦੇ ਹਨ। ਪੰਜਾਬ ਵਿਚ ਹੀ ਨਹੀਂ ਦੇਸ਼ ਵਿਚ ਕਿੰਨੇ ਸ਼ਿਵ ਲਾਲ ਡੋਡੇ ਹੋਣਗੇ ਤੇ ਕਿੰਨੇ ਅੰਮ੍ਰਿਤ ਡੋਡੇ ਹੋਣਗੇ ਜਿਹੜੇ ਅਜਿਹੇ ਬੇਰੁਜ਼ਗਾਰ ਮਜਬੂਰ ਅਤੇ ਗੈਰ ਮਾਲਕੀ ਵਾਲੇ ਨੌਜਵਾਨਾਂ ਨੂੰ ਪੈਸੇ ਦੀ ਚਮਕ ਦਮਕ ਦਿਖਾ ਕੇ ਵਰਤਦੇ ਅਤੇ ਫਿਰ ਭੀਮ ਟਾਂਕ ਵਾਂਗੂੰ ਮੁੱਦਾ ਮੁਕਾ ਕੇ ਸੁੱਟ ਦਿੰਦੇ ਹਨ। ਇਸ ਪੂਰੀ ਅਪਰਾਧਿਕ ਪ੍ਰਬੰਧ ਦੀ ਜਾਂਚ ਕਿਸੇ ਸੀ.ਬੀ.ਆਈ. ਜਾਂ ਉਚ ਏਜੰਸੀ ਨੇ ਨਹੀਂ ਕਰ ਸਕਣੀ। ਇਸ ਸਮੁੱਚੇ ਰਾਜਸੀ ਅਤੇ ਸਮਾਜਿਕ ਤਾਣੇ ਬਾਣੇ ਵਿਚ ਫੈਲੀ ਅਪਰਾਧਿਕ ਪੂੰਜੀ ਦੇ ਮਾਫ਼ੀਆ ਤੰਤਰ ਨੂੰ ਪੰਜਾਬ ਦੇ ਚੇਤੰਨ ਲੋਕ ਪਹਿਚਾਣ ਕੇ ਹੀ ਇਸ ਵਿਰੁੱਧ ਇਕ ਤਾਕਤਵਰ ਦੀਵਾਰ ਬਣ ਸਕਦੇ ਹਨ ਤਾਂ ਕਿ ਭੀਮ ਟਾਂਕ ਵਰਗੇ ਨੌਜਵਾਨ ਨਾ ਇਨ੍ਹਾਂ ਦੀ ਚੁੰਗਲ 'ਚ ਫਸਣ ਅਤੇ ਨਾ ਉਨ੍ਹਾਂ ਨੂੰ ਅਜਿਹਾ ਹਸਰ ਵੇਖਣਾ ਪਵੇ। ਨਾ ਪਾਰੀ [ਜਿਸ ਨੇ ਹੱਥ ਪੈਰ ਕੱਟਣ ਦੀ ਭੂਮਿਕਾ ਨਿਭਾਈ] ਵਰਗੇ ਕਸਾਈ ਅਮਾਨਵੀ ਅਤੇ ਪਸ਼ੂ ਬਿਰਤੀ ਦੀ ਅਵਸਥਾ ਤੱਕ ਪਹੁੰਚ ਕੇ ਇਸ ਅਪਰਾਧਿਕ ਪੂੰਜੀ ਦੀ ਸੇਵਾ ਕਰਨ ਦੀ ਭੂਮਿਕਾ ਨਿਭਾਉਣ।

ਇਸ ਸਮੁੱਚੇ ਵਰਤਾਰੇ 'ਚੋਂ ਇਕ ਹੋਰ ਸਵਾਲ ਜਿਹੜਾ ਬੁਨਿਆਦੀ ਹੈ ਉਭਰਦਾ ਹੈ ਕਿ ਸ਼ਰਾਬ ਦੇ ਠੇਕਿਆਂ ਉਤੇ ਕੰਮ ਕਰਦੇ ਅਜਿਹੇ ਕਰਿੰਦਿਆਂ ਨੂੰ ਕਦੇ ਕਿਸੇ ਨੇ ਲੇਬਰ ਕਾਨੂੰਨ ਮੁਤਾਬਕ ਮਜ਼ਦੂਰਾਂ ਦੇ ਵਾਂਗੂੰ ਨਾ ਵੇਖਿਆ ਅਤੇ ਰਜਿਸਟਰਡ ਕੀਤਾ ਹੈ ਨਾ ਹੀ ਲੇਬਰ ਲਾਅ ਮੁਤਾਬਕ ਇਨ੍ਹਾਂ ਨੂੰ ਬਣਦੀ ਤਨਖਾਹ ਜਾਂ ਹੋਰ ਸਹੂਲਤਾਂ ਉਪਲਬਧ ਕਰਵਾਈਆਂ ਹਨ। ਕੀ ਇਹ ਸਥਾਈ ਕਾਮੇ ਨਹੀਂ? ਕੀ ਇਨ੍ਹਾਂ ਨੂੰ ਵਗਾਹੀ ਮਜ਼ਦੂਰਾਂ 'ਚ ਰੱਖਿਆ ਜਾਵੇ? ਹਕੂਮਤ ਜਦੋਂ ਠੇਕਿਆਂ ਦੇ ਲਾਇਸੰਸ ਜਾਰੀ ਕਰਦੀ ਹੈ ਤਾਂ ਇਹ ਸ਼ਰਾਬ ਲੋਕਾਂ ਤੱਕ ਪਹੁੰਚਾਉਣ ਵਾਲੇ ਅਮਲੇ ਫੈਲੇ ਦੀ ਰਜਿਸਟ੍ਰੇਸ਼ਨ ਜਾਂ ਰਿਕਾਰਡ ਰੱਖਣਾ ਜ਼ਰੂਰੀ ਨਹੀਂ ਬਣਦਾ? ਪੰਜਾਬ ਭਰ 'ਚ ਇਹ ਹਜ਼ਾਰਾਂ ਦੀ ਗਿਣਤੀ 'ਚ ਹੋਣਗੇ। ਇਨ੍ਹਾਂ ਦੀ ਰਜਿਸਟ੍ਰੇਸ਼ਨ ਤੇ ਰਿਕਾਰਡ ਰੱਖਣ ਲਈ ਕੀ ਕੋਈ ਸਰਕਾਰੀ ਹਦਾਇਤ ਬਣੇਗੀ? ਗਰੀਬ ਪਰਿਵਾਰਾਂ ਦੇ ਇਨ੍ਹਾਂ ਭੀਮ ਟਾਂਕ ਵਰਗੇ ਬੱਚਿਆਂ ਨੂੰ ਜੇ ਅਜਿਹੇ ਖ਼ਤਰਨਾਕ ਵਪਾਰ ਦੇ ਕਰਿੰਦੇ ਬਣਨ ਲਈ ਮਜ਼ਬੂਰ ਹੋਣਾ ਪੈਂਦਾ ਹੈ ਤਾਂ ਸਰਕਾਰ ਨੇ ਇਨ੍ਹਾਂ ਕਾਮਿਆਂ ਪ੍ਰਤੀ ਬਣਦੀ ਆਪਣੀ ਹੁਣ ਤੱਕ ਕੀ ਜ਼ਿੰਮੇਵਾਰੀ ਨਿਭਾਈ ਅਤੇ ਅੱਗੋਂ ਅਜਿਹੇ ਮਾਫ਼ੀਆ ਗਰੋਹਾਂ ਉਤੇ ਕੁਝ ਰੋਕ ਲੱਗੇ ਕੀ ਉਸ ਲਈ ਜ਼ਰੂਰੀ ਨਹੀਂ ਕਿ ਇਨ੍ਹਾਂ ਨੂੰ ਕਿਰਤ ਕਾਨੂੰਨਾਂ ਦੇ ਅਧੀਨ ਰਜਿਸਟਰਡ ਕੀਤਾ ਜਾਵੇ ਅਤੇ ਇਸ ਦਾ ਸਾਰਾ ਰਿਕਾਰਡ ਲੇਬਰ ਦਫ਼ਤਰ ਵਿਚ ਵੀ ਹੋਵੇ। ਕੀ ਸ਼ਿਵ ਲਾਲ ਡੋਡੇ ਵਰਗੇ ਕਿਰਤ ਕਾਨੂੰਨਾਂ ਦੀ ਉਲੰਘਣਾ ਦੇ ਵੀ ਦੋਸ਼ੀ ਨਹੀਂ ਬਣਦੇ?

## ਵਿਦਿਆਰਥੀ ਰੋਹਿਤ ਵੇਮੁਲਾ ਦੀ ਆਖ਼ਰੀ ਤੇ ਪਹਿਲੀ ਲਿਖਤ

# ਦਲਿਤ ਵੇਦਨਾ ਦਾ ਖ਼ਾਮੋਸ਼ ਦਹਿਕਦਾ ਲਾਵਾ

-ਮੀਨਾ ਕੰਦਾਸਾਮੀ
ਅਨੁ. ਤੇ ਪੇਸ਼ਕਸ਼: ਬੂਟਾ ਸਿੰਘ




*[ਹੈਦਰਾਬਾਦ ਖ਼ੁਦਕੁਸ਼ੀ ਕਾਂਡ ਦੇ ਪ੍ਰਤੀਕਰਮ ਵਜੋਂ ਸੰਵੇਦਨਸ਼ੀਲ ਲੇਖਕਾ, ਕਵਿੱਤਰੀ, ਕਾਰਕੁੰਨ ਮੀਨਾ ਕੰਦਾਸਾਮੀ ਦਾ ਇਹ ਲੇਖ ਪਾਠਕਾਂ ਨਾਲ ਸਾਂਝਾ ਕੀਤਾ ਜਾ ਰਿਹਾ ਹੈ ਜੋ ਦੁਨੀਆ ਦੀ 'ਸਭ ਤੋਂ ਵੱਡੀ ਜਮਹੂਰੀਅਤ' ਦੀਆਂ ਸਿਖਿਆ ਸੰਸਥਾਵਾਂ ਵਿਚ ਦੱਬੇਕੁਚਲੇ ਸਮਾਜ 'ਚੋਂ ਆਉਣ ਵਾਲੇ ਵਿਦਿਆਰਥੀਆਂ ਦੀ ਦਰਦਨਾਕ ਹਾਲਤ ਦਾ ਇਕ ਸਜਿੰਦ ਵੇਰਵਾ ਪੇਸ਼ ਕਰਦਾ ਹੈ। ਇਸ ਕਾਂਡ ਤੋਂ ਪਿੱਛੋਂ ਤਾਮਿਲਨਾਡੂ ਵਿਚ ਤਿੰਨ ਮੈਡੀਕਲ ਵਿਦਿਆਰਥਣਾਂ ਨੇ ਖ਼ੁਦਕੁਸ਼ੀ ਕੀਤੀ ਹੈ, ਧਾਰਵੀ (ਮੁੰਬਈ) ਵਿਚ ਰੋਸ-ਪ੍ਰਗਟਾ ਰਹੇ ਦਲਿਤਾਂ ਉੱਪਰ ਆਰ. ਐੱਸ. ਐੱਸ. ਦੇ ਲੱਠਮਾਰਾਂ ਨੇ ਹਮਲਾ ਕਰਕੇ ਇਕ ਦਰਜਨ ਵਿਖਾਵਾਕਾਰੀਆਂ ਨੂੰ ਜ਼ਖਮੀ ਕਰ ਦਿੱਤਾ ਹੈ ਅਤੇ ਲਖਨਊ ਯੂਨੀਵਰਸਿਟੀ ਵਿਚ ਰੋਹਿਤ ਦੀ ਖ਼ੁਦਕੁਸ਼ੀ ਨੂੰ ਲੈ ਕੇ ਮੋਦੀ ਦੇ ਖ਼ਿਲਾਫ਼ ਰੋਹ ਪ੍ਰਗਟਾਉਣ ਵਾਲੇ ਤਿੰਨ ਦਲਿਤ ਵਿਦਿਆਰਥੀਆਂ, ਜਿਨ੍ਹਾਂ ਵਿੱਚੋਂ ਇਕ ਗੋਲਡ ਮੈਡਲਿਸਟ ਹੈ, ਯੂਨੀਵਰਸਿਟੀ ਵਿੱਚੋਂ ਕੱਢਿਆ ਗਿਆ ਹੈ। ਹਿੰਦੂਤਵੀ ਬ੍ਰਿਗੇਡ ਦੇ ਸੱਤਾਧਾਰੀ ਹੋਣ ਨਾਲ ਬਹੁਤ ਹੀ ਸੰਗੀਨ ਬਣ ਚੁੱਕੇ ਹਾਲਾਤ ਇਸ ਵਰਤਾਰੇ ਦੀਆਂ ਜੜ੍ਹਾਂ ਨੂੰ ਪੂਰੀ ਸ਼ਿੱਦਤ ਨਾਲ ਸਮਝਕੇ ਇਨ੍ਹਾਂ ਉੱਪਰ ਸੱਟ ਮਾਰਨ ਲਈ ਹੁੱਝਾਂ ਮਾਰਦੇ ਹਨ।]*

ਇਕ ਦਲਿਤ ਵਿਦਿਆਰਥੀ ਦੀ ਖ਼ੁਦਕੁਸ਼ੀ ਹਾਲਾਤ ਵਿੱਚੋਂ ਨਿਕਲਣ ਦਾ ਇਕ ਇਕੱਲੇ ਇਨਸਾਨ ਦਾ ਹੀਲਾ ਨਹੀਂ ਹੁੰਦੀ, ਇਹ ਉਸ ਸਮਾਜ ਨੂੰ ਸ਼ਰਮਿੰਦਾ ਕਰਨ ਦੀ ਕਾਰਵਾਈ ਹੁੰਦੀ ਹੈ, ਜਿਸਨੇ ਉਸਦਾ ਸਾਥ ਨਹੀਂ ਦਿੱਤਾ। ਰੋਹਿਤ ਵੇਮੁਲਾ ਦੀ ਮੌਤ ਉਨ੍ਹਾਂ ਵਲੋਂ ਜਾਤੀਵਾਦੀ, ਫਿਰਕਾਪ੍ਰਸਤ ਤਾਕਤਾਂ ਦੇ ਖ਼ਿਲਾਫ਼ ਚਲਾਏ ਜਾ ਰਹੇ ਸੰਘਰਸ਼ ਦੇ ਇਕ ਐਸੇ ਉਦਾਸੀ ਵਾਲੇ ਅੰਜਾਮ ਦੇ ਰੂਪ 'ਚ ਸਾਹਮਣੇ ਆਈ ਹੈ, ਜਿਸਦਾ ਪਹਿਲਾਂ ਤੋਂ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ ਸੀ। ਉਨ੍ਹਾਂ ਪੰਜ ਦਲਿਤ ਸਕਾਲਰਾਂ ਵਿੱਚੋਂ ਇਕ ਰੋਹਿਤ ਆਪਣੇ ਆਖ਼ਰੀ ਪਲ ਤਕ ਮਜ਼ਬੂਤੀ ਨਾਲ ਡਟਿਆ ਰਿਹਾ, ਜਿਨ੍ਹਾਂ ਨੂੰ ਪਿਛਾਖੜੀ ਵਿਦਿਆਰਥੀ ਜਥੇਬੰਦੀ ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ ਵਲੋਂ ਲਾਏ ਗਏ ਇਲਜ਼ਾਮਾਂ ਦੇ ਅਧਾਰ 'ਤੇ ਹੈਦਰਾਬਾਦ ਯੂਨੀਵਰਸਿਟੀ ਵਿੱਚੋਂ ਕੱਢ ਦਿੱਤਾ ਗਿਆ ਸੀ। ਇੱਥੋਂ ਤਕ ਕਿ ਮੌਤ ਦੇ ਰਾਹ ਉੱਪਰ ਧੱਕੇ ਜਾਣ ਦੇ ਆਪਣੇ ਆਖ਼ਰੀ ਵਕਤ ਵੀ ਰੋਹਿਤ ਨੇ ਹਾਲਾਤ ਨਾਲ ਮੱਥਾ ਲਾਉਣ ਦੀ ਆਪਣੀ ਲਚਕ ਬਰਕਰਾਰ ਰੱਖੀ। ਉਹ ਵਿਦਿਆਰਥੀਆਂ ਦੇ ਅਸੁਰੱਖਿਅਤ ਹਾਲਾਤ ਬਾਰੇ ਸਾਡੀਆਂ ਅੱਖਾਂ ਖੋਹਲ ਗਿਆ, ਅਤੇ ਸਾਡੇ ਸਿਖਿਆ ਪ੍ਰਬੰਧ ਦੀ ਅਸਲ ਹਾਲਤ ਨੂੰ ਵੀ ਜੱਗ ਜ਼ਾਹਰ ਕਰ ਗਿਆ: ਦਲਿਤ ਵਿਦਿਆਰਥੀਆਂ ਨੂੰ ਕੱਢਣ ਦੇ ਦਹਾਕੇ ਪੁਰਾਣੇ ਇਤਿਹਾਸ ਵਾਲਾ ਇਕ ਵਾਈਸ ਚਾਂਸਲਰ, ਸੱਜੇ ਪੱਖੀ ਹਿੰਦੂਤਵੀ ਤਾਕਤਾਂ ਦੀ ਬਦਲਾਲਊ ਮੁਹਿੰਮ ਵਿਚ ਕੇਂਦਰੀ ਮੰਤਰੀਆਂ ਦੀ ਸ਼ਮੂਲੀਅਤ, ਸਮੁੱਚੀ ਪ੍ਰਸ਼ਾਸਨਿਕ ਮਸ਼ੀਨਰੀ ਦਾ ਹੁਕਮਰਾਨ ਸਿਆਸੀ ਪਾਰਟੀਆਂ ਦੀ ਕਠਪੁਤਲੀ ਬਣ ਜਾਣਾ ਅਤੇ ਸਮਾਜੀ ਬੇਪ੍ਰਵਾਹੀ ਦੇ ਤ੍ਰਾਸਦਿਕ ਸਿੱਟੇ।

ਇਨ੍ਹਾਂ ਪੰਜ ਦਲਿਤ ਵਿਦਿਆਰਥੀਆਂ ਨੂੰ ਕੱਢੇ ਜਾਣ ਤੋਂ ਵੱਧਕੇ ਇਸ ਦੀ ਕੋਈ ਜ਼ਬਰਦਸਤ ਮਿਸਾਲ ਨਹੀਂ ਮਿਲ ਸਕਦੀ ਕਿ ਜਾਤਪਾਤੀ ਪ੍ਰਬੰਧ ਕੰਮ ਕਿਵੇਂ ਕਰਦਾ ਹੈ। ਹਾਲਾਂਕਿ ਉਨ੍ਹਾਂ ਨੂੰ ਕੱਢੇ ਜਾਣ ਦੀ ਵਜ੍ਹਾ ਨਾਲ ਦਲਿਤ ਬਹੁਜਨ ਵਿਦਿਆਰਥੀ ਭਾਈਚਾਰੇ ਦਰਮਿਆਨ ਇਕਜੁੱਟਤਾ ਦੀ ਭਾਵਨਾ ਮਜ਼ਬੂਤ ਹੋਈ ਸੀ, ਲੇਕਿਨ ਉਨ੍ਹਾਂ ਨੂੰ ਕੱਢੇ ਜਾਣ ਦੀ ਕਾਰਵਾਈ ਨੇ ਖ਼ੌਫ਼ਨਾਕ ਹਕੀਕਤਾਂ ਚੇਤੇ ਕਰਾ ਦਿੱਤੀਆਂ ਹਨ। ਬਿਲਕੁਲ ਮਨੂ ਸਮ੍ਰਿਤੀ ਵਲੋਂ ਆਵਰਣਾਂ (ਭਾਵ ਦਲਿਤਾਂ) ਨੂੰ ਜਾਤਪਾਤੀ ਖ਼ਾਨਿਆਂ ਤੋਂ ਬਾਹਰ ਰਹਿਣ ਦੇ ਫ਼ਰਮਾਨ ਦੀ ਤਰ੍ਹਾਂ ਹੀ, ਇਸ ਸਜ਼ਾ ਵਿਚ ਵੀ ਉਹ ਸਾਰੇ ਪ੍ਰਤੀਕ ਸ਼ਾਮਲ ਸਨ ਜਿਨ੍ਹਾਂ ਵਿਚ ਜਾਤਪਾਤੀ ਸਫ਼ਾਈ ਦੀ ਧਾਰਨਾ ਛੁਪੀ ਹੋਈ ਸੀ। ਸਿਖਿਆ ਹੁਣ ਜ਼ਾਬਤਾਬੱਧ ਕਰਨ ਜਾਣ ਵਾਲਾ ਉੱਦਮ ਬਣ ਗਈ ਹੈ, ਜੋ ਦਲਿਤ ਵਿਦਿਆਰਥੀਆਂ ਦੇ ਖ਼ਿਲਾਫ਼ ਕੰਮ ਕਰ ਰਹੀ ਹੈ: ਉਹ ਲਗਾਤਾਰ ਰਸਟੀਕੇਟ ਕਰ ਦਿੱਤੇ ਜਾਣ, ਹਮੇਸ਼ਾ ਲਈ ਕੱਢ ਦਿੱਤੇ ਜਾਣ, ਬਦਨਾਮ ਕੀਤੇ ਜਾਣ ਜਾਂ ਪੜ੍ਹਾਈ ਛੁੱਟ ਜਾਣ ਦੇ ਖ਼ੌਫ਼ ਹੇਠ ਜਿਊਂਦੇ ਹਨ। ਇਕ ਐਸੇ ਸਮਾਜ ਵਿਚ ਜਿੱਥੇ ਵਿਦਿਆਰਥੀਆਂ ਨੇ ਰਾਖਵੇਂਕਰਨ ਦੀਆਂ ਨੀਤੀਆਂ ਜ਼ਰੀਏ ਉੱਚ ਸਿੱਖਿਆ ਸੰਸਥਾਵਾਂ ਵਿਚ ਪਹੁੰਚਣ ਦੇ ਸਮਰੱਥ ਬਣਾਉਣ ਵਾਲੀ, ਸੁਰੱਖਿਆ ਦੇਣ ਵਾਲੀ ਧਾਰਨਾ ਦੇ ਤਹਿਤ ਇਹ ਯਕੀਨੀਂ ਬਣਾਏ ਜਾਣ ਲਈ ਵਿਆਪਕ ਸੰਘਰਸ਼ ਕੀਤਾ ਹੈ, ਕਿਸੇ ਨੇ ਵੀ ਇਸ ਗੱਲ ਉੱਪਰ ਚਾਨਣਾ ਪਾਉਣ ਦੀ ਹਿੰਮਤ ਨਹੀਂ ਕੀਤੀ ਕਿ ਇਨ੍ਹਾਂ ਵਿੱਚੋਂ ਕਿੰਨੇ ਵਿਦਿਆਰਥੀਆਂ ਨੂੰ ਇਸਦੀ ਇਜਾਜ਼ਤ ਮਿਲਦੀ ਹੈ ਕਿ ਉਹ ਡਿਗਰੀ ਹਾਸਲ ਕਰਕੇ ਇਨ੍ਹਾਂ ਸੰਸਥਾਵਾਂ ਤੋਂ ਕਾਮਯਾਬ ਹੋ ਕੇ ਵਾਪਸ ਮੁੜ ਸਕਣ, ਅਤੇ ਕਿੰਨਿਆਂ ਨੂੰ ਪੜ੍ਹਾਈ ਅੱਧ-ਵਿਚਾਲੇ ਹੀ ਛੱਡਣੀ ਪੈ ਜਾਂਦੀ ਹੈ ਅਤੇ ਇਸ ਤਰ੍ਹਾਂ ਉਹ ਨਾਉਮੀਦੀ ਦੀ ਨਿਰਾਸ਼ਤਾ ਦੇ ਪੱਕੇ ਸ਼ਿਕਾਰ ਹੋ ਜਾਂਦੇ ਹਨ ਅਤੇ ਕਿੰਨੇ ਆਖ਼ਿਰਕਾਰ ਮੌਤ ਦੇ ਅੰਜਾਮ ਤਕ ਜਾ ਪਹੁੰਚਦੇ ਹਨ।

ਰੋਹਿਤ ਵੇਮੁਲਾ ਵਰਗੇ ਜੋ ਦਲਿਤ ਵਿਦਿਆਰਥੀ ਡਾਕਟਰ ਡਿਗਰੀ ਲਈ ਯੂਨੀਵਰਸਿਟੀਆਂ ਵਿਚ ਦਾਖ਼ਲ ਹੋਣ ਵਿਚ ਕਾਮਯਾਬ ਹੋ ਜਾਂਦੇ ਹਨ, ਇਹੀ ਉਨ੍ਹਾਂ ਦੀ ਸਮਝਦਾਰੀ, ਜ਼ਿਦ ਅਤੇ ਜਾਤਪਾਤੀ ਭੇਦਭਾਵ ਦੇ ਖ਼ਿਲਾਫ਼ ਉਨ੍ਹਾਂ ਦੇ ਅਣਥੱਕ ਸੰਘਰਸ਼ ਦੀ ਨਿਸ਼ਾਨੀ ਹੁੰਦੀ ਹੈ, ਉਹ ਭੇਦਭਾਵ ਜੋ ਪਹਿਲੇ ਦਿਨ ਤੋਂ ਹੀ ਉਨ੍ਹਾਂ ਨੂੰ ਤਬਾਹ ਕਰ ਦੇਣ ਦੀ



ਕੋਸ਼ਿਸ਼ ਕਰਦਾ ਹੈ।

ਜਾਤਪਾਤੀ ਧੌਂਸ ਨਾਲ ਗੜੁੱਚ ਪਾਠ-ਪੁਸਤਕਾਂ, ਅਲਹਿਦਗੀ ਨੂੰ ਹੋਰ ਵੀ ਪੱਕਾ ਕਰ ਦੇਣ ਵਾਲੇ ਕਾਲਜ ਕੈਂਪਸਾਂ ਦਾ ਮਾਹੌਲ, ਆਪਣੇ ਹੈਂਕੜਬਾਜ਼ ਜਾਤਪਾਤੀ ਰੁਤਬੇ ਉੱਪਰ ਹੰਕਾਰ ਕਰਨ ਵਾਲੇ ਹਮਜਮਾਤੀ, ਉਨ੍ਹਾਂ ਨੂੰ ਇਕ ਬਦਤਰ ਭਵਿੱਖ ਵੱਲ ਧੱਕਣ ਵਾਲੇ ਅਧਿਆਪਕ ਜੋ ਇਸ ਤਰ੍ਹਾਂ ਉਨ੍ਹਾਂ ਦੇ ਨਾਕਾਮ ਰਹਿਣ ਦੀ ਪੇਸ਼ੀਨਗੋਈ ਨੂੰ ਸੱਚ ਸਾਬਤ ਕਰਦੇ ਹਨ – ਇਹ ਸਾਰੇ ਦਲਿਤ ਵਿਦਿਆਰਥੀਆਂ ਲਈ ਅਪਾਰ ਅਸੰਭਵ ਚੁਣੌਤੀਆਂ ਹਨ। ਬੌਧਿਕ ਸ਼੍ਰੇਸ਼ਟਤਾ ਦੇ ਵਿਚਾਰ ਵਿਚ ਰੰਗੀ ਹੋਈ ਜਾਤ ਉੱਪਰ ਜਦੋਂ ਅਕਾਦਮਿਕ ਜਗਤ ਦੇ ਦਾਇਰਿਆਂ ਵਿਚ ਅਮਲ ਕੀਤਾ ਜਾਂਦਾ ਹੈ, ਤਾਂ ਉਹ ਜ਼ਿੰਦਗੀਆਂ ਨੂੰ ਨਿਗਲ ਜਾਣ ਅਤੇ ਜਾਨਾਂ ਲੈਣ ਵਾਲਾ ਇਕ ਘੋਰ ਜ਼ਹਿਰ ਬਣ ਜਾਂਦੀ ਹੈ। ਜਮਾਤਾਂ ਦੇ ਕਮਰੇ ਜਾਤਪਾਤ ਦੇ ਵਿਰੁੱਧ ਟਾਕਰੇ ਅਤੇ ਉਸਦੇ ਖ਼ਾਤਮੇ ਦੀਆਂ ਥਾਵਾਂ ਬਣਨ ਦੀ ਬਜਾਏ ਉਨ੍ਹਾਂ ਲੋਕਾਂ ਦੀ ਬੇਕਾਬੂ ਜਾਤਪਾਤੀ ਤਾਕਤ ਦੀ ਦਾਅਵੇਦਾਰੀ ਬਣ ਜਾਂਦੇ ਹਨ ਜੋ ਬਜਿੱਦ ਹੋਣ ਅਤੇ ਗਿਆਨ ਦੇ ਸੰਚਾਰ ਦੇ ਪਾਵਨ ਧਾਗਿਆਂ ਵਿਚ ਯਕੀਨ ਰੱਖਦੇ ਹਨ ਅਤੇ ਜੋ ਜਮਾਂਦਰੂ ਤੌਰ 'ਤੇ ਹੀ ਯਥਾਸਥਿਤੀ ਨੂੰ ਬਰਕਰਾਰ ਰੱਖਣ ਨਾਲ ਬੱਝੇ ਹੋਏ ਹਨ।

ਬਾਈਕਾਟ ਦੇ ਖ਼ੌਫ਼ ਤੋਂ ਆਪਣੀ ਸ਼ਨਾਖ਼ਤ ਲੁਕੋਈ ਰੱਖਣ ਵਾਲੇ ਦਲਿਤ ਪਿਛੋਕੜ ਵਾਲੇ ਉਨ੍ਹਾਂ ਚੰਦ ਵਿਦਿਆਰਥੀਆਂ ਦੇ ਪਿਛੋਕੜ ਦੀ ਅਸਲੀਅਤ ਜਦੋਂ ਪਤਾ ਲੱਗ ਜਾਂਦੀ ਹੈ ਤਾਂ ਉਨ੍ਹਾਂ ਨੂੰ ਘੋਰ ਸਜ਼ਾ ਭੁਗਤਣੀ ਪੈਂਦੀ ਹੈ – ਮਿਥਹਾਸ ਵਾਲੇ ਪਾਤਰ ਕਰਨ ਦੀ ਤਰ੍ਹਾਂ ਉਨ੍ਹਾਂ ਨੂੰ ਜਾਨਲੇਵਾ ਨਾਕਾਮੀ ਦਾ ਸਰਾਪ ਦਿੱਤਾ ਜਾਂਦਾ ਹੈ। ਆਪਣੇ ਜ਼ੋਰ ਨਾਲ ਉੱਭਰਨ ਵਾਲੇ ਦਲਿਤ ਵਿਦਿਆਰਥੀਆਂ ਨੂੰ, ਜਿਨ੍ਹਾਂ ਦੀ ਸ਼ਨਾਖ਼ਤ ਸਾਰਿਆਂ ਦੇ ਸਾਹਮਣੇ ਪਹਿਲਾਂ ਹੀ ਜ਼ਾਹਿਰ ਹੁੰਦੀ ਹੈ ਅਤੇ ਜੋ ਕਹਾਵਤਾਂ ਵਿਚਲੇ ਏਕਲਵਿਯ ਬਣ ਜਾਂਦੇ ਹਨ, ਉਨ੍ਹਾਂ ਨੂੰ ਜ਼ਿੰਦਾ ਤਾਂ ਛੱਡ ਦਿੱਤਾ ਜਾਂਦਾ ਹੈ ਲੇਕਿਨ ਉਨ੍ਹਾਂ ਨੂੰ ਆਪਣੀ ਕਲਾ ਦੇ ਜੌਹਰ ਵਿਖਾਉਣ ਤੋਂ ਨਾਕਾਮ ਬਣਾ ਦਿੱਤਾ ਜਾਂਦਾ ਹੈ। ਐਸਾ ਸਿਰਫ਼ ਵਿਦਿਆਰਥੀਆਂ ਨਾਲ ਹੀ ਨਹੀਂ ਹੁੰਦਾ, ਕਿਉਂਕਿ ਜਾਤਪਾਤੀ ਸੱਤਾ ਦੇ ਇਨ੍ਹਾਂ ਗਲਿਆਰਿਆਂ ਵਿਚ ਦਲਿਤ-ਬਹੁਜਨ ਫੈਕਲਟੀ ਨੂੰ ਭੀ ਸਮਾਜ ਵਿੱਚੋਂ ਛੇਕੇ ਦਿੱਤੇ ਜਾਣ ਦਾ ਸਾਹਮਣਾ ਕਰਨਾ ਪੈਂਦਾ ਹੈ। ਇੰਡੀਅਨ ਇੰਸਟੀਚਿਊਟ ਆਫ ਟੈਕਨਾਲੋਜੀ (ਆਈ.ਆਈ.ਟੀ.) ਮਦਰਾਸ ਵਿਚ ਆਪਣੀ ਮਾਂ ਦੇ ਸੰਘਰਸ਼ ਨੂੰ ਮੈਂ ਜਿੰਨਾ ਹੈਰਾਨੀ ਨਾਲ ਤੱਕਿਆ ਹੈ, ਉਨੀ ਹੀ ਬੇਵਸੀ ਨਾਲ ਮੈਂ ਇਸ ਔਰਤ ਨੂੰ ਟੁੱਟਦੇ ਅਤੇ ਬਿਖਰਦੇ ਹੋਏ ਵੀ ਦੇਖਿਆ ਹੈ, ਜੋ ਮੈਨੂੰ ਬਹੁਤ ਪਿਆਰੀ ਹੈ। ਸੂਚੀਦਰਜ਼ ਜਾਤਾਂ-ਸੂਚੀਦਰਜ਼ ਕਬੀਲਿਆਂ/ਹੋਰ ਪਿਛੜੇ ਵਰਗਾਂ ਦੇ ਫੈਕਲਟੀ ਮੈਂਬਰਾਂ ਦੀ ਸਾਡੇ ਆਈ.ਆਈ.ਟੀ./ਇੰਡੀਅਨ ਇੰਸਟੀਚਿਊਟਸ ਆਫ ਮੈਨੇਜਮੈਂਟ ਅਤੇ ਯੂਨੀਵਰਸਿਟੀਆਂ ਵਿਚ ਨਾਂਮਾਤਰ ਨੁਮਾਇੰਦਗੀ ਇਸ ਜਾਤਪਾਤੀ ਵਿਤਕਰੇ ਨੂੰ ਹੋਰ ਜ਼ਰਬਾਂ ਦੇ ਦਿੰਦੀ ਹੈ, ਕਿਉਂਕਿ ਇਸ ਤਰ੍ਹਾਂ ਦੇ ਪਿਛੋਕੜਾਂ ਤੋਂ ਆਉਣ ਵਾਲੇ ਵਿਦਿਆਰਥੀਆਂ ਨੂੰ ਇਕ ਐਸੀ ਸਹਾਇਤਾ ਦੇਣ ਵਾਲਾ ਭਾਈਚਾਰਾ ਵੀ ਨਸੀਬ ਨਹੀਂ ਹੁੰਦਾ, ਜੋ ਉਨ੍ਹਾਂ ਦੀਆਂ ਮੁਸ਼ਕਲਾਂ ਨੂੰ ਸੁਣ ਸਕੇ ਜਾਂ ਉਨ੍ਹਾਂ ਨੂੰ ਸਲਾਹ ਦੇ ਸਕੇ।

ਬ੍ਰਾਹਮਣਵਾਦੀ ਪ੍ਰੋਫੈਸਰਾਂ ਦੇ ਇੰਟਰਵਿਊ ਪੈਨਲ ਅੱਗੇ, ਜਿਨ੍ਹਾਂ ਦਾ ਦੋਖੀਪਣ ਇਕ ਫਾਇਰਿੰਗ ਸੁਕਐਡ ਦੀ ਯਾਦ ਦਿਵਾ ਦਿੰਦਾ ਹੈ, ਇਕ ਵਿਦਿਆਰਥੀ/ਵਿਦਿਆਰਥਣ ਆਪਣੇ ਬਲਬੂਤੇ ਕਿਵੇਂ ਟਿਕ ਸਕਦਾ ਹੈ/ਸਕਦੀ ਹੈ? ਇਹ ਪ੍ਰੋਫੈਸਰ, ਜਿਨ੍ਹਾਂ ਨੇ ਇਕ ਪਾਸੇ ਹੋ ਸਕਦਾ ਹੈ ਕਿ ਨਿਊਕਲੀਅਰ ਭੌਤਿਕ-ਵਿਗਿਆਨ ਵਿਚ ਮੁਹਾਰਤ ਹਾਸਲ ਕਰ ਲਈ ਹੋਵੇ, ਲੇਕਿਨ ਦੂਜੇ ਪਾਸੇ ਆਪਣੇ ਲਾਡਲੇ ਜਾਤਪਾਤੀ ਤੁਅੱਸਬਾਂ ਨੂੰ ਹਿੱਕ ਨਾਲ ਲਾਈ ਰੱਖਦੇ ਹਨ। ਅਤੇ ਉਹ ਅਕਾਦਮਿਕ ਜਗਤ ਵਿਚ ਜਾਤਪਾਤੀ ਦਹਿਸ਼ਤਵਾਦ ਦੇ ਮਸਲੇ ਦੇ ਮਹਿਜ਼ ਇਕ ਪਾਸਾਰ ਦੀ ਹੀ ਨੁਮਾਇੰਦਗੀ ਕਰਦੇ ਹਨ। ਜਦੋਂ ਉਨ੍ਹਾਂ ਦਾ ਮੇਲ ਏ.ਬੀ.ਵੀ.ਪੀ. ਵਰਗੇ ਪਿਛਾਖੜੀ ਸਿਆਸੀ ਵਿਦਿਆਰਥੀ ਗਰੋਹਾਂ ਨਾਲ ਹੋ ਜਾਂਦਾ ਹੈ ਤਾਂ ਇਹ ਇਕ ਖ਼ਤਰਨਾਕ ਪੱਧਰ 'ਤੇ ਜਾ ਪਹੁੰਚਦਾ ਹੈ।

ਸਾਡੀਆਂ ਯੂਨੀਵਰਸਿਟੀਆਂ ਆਧੁਨਿਕ ਕਤਲਗਾਹਾਂ ਬਣ ਚੁੱਕੀਆਂ ਹਨ। ਸਾਰੇ ਹੀ ਹੋਰ ਮੈਦਾਨੇ-ਜੰਗ ਦੀ ਤਰ੍ਹਾਂ, ਉੱਚ ਸਿੱਖਿਆ ਸੰਸਥਾਵਾਂ ਵੀ ਜਾਤਪਾਤੀ ਵਿਤਕਰੇ ਦੇ ਨਾਲ-ਨਾਲ ਹੋਰ ਚੀਜ਼ਾਂ ਵਿਚ ਮੁਹਾਰਤ ਹਾਸਲ ਕਰ ਚੁੱਕੀਆਂ ਹਨ। ਉਹ ਵਿਦਿਆਰਥਣਾਂ ਅਤੇ ਔਰਤ ਫੈਕਲਟੀ ਦੇ ਲਿੰਗਕ ਸ਼ੋਸ਼ਣ ਲਈ ਬਦਨਾਮ ਹਨ, ਕਹਾਣੀਆਂ ਜੋ ਦਬਾ ਦਿੱਤੀਆਂ ਜਾਂਦੀਆਂ ਹਨ, ਕਹਾਣੀਆਂ ਜਿਨ੍ਹਾਂ ਨੂੰ ਵਿਰੋਧ ਕਰਨ ਵਾਲੀਆਂ ਸ਼ਿਕਾਇਤਕਰਤਾਵਾਂ ਦੀ ਕਿਰਦਾਰਕੁਸ਼ੀ ਕਰਨ ਲਈ ਤੋੜ-ਮਰੋੜਕੇ ਪੇਸ਼ ਕੀਤਾ ਦਿੱਤਾ ਜਾਂਦਾ ਹੈ, ਜੋ ਆਵਾਜ਼ ਉਠਾਉਂਦੀਆਂ ਹਨ ਅਤੇ ਜੋ ਆਪਣੇ ਨਾਲ ਧਮਕੀ ਹੇਠ, ਮਜਬੂਰੀ ਵੱਸ ਜਾਂ ਜ਼ਬਰਦਸਤੀ ਸੈਕਸ ਸਬੰਧ ਬਣਾਉਣ ਦੇ ਕਿਸੇ ਵੀ ਯਤਨ ਨੂੰ ਕਾਮਯਾਬ ਨਹੀਂ ਹੋਣ ਦਿੰਦੀਆਂ। ਜਿਵੇਂ ਰੋਹਿਤ ਦੀ ਖ਼ੁਦਕੁਸ਼ੀ ਨੇ ਖ਼ਾਮੋਸ਼ੀਆਂ ਨੂੰ ਤੋੜਦੇ ਹੋਏ ਜਾਤਪਾਤ ਦੀ ਕਾਤਲ ਸ਼ਨਾਖ਼ਤ ਜੱਗ ਜ਼ਾਹਿਰ ਕਰ ਦਿੱਤੀ ਹੈ, ਐਨ ਉਸੇ ਤਰ੍ਹਾਂ ਇਕ ਦਿਨ ਅਸੀਂ ਉਨ੍ਹਾਂ ਔਰਤਾਂ ਦੀਆਂ ਕਹਾਣੀਆਂ ਵੀ ਸੁਣਾਂਗੇ, ਜਿਨ੍ਹਾਂ ਨੂੰ ਇਨ੍ਹਾਂ ਏਕਾਂਤ ਟਾਪੂਆਂ ਤੋਂ ਮੌਤ ਦੇ ਸਮੁੰਦਰ ਦੇ ਹਵਾਲੇ ਕਰ ਦਿੱਤਾ ਗਿਆ।

ਅਸੀਂ ਹੈਦਰਾਬਾਦ ਯੂਨੀਵਰਸਿਟੀ ਮਾਮਲੇ ਵਿਚ ਜੋ ਦੇਖਿਆ ਹੈ ਉਹ ਜਾਤਪਾਤੀ ਸ਼੍ਰੇਸ਼ਟਤਾ ਅਤੇ ਸਿਆਸੀ ਮਿਲੀਭੁਗਤ ਦਾ ਖ਼ਤਰਨਾਕ ਗੰਢ-ਚਿਤਰਾਵਾ ਹੈ। ਵਿਦਿਆਰਥੀਆਂ ਨੂੰ ਧਮਕਾਉਣ ਅਤੇ ਦਬਾਉਣ ਵਿਚ ਰਾਜ-ਮਸ਼ੀਨਰੀ ਅਤੇ ਖ਼ਾਸ ਕਰਕੇ ਪੁਲਿਸ ਤਾਕਤਾਂ ਦੀ ਭੂਮਿਕਾ ਕੈਂਪਸਾਂ ਵਿਚ ਜਬਰ ਦੇ ਪੁਰਾਣੇ ਅਤੇ ਅਜ਼ਮਾਏ ਹੋਏ ਤਰੀਕਿਆਂ ਵਜੋਂ ਪੈਰ ਜਮਾ ਚੁੱਕੀ ਹੈ। ਆਈ.ਆਈ.ਟੀ. ਮਦਰਾਸ ਵਿਚ ਅੰਬੇਡਕਰ ਪੇਰੀਆਰ ਸਟੱਡੀ ਸਰਕਲ ਦੀ ਮਾਨਤਾ ਖ਼ਤਮ ਕਰਨ ਤੋਂ ਬਾਅਦ ਦੇ ਦਿਨਾਂ ਵਿਚ ਵਰਦੀਧਾਰੀ ਮਰਦ-ਔਰਤਾਂ ਕੈਂਪਸ ਵਿਚ ਹਰ ਜਗ੍ਹਾ ਦਿਨ-ਰਾਤ ਤਾਇਨਾਤ ਰਹਿੰਦੇ ਸਨ ਅਤੇ ਇਸਦੇ ਗੇਟਾਂ ਦੀ ਪਹਿਰੇਦਾਰੀ ਕਰਦੇ ਸਨ। (ਇਹ ਫ਼ੈਸਲਾ ਕਾਫ਼ੀ ਵਿਰੋਧ ਤੋਂ ਬਾਅਦ ਵਾਪਸ ਲਿਆ ਗਿਆ ਸੀ।) ਹੁਣ ਇਸੇ ਤਰ੍ਹਾਂ ਹੈਦਰਾਬਾਦ ਕੈਂਪਸ ਵਿਚ ਹਥਿਆਰਬੰਦ ਪੁਲਿਸ ਦੀ ਇਸੇ ਤਰ੍ਹਾਂ ਭਾਰੀ ਤਾਇਨਾਤੀ ਹੈ ਅਤੇ ਦਫ਼ਾ 144 ਦੇ ਤਹਿਤ ਕਰਫ਼ਿਊ ਲਗਾ ਦਿੱਤਾ ਗਿਆ ਹੈ।

ਰੋਹਿਤ ਤੁਸੀਂ ਕਾਰਲ ਸੇਗਾਨ ਦੀ ਤਰ੍ਹਾਂ ਇਕ ਵਿਗਿਆਨ ਲੇਖਕ ਬਣਨ ਦਾ ਆਪਣਾ ਖ਼ਵਾਬ ਪਿੱਛੇ ਛੱਡ ਗਏ ਹੋ ਅਤੇ ਸਾਡੇ ਕੋਲ ਸਿਰਫ਼ ਤੁਹਾਡੇ ਸ਼ਬਦ ਰਹਿ ਗਏ ਹਨ। ਹੁਣ ਸਾਡੇ ਹਰ ਸ਼ਬਦ ਵਿਚ ਤੁਹਾਡੀ ਮੌਤ ਦਾ ਵਜ਼ਨ ਹੈ, ਹਰ ਅੱਥਰੂ ਵਿਚ ਤੁਹਾਡਾ ਅਧੂਰਾ ਖ਼ਵਾਬ ਹੈ। ਅਸੀਂ ਵਿਸਫੋਟ ਹੋਣ ਲਈ ਤਿਆਰ-ਬਰ-ਤਿਆਰ ਉਹ ਤਾਰਾ-ਮੰਡਲ ਬਣਾਂਗੇ, ਜਿਸ ਦੀ ਗੱਲ ਤੁਸੀਂ ਕੀਤੀ ਹੈ, ਉਹ ਮੰਡਲ ਜਿਸਦੀ ਜ਼ੁਬਾਨ ਉੱਪਰ ਜਾਤਪਾਤ ਦੇ ਇਸ ਜਾਬਰ ਪ੍ਰਬੰਧ ਨੂੰ ਸਾੜਕੇ ਸੁਆਹ ਕਰ ਦੇਣ ਦੀ ਦਾਸਤਾਨ ਹੋਵੇਗੀ। ਇਸ ਮੁਲਕ ਦੀ ਹਰ ਯੂਨੀਵਰਸਿਟੀ ਵਿਚ, ਹਰ ਕਾਲਜ ਵਿਚ, ਹਰ ਸਕੂਲ ਵਿਚ, ਸਾਡੇ ਹਰ ਨਾਅਰੇ ਵਿਚ ਤੁਹਾਡੇ ਸੰਘਰਸ਼ ਦਾ ਜਜ਼ਬਾ ਹੋਵੇਗਾ। ਡਾ. ਅੰਬੇਡਕਰ ਨੇ ਜਾਤਪਾਤ ਨੂੰ ਇਕ ਐਸਾ ਸ਼ੈਤਾਨ ਕਰਾਰ ਦਿੱਤਾ ਸੀ, ਜੋ ਤੁਸੀਂ ਜਿੱਧਰ ਵੀ ਮੂੰਹ ਕਰੋ ਤੁਹਾਡਾ ਰਸਤਾ ਕੱਟਦਾ ਨਜ਼ਰ ਆਉਂਦਾ ਹੈ ਅਤੇ ਹਿੰਦੁਸਤਾਨੀ ਸਿੱਖਿਆ ਸੰਸਥਾਵਾਂ ਜੋ ਅਗਰਾਹਰਮ (ਦੱਖਣ ਵਿਚ ਸਿਰਫ਼ ਤੇ ਸਿਰਫ਼ ਬ੍ਰਾਹਮਣਾਂ ਦੇ ਖ਼ਾਸ ਹਾਰਨੁਮਾ ਬਣਤਰ ਵਾਲੇ ਪਿੰਡ ਜਿਨ੍ਹਾਂ ਦੇ ਇਕ ਸਿਰੇ 'ਤੇ ਸ਼ਿਵ ਦਾ ਅਤੇ ਦੂਜੇ ਉੱਪਰ ਵਿਸ਼ਨੂੰ ਦਾ ਮੰਦਰ ਹੁੰਦਾ ਹੈ।) ਬਣ ਚੁੱਕੀਆਂ ਹਨ ਉਨ੍ਹਾਂ ਦੇ ਅੰਦਰ ਸਾਡੀ ਜਿਸਮਾਨੀ ਮੌਜੂਦਗੀ ਵਿਚ ਹੀ ਜਾਤਪਾਤ ਦੇ ਬੀਜ-ਨਾਸ਼ ਦਾ ਪੈਗ਼ਾਮ ਸਮੋਇਆ ਹੋਣਾ ਚਾਹੀਦਾ ਹੈ। ਅਕਾਦਮਿਕ ਜਗਤ ਉੱਪਰ ਆਪਣੀ ਹੱਕ-ਜਤਾਈ ਕਰਨ ਵਾਲੇ ਇਕ ਦਲਿਤ, ਇਕ ਸ਼ੂਦਰ, ਇਕ ਆਦਿਵਾਸੀ, ਇਕ ਬਹੁਜਨ, ਇਕ ਔਰਤ ਨਾਲ ਸਾਹਮਣਾ ਹੋਣ 'ਤੇ ਹਰੇਕ ਘਿਣਾਉਣੀ ਜਾਤਪਾਤੀ ਤਾਕਤ ਨੂੰ ਥਰ-ਥਰ ਕੰਬਣ ਦਿਓ, ਉਨ੍ਹਾਂ ਨੂੰ ਇਹ ਅਹਿਸਾਸ ਹੋਣ ਦਿਓ ਕਿ ਅਸੀਂ ਇਥੇ ਇਕ ਐਸੇ ਪ੍ਰਬੰਧ ਦਾ ਖ਼ਾਤਮਾ ਕਰਨ ਲਈ ਆਏ ਹਾਂ, ਜੋ ਸਾਨੂੰ ਖ਼ਤਮ ਕਰਨ ਦੀ ਪੂਰੀ ਵਾਹ ਲਾਉਂਦੀ ਰਿਹਾ ਹੈ, ਕਿ ਅਸੀਂ ਇਥੇ ਉਨ੍ਹਾਂ ਲੋਕਾਂ ਲਈ ਹਊਆ ਬਣਨ ਆਏ ਹਾਂ, ਜਿਨ੍ਹਾਂ ਨੇ ਸਾਥੋਂ ਸਾਡੇ ਖ਼ਵਾਬ ਖੋਹਣ ਦੀ ਹਿੰਮਤ ਕੀਤੀ ਹੈ। ਉਨ੍ਹਾਂ ਨੂੰ ਇਸਦਾ ਅਹਿਸਾਸ ਹੋਣ ਦਿਓ ਕਿ ਵੈਦਿਕ ਯੁਗ, ਪਵਿੱਤਰ ਗਰੰਥਾਂ ਦੀ ਗੱਲ ਕੰਨੀਂ ਪਾ ਲੈਣ ਵਾਲੇ ਸ਼ੂਦਰ ਦੇ ਕੰਨਾਂ ਵਿਚ ਸਿੱਕਾ ਢਾਲ ਕੇ ਪਾਉਣ ਦਾ ਯੁਗ, ਵਾਂਝੇ ਕੀਤੇ ਗਏ ਗਿਆਨ ਨੂੰ ਆਪਣੀ ਜ਼ੁਬਾਨ ਉੱਪਰ ਲਿਆਉਣ ਦੀ ਜ਼ੁਅਰਤ ਕਰਨ ਵਾਲਿਆਂ ਦੀ ਜ਼ੁਬਾਨ ਵੱਢ ਦੇਣ ਦਾ ਯੁਗ ਕਦੋਂ ਦਾ ਬੀਤ ਚੁੱਕਾ ਹੈ। ਉਹ ਇਹ ਸਮਝ ਲੈਣ ਕਿ ਅਸੀਂ ਤਾਲੀਮ ਲੈਣ, ਸੰਘਰਸ਼ ਕਰਨ ਅਤੇ ਜਥੇਬੰਦ ਹੋਣ ਲਈ ਇਨ੍ਹਾਂ ਗੜ੍ਹਾਂ-ਮੱਠਾਂ ਉੱਪਰ ਹੱਲਾ ਬੋਲ ਦਿੱਤਾ ਹੈ; ਅਸੀਂ ਇਥੇ ਮਰਨ ਲਈ ਨਹੀਂ ਆਏ, ਅਸੀਂ ਸਿੱਖਣ ਲਈ ਆਏ ਹਾਂ, ਲੇਕਿਨ ਜਾਤਪਾਤ ਦੇ ਸ਼ੈਤਾਨਾਂ ਅਤੇ ਉਨ੍ਹਾਂ ਦੇ ਕਾਰਿੰਦੇ ਇਹ ਗੱਲ ਸਮਝ ਲੈਣ ਕਿ ਅਸੀਂ ਇਥੇ ਉਨ੍ਹਾਂ ਨੂੰ ਇਕ ਐਸਾ ਸਬਕ ਸਿਖਾਉਣ ਵੀ ਆਏ ਹਾਂ, ਜਿਸ ਨੂੰ ਉਹ ਕਦੀ ਭੁੱਲ ਨਹੀਂ ਸਕਣਗੇ।

[ਰੋਜ਼ਾਨਾ ਦ ਹਿੰਦੂ 19 ਜਨਵਰੀ 2016]



# ਪ੍ਰੋ: ਸਾਈਬਾਬਾ ਦੀ ਗ੍ਰਿਫ਼ਤਾਰੀ

## 'ਅਪਰੇਸ਼ਨ ਗਰੀਨ ਹੰਟ ਵਿਰੋਧੀ ਜਮਹੂਰੀ ਫਰੰਟ' ਵਲੋਂ ਵਿਰੋਧੀ ਕਨਵੈਨਸ਼ਨ






ਲੁਧਿਆਣਾ: "ਪ੍ਰੋਫੈਸਰ ਸਾਈਬਾਬਾ ਨੂੰ ਜੇਲ੍ਹ ਵਿਚ ਸਾੜਨ ਦਾ ਮਨੋਰਥ ਸਮੁੱਚੇ ਬੁੱਧੀਜੀਵੀਆਂ, ਚਿੰਤਕਾਂ ਨੂੰ ਇਕ ਫਾਸ਼ੀਵਾਦੀ ਸੰਦੇਸ਼ ਦੇਣਾ ਹੈ ਕਿ ਸਥਾਪਤੀ ਦੀ ਆਲੋਚਨਾ ਨੂੰ ਇਹ ਨਿਜ਼ਾਮ ਸਹਿਣ ਨਹੀਂ ਕਰੇਗਾ ਅਤੇ ਅਜਿਹੇ ਕਰਨ 'ਤੇ ਉਨ੍ਹਾਂ ਨੂੰ ਜੇਲ੍ਹਾਂ ਵਿਚ ਸੜਨਾ ਪਵੇਗਾ।" ਇਹ ਵਿਚਾਰ ਅੱਜ ਇੱਥੇ ਅਪਰੇਸ਼ਨ ਗਰੀਨ ਵਿਰੋਧੀ ਜਮਹੂਰੀ ਫਰੰਟ ਵਲੋਂ ਪ੍ਰੋਫੈਸਰ ਸਾਈਬਾਬਾ ਨੂੰ ਦੁਬਾਰਾ ਜੇਲ੍ਹ ਭੇਜੇ ਜਾਣ ਅਤੇ ਲੇਖਕਾ ਅਰੁੰਧਤੀ ਰਾਏ ਨੂੰ ਅਦਾਲਤ ਦੀ ਤੌਹੀਨ ਦਾ ਨੋਟਿਸ ਜਾਰੀ ਕਰਨ ਵਿਰੁੱਧ ਜਥੇਬੰਦ ਕੀਤੀ ਸੂਬਾ ਕਨਵੈਨਸ਼ਨ ਨੂੰ ਸੰਬੋਧਨ ਕਰਦਿਆਂ ਪ੍ਰੋਫੈਸਰ ਸਾਈਬਾਬਾ ਦੀ ਜੀਵਨ-ਸਾਥਣ ਏ.ਐੱਸ.ਵਸੰਤਾ ਨੇ ਕਹੇ।" ਕਨਵੈਨਸ਼ਨ ਦੇ ਪ੍ਰਧਾਨਗੀ ਮੰਡਲ ਵਿਚ ਮੁੱਖ ਬੁਲਾਰਿਆਂ ਪ੍ਰੋਫੈਸਰ ਗੀਲਾਨੀ, ਵਸੰਤਾ ਕੁਮਾਰੀ, ਪ੍ਰੋਫੈਸਰ ਜਗਮੋਹਣ ਸਿੰਘ ਦੇ ਨਾਲ ਫਰੰਟ ਦੇ ਕਨਵੈਨਸ਼ਨ ਪ੍ਰੋਫੈਸਰ ਏ.ਕੇ. ਮਲੇਰੀ, ਗੁਰਪ੍ਰੀਤ ਸਿੰਘ ਕੈਨੇਡਾ ਅਤੇ ਯਸ਼ਪਾਲ ਸ਼ਾਮਲ ਸਨ। ਅਤੇ ਕਨਵੈਨਸ਼ਨ ਦਾ ਆਗਾਜ਼ ਦਲਿਤ ਰਿਸਰਚ ਸਕਾਲਰ ਰੋਹਿਤ ਵੇਮੂਲਾ ਨੂੰ ਮੋਨ ਸ਼ਰਧਾਂਜਲੀ ਦੇ ਕੇ ਕੀਤਾ ਗਿਆ।

ਵਸੰਤਾ ਕੁਮਾਰੀ ਨੇ ਕਿਹਾ ਕਿ ਪ੍ਰੋਫੈਸਰ ਸਾਈਬਾਬਾ ਨੂੰ ਚੋਰੀ ਦੇ ਇਲਜ਼ਾਮ ਤਹਿਤ ਅਦਾਲਤ ਨੂੰ ਗੁੰਮਰਾਹ ਕਰਕੇ ਤਲਾਸ਼ੀ ਵਾਰੰਟ ਲੈਕੇ ਪੁਲਿਸ ਉਲਟਾ ਸਾਡੇ ਘਰ ਦਾ ਸਮਾਨ ਚੋਰੀ ਕਰਕੇ ਲੈ ਗਈ ਤੇ ਫਿਰ ਕੁਝ ਮਹੀਨਿਆਂ ਬਾਅਦ ਸਾਈਬਾਬਾ ਨੂੰ ਰਸਤੇ ਵਿੱਚੋਂ ਅਗਵਾ ਕਰਕੇ ਮਾਓਵਾਦੀਆਂ ਨਾਲ ਸਬੰਧਤਾਂ ਦੇ ਇਲਜ਼ਾਮ ਤਹਿਤ ਜੇਲ੍ਹ ਵਿਚ ਡੱਕ ਦਿੱਤਾ ਗਿਆ। ਪ੍ਰੋਫੈਸਰ ਸਾਈਬਾਬਾ ਸਮੇਤ ਸਮੁੱਚੇ ਸਿਆਸੀ ਕੈਦੀਆਂ ਦੀ ਰਿਹਾਈ ਲਈ ਜੂਝਣਾ ਜਮਹੂਰੀ ਤਾਕਤਾਂ ਦਾ ਅੱਜ ਸਭ ਤੋਂ ਅਹਿਮ ਕੰਮ ਹੈ ਜਿਸ ਤੋਂ ਪੁਲਿਸ ਦੇ ਖੋਟੇ ਇਰਾਦੇ ਨੂੰ ਸਮਝਿਆ ਜਾ ਸਕਦਾ ਹੈ। ਕਨਵੈਨਸ਼ਨ ਦੇ ਮੁੱਖ ਵਕਤਾ ਪ੍ਰੋਫੈਸਰ ਐੱਸ.ਏ.ਆਰ. ਗੀਲਾਨੀ ਨੇ ਪ੍ਰੋਫੈਸਰ ਸਾਈਬਾਬਾ ਦੇ ਸਮੁੱਚੇ ਮਾਮਲੇ ਦੀ ਤਫ਼ਸੀਲ ਦਿੰਦਿਆਂ ਕਿਹਾ ਕਿ ਇਕ 90ਫ਼ੀਸਦੀ ਅਪਾਹਜ ਪ੍ਰੋਫੈਸਰ ਨੂੰ ਬਹੁਤ ਵੱਡਾ ਖ਼ਤਰਾ ਬਣਾਕੇ ਉਸ ਨਾਲ ਰਾਜਤੰਤਰ ਦੇ ਇਸ ਤਰ੍ਹਾਂ ਦੇ ਸਲੂਕ ਤੋਂ ਸਪਸ਼ਟ ਹੈ ਕਿ ਇਸ ਨਿਆਂ ਪ੍ਰਬੰਧ ਤੋਂ ਇਨਸਾਫ਼ ਦੀ ਕੋਈ ਉਮੀਦ ਨਹੀਂ ਰੱਖੀ ਜਾ ਸਕਦੀ। ਗ਼ੈਰਕਾਨੂੰਨੀ ਕਾਰਵਾਈਆਂ ਰੋਕੂ ਕਾਨੂੰਨ ਉਪਰ ਵਿਅੰਗ ਕਰਦਿਆਂ ਉਨ੍ਹਾਂ ਕਿਹਾ ਕਿ ਦਰਅਸਲ ਇਹ ਕਾਨੂੰਨ ਗ਼ੈਰਕਾਨੂੰਨੀ ਕਾਰਵਾਈਆਂ ਨੂੰ ਸੁਰੱਖਿਆ ਦੇਣ ਲਈ ਕਾਨੂੰਨ ਹੈ ਅਤੇ ਇਸ ਤਰ੍ਹਾਂ ਦੇ ਜ਼ਾਲਮ ਕਾਨੂੰਨ ਦਰਅਸਲ ਹੁਕਮਰਾਨ ਜਮਾਤਾਂ ਵਲੋਂ ਆਪਣੇ ਗ਼ੈਰਕਾਨੂੰਨੀ ਕਾਰਿਆਂ ਨੂੰ ਸੁਰੱਖਿਆ ਦੇਣ ਲਈ ਲਿਆਂਦੇ ਗਏ ਹਨ। ਜਿਨ੍ਹਾਂ ਦਾ ਮਨੋਰਥ ਇਨਸਾਫ਼ ਲਈ ਆਵਾਜ਼ ਬੁਲੰਦ ਕਰਨ ਵਾਲਿਆਂ ਨੂੰ ਜੇਲ੍ਹਾਂ ਵਿਚ ਸਾੜਕੇ ਖ਼ਤਮ ਕਰਨਾ ਹੈ। ਪਾਰਲੀਮੈਂਟ ਉੱਪਰ ਹਮਲੇ ਦੇ ਮਾਮਲੇ ਵਿਚ ਉਨ੍ਹਾਂ ਹਿਰਾਸਤ ਵਿਚ ਵਹਿਸ਼ੀ ਤਸ਼ੱਦਦ ਦੇ ਆਪਣੇ ਨਿੱਜੀ ਅਨੁਭਵ ਅਤੇ ਅਫ਼ਜ਼ਲ ਗੁਰੂ ਨੂੰ ਫਾਂਸੀ ਦੀ ਮਿਸਾਲ ਦਿੰਦਿਆਂ ਉਨ੍ਹਾਂ ਕਿਹਾ ਕਿ ਜਮਹੂਰੀਅਤ ਦੇ ਨਾਂ ਹੇਠ ਇਹ ਫਾਸ਼ੀਵਾਦੀ ਰਾਜ ਹੈ ਜੋ ਸੁਰੱਖਿਆ ਅਤੇ ਲਾਕਾਨੂੰਨੀਅਤ ਦੇ ਨਾਂ ਹੇਠ ਇਨਸਾਨਾਂ ਤੋਂ ਜ਼ਿੰਦਗੀ ਦਾ ਹੱਕ ਖੋਹ ਰਿਹਾ ਹੈ। ਜਿਸਨੇ 90ਫ਼ੀਸਦੀ ਅਪਾਹਜ ਪ੍ਰੋਫੈਸਰ ਨੂੰ ਜਿਸਮਾਨੀ ਤੌਰ 'ਤੇ ਹੋਰ ਨਾਕਾਰਾ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਦੋਹਰੇ ਮਿਆਰਾਂ ਵਾਲੀ ਅਦਾਲਤੀ ਪ੍ਰਣਾਲੀ ਮੁਜਰਿਮ ਸਾਬਤ ਹੋ ਚੁੱਕੇ ਹਿੰਦੂਤਵੀ ਕਾਤਲਾਂ ਨੂੰ ਤਾਂ ਜ਼ਮਾਨਤਾਂ ਅਤੇ ਕਲੀਨ ਚਿੱਟਾਂ ਦੇ ਰਹੀ ਹੈ ਪਰ ਸਥਾਪਤੀ ਦੇ ਆਲੋਚਕ ਬੁੱਧੀਜੀਵੀਆਂ ਨੂੰ ਮਹਿਜ਼ ਪਾਬੰਦੀਸ਼ੁਦਾ ਜਥੇਬੰਦੀਆਂ ਨਾਲ ਸਬੰਧਤ ਹੋਣ ਦੇ ਸ਼ੱਕ ਦੇ ਇਲਜ਼ਾਮ ਵਿਚ ਅਣਮਿੱਥੇ ਸਮੇਂ ਲਈ ਜੇਲ੍ਹਾਂ ਵਿਚ ਸਾੜ ਰਹੀ ਹੈ। ਇਸ ਤਾਨਾਸ਼ਾਹ ਵਰਤਾਰੇ ਨੂੰ ਚੁਣੌਤੀ ਦੇਣ ਲਈ ਪੰਜਾਬ ਦੇ ਗੌਰਵਮਈ ਵਿਰਸੇ ਤੋਂ ਪ੍ਰੇਰਣਾ ਲੈਂਦਿਆਂ ਉਸੇ ਤਰ੍ਹਾਂ ਦੇ ਸਵੈਵਿਸ਼ਵਾਸ ਨਾਲ ਜਮਹੂਰੀ ਸੰਘਰਸ਼ ਉਸਾਰਨ ਦੀ ਲੋੜ ਹੈ ਜਿਵੇਂ ਦੇਸ਼ਭਗਤ ਇਨਕਲਾਬੀਆਂ ਨੇ ਬਰਤਾਨਵੀ ਬਸਤੀਵਾਦ ਤੋਂ ਆਜ਼ਾਦੀ ਹਾਸਲ ਕਰਨ ਲਈ ਕੀਤਾ ਸੀ। ਸ਼ਹੀਦ ਭਗਤ ਸਿੰਘ ਦੇ ਭਾਣਜਾ ਪ੍ਰੋਫੈਸਰ ਜਗਮੋਹਣ ਸਿੰਘ ਨੇ ਆਪਣੇ ਸੰਬੋਧਨ ਵਿਚ ਕਿਹਾ ਜਾਇਦਾਦ ਜ਼ਬਤ ਕਰਕੇ ਦੇਸ਼ਭਗਤਾਂ ਦੇ ਪਰਿਵਾਰਾਂ ਦੀ ਆਰਥਿਕਤਾ ਨੂੰ ਸੱਟ ਮਾਰਨਾ ਅੰਗਰੇਜ਼ ਬਸਤੀਵਾਦ ਵਲੋਂ ਬਣਾਏ ਸਜ਼ਾ ਪ੍ਰਬੰਧ ਦਾ ਹਿੱਸਾ ਸੀ ਜਿਸ ਨੂੰ ਆਜ਼ਾਦੀ ਮਿਲਣ ਤੋਂ ਬਾਅਦ ਵੀ ਦੇਸੀ ਹੁਕਮਰਾਨ ਜਮਾਤ ਵਲੋਂ ਬਰਕਰਾਰ ਰੱਖਿਆ ਗਿਆ ਹੈ। ਉਨ੍ਹਾਂ ਕਿਹਾ ਕਿ ਪ੍ਰੋਫੈਸਰ ਸਾਈਬਾਬਾ ਦਾ ਪਰਿਵਾਰ ਅਤੇ ਉਨ੍ਹਾਂ ਉੱਪਰ ਰਾਜਕੀ ਜ਼ੁਲਮ ਵਿਰੁੱਧ ਲੜਨ ਵਾਲੀ ਕਮੇਟੀ ਇਕੱਲੇ ਨਹੀਂ ਪੰਜਾਬ ਦੇ ਲੋਕ ਵੀ ਉਨ੍ਹਾਂ ਦੇ ਨਾਲ ਹਨ। ਉਨ੍ਹਾਂ ਮੁਲਕ ਉੱਪਰ ਮੰਡਰਾ ਰਹੇ ਹਿੰਦੂਤਵੀ ਫਾਸ਼ੀਵਾਦ ਦੇ ਖ਼ਤਰੇ ਦੀ ਚਰਚਾ ਕਰਦਿਆਂ ਹੁਕਮਰਾਨਾਂ ਦੇ ਲੋਕ ਲਹਿਰਾਂ ਨੂੰ ਆਗੂ ਰਹਿਤ ਕਰਨ ਦੇ ਮਨਸੂਬਿਆਂ ਨੂੰ ਅਸਫ਼ਲ ਬਣਾਉਣ ਲਈ ਸ਼ਹੀਦ ਭਗਤ ਸਿੰਘ ਦੇ ਦੋ ਨਾਅਰਿਆਂ 'ਇਨਕਲਾਬ ਜ਼ਿੰਦਾਬਾਦ', 'ਸਾਮਰਾਜਵਾਦ ਮੁਰਦਾਬਾਦ' ਨੂੰ ਮਾਰਗ-ਦਰਸ਼ਕ ਵਜੋਂ ਲੈਣ 'ਤੇ ਜ਼ੋਰ ਦਿੱਤਾ। ਕੈਨੇਡਾ ਤੋਂ ਰੈਡੀਕਲ ਦੇਸੀ ਦੇ ਸੰਪਾਦਕ ਅਤੇ ਪ੍ਰਸਿੱਧ ਰੇਡੀਓ ਹੋਸਟ ਗੁਰਪ੍ਰੀਤ ਸਿੰਘ ਨੇ ਕੈਨੇਡਾ ਤੇ ਹੋਰ ਮੁਲਕਾਂ ਦੀ ਧਰਤੀ ਉੱਪਰ ਹਿੰਦੁਸਤਾਨੀ ਹਕੂਮਤ ਦੇ ਆਪਣੇ ਲੋਕਾਂ ਉੱਪਰ ਜ਼ੁਲਮਾਂ ਅਤੇ ਬੇਇਨਸਾਫ਼ੀਆਂ ਵਿਰੁੱਧ ਉਠਾਈ ਜਾ ਰਹੀ ਆਵਾਜ਼ ਬਾਰੇ ਦੱਸਿਆ ਅਤੇ ਹਿੰਦੁਸਤਾਨ ਵਿਚ ਲੜੀ ਜਾ ਰਹੀ ਲੜਾਈ ਨਾਲ ਇਕਮੁੱਠਤਾ ਪ੍ਰਗਟਾਈ। ਉਨ੍ਹਾਂ ਤੋਂ ਇਲਾਵਾ ਕਨਵੈਨਸ਼ਨ ਨੂੰ ਫਰੰਟ ਦੇ ਕਨਵੀਨਰ ਡਾ. ਪਰਮਿੰਦਰ, ਪ੍ਰੋਫੈਸਰ ਮਲੇਰੀ ਅਤੇ ਯਸ਼ਪਾਲ ਨੇ ਵੀ ਸੰਬੋਧਨ ਕੀਤਾ। ਕਨਵੈਨਸ਼ਨ ਵਲੋਂ ਪੇਸ਼ ਕੀਤੇ ਅਹਿਮ ਮਤਿਆਂ ਵਿਚ ਪ੍ਰੋਫੈਸਰ ਸਾਈਬਾਬਾ ਤੇ ਹੋਰ ਸਿਆਸੀ ਕੈਦੀਆਂ ਨੂੰ ਤੁਰੰਤ ਰਿਹਾਅ ਕਰਨ, ਲੇਖਿਕਾ ਅਰੁੰਧਤੀ ਰਾਏ ਨੂੰ ਦਿੱਤਾ ਅਦਾਲਤੀ ਨੋਟਿਸ ਵਾਪਸ ਲੈਣ, ਹੈਦਰਾਬਾਦ ਯੂਨੀਵਰਸਿਟੀ ਦੇ ਵਿਦਿਆਰਥੀ ਰੋਹਿਤ ਵੇਮੁਲਾ ਦੀ ਖ਼ੁਦਕੁਸ਼ੀ ਲਈ ਜ਼ਿੰਮੇਵਾਰ ਕੇਂਦਰੀ ਮੰਤਰੀ ਤੇ ਯੂਨੀਵਰਸਿਟੀ ਅਧਿਕਾਰੀਆਂ ਨੂੰ ਸਖ਼ਤ ਸਜ਼ਾਵਾਂ ਦੇਣ ਦੀ ਮੰਗ ਕੀਤੀ ਗਈ ਅਤੇ ਪੰਜਾਬ ਵਿਚ ਲੋਕ ਸੰਘਰਸ਼ਾਂ ਨੂੰ ਦਬਾਉਣ ਲਈ ਬਾਦਲ ਸਰਕਾਰ ਵਲੋਂ ਅਪਣਾਏ ਜਾ ਰਹੇ ਤਾਨਾਸ਼ਾਹ ਕਾਨੂੰਨਾਂ, ਬੇਅਦਬੀ ਸਬੰਧੀ ਧਾਰਾ 295-ਏ ਵਿਚ ਨਿਹਾਇਤ ਜਾਬਰ ਸੋਧਾਂ ਥੋਪਣ ਅਤੇ ਇਸ ਲਈ ਉਮਰ ਕੈਦ ਦੀ ਸਜ਼ਾ ਨਿਸ਼ਚਿਤ ਕਰਨ ਅਤੇ ਬਠਿੰਡਾ, ਲੁਧਿਆਣਾ ਤੇ ਪਟਿਆਲਾ ਵਿਚ ਮੁਜ਼ਾਹਰਿਆਂ ਉੱਪਰ ਪਾਬੰਦੀ ਲਾਏ ਜਾਣ ਸਮੇਤ ਹੋਰ ਜਾਬਰ ਕਦਮਾਂ ਦੀ ਨਿਖੇਧੀ ਕੀਤੀ ਗਈ ਇਹ ਕਦਮ ਵਾਪਸ ਲਏ ਜਾਣ ਦੀ ਮੰਗ ਕੀਤੀ ਗਈ। ਕਨਵੈਨਸ਼ਨ ਵਲੋਂ ਪੰਜਾਬ ਭਰ ਵਿਚ ਪ੍ਰੋਫੈਸਰ ਸਾਈਬਾਬਾ ਦੀ ਰਿਹਾਈ ਅਤੇ ਅਰੁੰਧਤੀ ਰਾਏ ਨੂੰ ਜਾਰੀ ਕੀਤੇ ਅਦਾਲਤੀ ਨੋਟਿਸ ਨੂੰ ਵਾਪਸ ਕਰਾਉਣ ਲਈ ਜ਼ੋਰਦਾਰ ਮੁਹਿਮ ਚਲਾਉਣ ਦਾ ਸੱਦਾ ਦਿੱਤਾ ਗਿਆ। ਇਸ ਮੌਕੇ ਪ੍ਰੋਫੈਸਰ ਏ.ਐੱਸ.ਜੋਸ਼ੀ, ਪ੍ਰੋਫੈਸਰ ਆਰ.ਪੀ. ਸਭਰਵਾਲ, ਪ੍ਰੋਫੈਸਰ ਜਗਮੋਹਣ ਸਿੰਘ ਮਾਲਵਾ ਕਾਲਜ, ਡਾ. ਦਰਸ਼ਨ ਪਾਲ, ਡੈਮੋਕਰੇਟਿਕ ਲਾਇਰਜ਼ ਐਸੋਸੀਏਸ਼ਨ ਦੇ ਕਨਵੀਨਰ ਐਡਵੋਕੇਟ ਦਲਜੀਤ ਸਿੰਘ, ਔਰਤ ਆਗੂ ਸੁਖਵਿੰਦਰ ਕੌਰ, ਜਮਹੂਰੀ ਅਧਿਕਾਰ ਸਭਾ ਦੇ ਸੂਬਾਈ ਅਹੁਦੇਦਾਰ ਮਾਸਟਰ ਤਰਸੇਮ, ਐਡਵੋਕੇਟ ਰਾਜੀਵ ਲੋਹਟਬੱਧੀ, ਬੂਟਾ ਸਿੰਘ, ਐਡਵੋਕੇਟ ਐੱਨ.ਕੇ.ਜੀਤ, ਐਡਵੋਕੇਟ ਅਮਰਜੀਤ ਬਾਈ, ਡਾ. ਤੇਜਪਾਲ, ਜਸਵੀਰ ਦੀਪ, ਐਡਵੋਕੇਟ ਆਰਤੀ ਅਤੇ ਐਡਵੋਕੇਟ ਅਜੇ ਚੰਡੀਗੜ੍ਹ, ਕਰਨਲ ਜੇ.ਐੱਸ. ਬਰਾੜ, ਸਤੀਸ਼ ਸਚਦੇਵਾ, ਜਸਵੰਤ ਜੀਰਖ ਅਤੇ ਫਰੰਟ ਦੇ ਸੂਬਾਈ ਆਗੂ ਕਮਲਜੀਤ ਖੰਨਾ, ਅਮੋਲਕ ਸਿੰਘ ਆਦਿ ਹਾਜ਼ਰ ਸਨ।

-ਬੂਟਾ ਸਿੰਘ










## ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ, ਕੈਲਗਰੀਦੀ ਮੀਟਿੰਗ

# ਕੈਨੇਡਾ ਹੈਲਥ ਸਿਸਟਮ ਵਿੱਚ ਸੁਧਾਰਾਂ ਦੀ ਮੰਗ ਅਤੇ ਅਰੁਧੰਤੀ ਰਾਏ ਦਾ ਸਮਰਥਨ ਮਤਾ








ਕੈਲਗਰੀ, (ਮਾ. ਭਜਨ) : ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਦੀ ਜਨਵਰੀ ਮਹੀਨੇ ਦੀ ਮੀਟਿੰਗ ਦੌਰਾਨ ਕੈਨੇਡਾ ਦੇ ਪਬਲਿਕ ਹੈਲਥ ਕੇਅਰ ਸਿਸਟਮ ਬਾਰੇ ਵਿਚਾਰ ਚਰਚਾ ਕੀਤੀ ਗਈ। ਕੈਲਗਰੀ ਦੇ ਕੋਸੋ ਹਾਲ ਵਿੱਚ ਹੋਈ ਇਸ ਮੀਟਿੰਗ ਵਿੱਚ ਬੁਲਾਰਿਆਂ ਨੇ ਇਸ ਸਿਸਟਮ ਦੇ ਸ਼ੁਰੂ ਹੋਣ ਦੇ ਕਾਰਨਾਂ ਅਤੇ ਮੌਜੂਦਾ ਸਿਸਟਮ ਵਿੱਚ ਪੈਦਾ ਹੋ ਰਹੀਆਂ ਖਾਮੀਆਂ ਬਾਰੇ ਖੁੱਲ੍ਹ ਕੇ ਵਿਚਾਰ ਪੇਸ਼ ਕੀਤੇ। ਬੁਲਾਰਿਆਂ ਨੇ ਕਿਹਾ ਕਿ ਲੰਮੇ ਸੰਘਰਸ਼ ਤੋਂ ਬਾਅਦ ਮਿਲੀਆਂ ਸਿਹਤ ਅਤੇ ਹੋਰ ਸਹੂਲਤਾਂ ਨੂੰ ਆਰਥਿਕ ਮੰਦਵਾੜੇ ਦੀ ਆੜ ਹੇਠ ਲੋਕਾਂ ਕੋਲੋਂ ਖੋਹਿਆ ਜਾ ਰਿਹਾ ਹੈ ਜਿਸ ਕਰਕੇ ਲੋਕਾਂ ਨੂੰ ਸੁਚੇਤ ਹੋਣ ਦੀ ਲੋੜ ਹੈ।

ਮੁੱਖ ਬੁਲਾਰੇ ਐਸੋਸੀਏਸ਼ਨ ਦੇ ਪ੍ਰਧਾਨ ਸੋਹਨ ਮਾਨ ਨੇ ਪਬਲਿਕ ਹੈਲਥ ਕੇਅਰ ਸਿਸਟਮ ਸ਼ੁਰੂ ਹੋਣ ਦੇ ਕਾਰਨਾਂ ਬਾਰੇ ਜਾਣਕਾਰੀ ਵਿਸਥਾਰ ਵਿੱਚ ਪੇਸ਼ ਕੀਤੀ। ਉਹਨਾਂ ਇਸ ਸਿਸਟਮ ਨੂੰ ਸ਼ੁਰੂ ਕਰਨ ਵਿੱਚ ਪਹਿਲਕਦਮੀ ਵਾਲ਼ੀਆਂ ਦੋ ਸ਼ਖਸ਼ੀਅਤਾਂ ਨੌਰਮਨ ਬੈਥਿਊਨ ਅਤੇ ਟੌਮੀ ਡਗਲਸ ਦੀ ਜ਼ਿੰਦਗੀ ਬਾਰੇ ਜਾਣਕਾਰੀ ਦਿੱਤੀ। 1890 ਨੂੰ ਟੋਰਾਂਟੋ ਵਿੱਚ ਜਨਮੇ ਨੌਰਮਨ ਬੈਥਿਊਨ ਨੇ 1916 ਵਿੱਚ ਡਾਕਟਰੀ ਦੀ ਡਿਗਰੀ ਪਾਸ ਕੀਤੀ। ਡਾਕਟਰੀ ਕਿੱਤੇ 'ਚੋਂ ਪੈਸੇ ਕਮਾਉਣ ਦੀ ਲਾਲਸਾ ਦੇ ਉਲਟ ਲੋਕ ਸੇਵਾ ਕਰਨ ਰੁਚੀ ਉਸ ਨੂੰ ਚੀਨ ਤੱਕ ਲੈ ਗਈ। 1914 ਦੀ ਸੰਸਾਰ ਜੰਗ ਦੌਰਾਨ ਜਪਾਨ ਵਲੋਂ ਚੀਨ ਉਪਰ ਕੀਤੇ ਹਮਲੇ ਦੌਰਾਨ ਜ਼ਖ਼ਮੀਆਂ ਨੂੰ ਡਾਕਟਰੀ ਸਹੂਲਤ ਦੇਣ ਦੇ ਨੌਰਮਨ ਦੇ ਫੈਸਲੇ ਨੇ ਉਸ ਨੂੰ ਚੀਨ ਦੀ ਆਮ ਜਨਤਾ ਦਾ ਨਾਇਕ ਬਣਾ ਦਿੱਤਾ ਉਸ ਦੀ ਇਸ ਭਾਵਨਾ ਦੇ ਸਤਿਕਾਰ ਵਜੋਂ ਉਸ ਨੂੰ ਚੇਅਰਮੈਨ ਮਾਓ ਤੋਂ ਵਿਸ਼ੇਸ਼ ਸਤਿਕਾਰ ਮਿਲਿਆ ਅਤੇ ਅੱਜ ਵੀ ਚੀਨ ਵਿੱਚ ਉਸ ਦੀ ਯਾਦ ਵਿੱਚ ਸਨਮਾਨ ਸਥਾਪਿਤ ਕੀਤੇ ਹੋਏ ਹਨ। ਚੀਨ ਸਰਕਾਰ ਨੇ ਨੌਰਮਨ ਦੀ ਯਾਦ ਲੋਕ ਮਨਾਂ ਵਿੱਚ ਤਾਜ਼ਾ ਰੱਖਣ ਲਈ ਬੁੱਤ ਲਗਾਏ ਹੋਏ ਹਨ। ਸ੍ਰੀ ਮਾਨ ਨੇ ਇਹ ਵੀ ਦੱਸਿਆ ਕਿ 1936 ਵਿੱਚ ਨੌਰਮਨ ਨੇ ਕਮਿਊਨਿਸਟ ਪਾਰਟੀ ਕੈਨੇਡਾ ਦਾ ਮੈਂਬਰ ਬਣ ਕੇ ਪਬਲਿਕ ਹੈਲਥ ਕੈਅਰ ਸਿਸਟਮ ਨੂੰ ਲਾਗੂ ਕਰਨ ਵਿੱਚ ਲਾ ਮਿਸਾਲ ਕੰਮ ਕੀਤਾ। 1939 ਵਿੱਚ ਇੱਕ ਸਰਜਰੀ ਦੌਰਾਨ ਖ਼ੂਨ ਦਾ ਜ਼ਹਿਰ ਚੜਨ ਕਰਕੇ ਨੌਰਮਨ ਦੀ ਮੌਤ ਹੋ ਗਈ।

ਟੌਮੀ ਡਗਲਸ ਦੀ ਜ਼ਿੰਦਗੀ ਬਾਰੇ ਸ੍ਰੀ ਮਾਨ ਨੇ ਦੱਸਿਆ ਕਿ ਕੈਨੇਡਾ ਦੇ ਪਬਲਿਕ ਹੈਲਥ ਕੇਅਰ ਸਿਸਟਮ ਨੂੰ ਅਮਲੀ ਰੂਪ ਵਿੱਚ ਲਾਗੂ ਕਰਨ ਵਿੱਚ ਇਸ ਦਾ ਯੋਗਦਾਨ ਸੀ। 1904 ਵਿੱਚ ਸਕਾਟਲੈਂਡ ਵਿੱਚ ਜਨਮੇ ਡਗਲਸ ਦੇ ਮਾਪੇ ਉਸ ਨੂੰ ਪਾਦਰੀ ਬਣਾਉਣਾ ਚਾਹੁੰਦੇ ਸਨ। 16 ਸਾਲ ਦੀ ਉਮਰ ਵਿੱਚ ਡਗਲਸ ਪਰਿਵਾਰ ਨਾਲ਼ ਵਿੰਨੀਪੈੱਗ ਆ ਗਿਆ ਅਤੇ ਉਸ ਨੇ ਲੋਕ ਸੇਵਾ ਕਰਨ ਲਈ ਪਾਦਰੀ ਬਣਨ ਨਾਲੋਂ ਸਿਆਸੀ ਲੀਡਰ ਬਣਨ ਦਾ ਫੈਸਲਾ ਕਰ ਲਿਆ। ਸਸਕੈਚਵਨ ਤੋਂ ਕੈਨੇਡਾ ਕਾਮਨਵੈਲਥ ਫੈਡਰੇਸ਼ਨ (ਸੀ.ਸੀ.ਐਫ.) ਪਾਰਟੀ ਦਾ ਉਸ ਨੂੰ ਪਹਿਲਾ ਐਮ.ਪੀ. ਬਣਨ ਦਾ ਮਾਣ ਹਾਸਲ ਹੋਇਆ। ਇਸ ਤੋਂ ਬਾਅਦ ਵਿੱਚ 1944 ਵਿੱਚ ਉਹ ਉੱਤਰੀ ਅਮਰੀਕਾ ਦੀ ਪਹਿਲੀ ਸਮਾਜਵਾਦੀ ਸਰਕਾਰ ਦਾ ਪ੍ਰੀਮੀਅਰ ਬਣਿਆ। 1959 ਵਿੱਚ ਉਸ ਨੇ ਜਦੋਂ ਉਸਨੇ ਮੈਡੀਕਲ ਪਲੈਨ ਦਾ ਪ੍ਰਚਾਰ ਕਰਨਾ ਸ਼ੁਰੂ ਕੀਤਾ ਤਾਂ ਵਿਰੋਧ ਵਿੱਚ ਡਾਕਟਰਾਂ ਦੀ ਹੜਤਾਲ ਤੋਂ ਇਲਾਵਾ ਸਿਆਸੀ ਵਿਰੋਧ ਵੀ ਹੋਇਆ ਉਸ ਦੀ ਵਿਚਾਰਧਾਰਾ ਨੂੰ 1984 ਵਿੱਚ ਲਿਬਰਲ ਸਰਕਾਰ ਨੇ ਪਬਲਿਕ ਹੈਲਥ ਕੈਅਰ ਸਿਸਟਮ ਦੇ ਰੂਪ ਵਿੱਚ ਲਾਗੂ ਕਰਕੇ ਇਹ ਐਕਟ ਪਾਸ ਕਰ ਦਿੱਤਾ।

ਰੇਡੀਓ ਰੈੱਡ ਐਫ.ਐਮ. ਤੋਂ ਰਿਸ਼ੀ ਨਾਗਰ ਨੇ ਪਬਲਿਕ ਹੈਲਥ ਕੇਅਰ ਸਿਸਟਮ ਦੇ ਮੌਜੂਦਾ ਢਾਂਚੇ ਵਿੱਚ ਫਜ਼ੂਲ ਖਰਚੀ ਅਤੇ ਸਿਹਤ ਵਿਭਾਗ ਦੇ ਕਰਮਚਾਰੀਆਂ ਦੀਆਂ ਵੱਡੀਆਂ ਤਨਖਾਹਾਂ ਬਾਰੇ ਅੰਕੜੇ ਪੇਸ਼ ਕੀਤੇ ਉਹਨਾਂ ਕਿਹਾ ਕਿ ਸਿਹਤ ਵਿਭਾਗ ਵਿੱਚ ਦਸ ਹਜ਼ਾਰ ਕਰਮਚਾਰੀਆਂ ਦੀਆਂ ਮੂਲ ਤਨਖਾਹਾਂ ਇੱਕ ਲੱਖ ਡਾਲਰ ਸਾਲਾਨਾ ਤੋਂ ਵੀ ਜਿਆਦਾ ਹਨ। ਉਨਾਂ ਦੱਸਿਆ ਕਿ ਡਿਪਟੀ ਸਿਹਤ ਮੰਤਰੀ ਦੀ ਸਾਲਾਨਾ ਤਨਖਾਹ ਭੱਤਿਆਂ ਸਮੇਤ ਲੱਗਭੱਗ ਸੱਤ ਲੱਖ ਡਾਲਰ ਸਾਲਾਨਾ ਹੈ। ਸ੍ਰੀ ਨਾਗਰ ਨੇ ਕਿਹਾ ਕਿ ਤਨਖਾਹਾਂ ਅਤੇ ਹੋਰ ਭੱਤਿਆਂ ਉਪਰ ਫਜ਼ੂਲ ਖਰਚੀ ਓੱਪਰ ਕਾਬੂ ਪਾ ਕੇ ਲੋਕਾਂ ਨੂੰ ਹੋਰ ਵੀ ਵਧੀਆ ਸਿਹਤ ਸਹੂਲਤਾਂ ਦਿੱਤੀਆਂ ਜਾ ਸਕਦੀਆਂ ਹਨ। ਗੁਰਬਚਨ ਬਰਾੜ ਨੇ ਕਿਹਾ ਕਿ ਕੈਨੇਡਾ ਦੇ ਪਬਲਿਕ ਹੈਲਥ ਕੇਅਰ ਸਿਸਟਮ ਵਿਚਲੀਆਂ ਖਾਮੀਆਂ ਦਾ ਜਥੇਬੰਥਕ ਵਿਰੋਧ ਕਰਨਾ ਸਮੇਂ ਦੀ ਲੋੜ ਹੈ। ਹਰੀਪਾਲ ਨੇ ਕਿਹਾ ਕਿ ਅਲਬਰਟਾ ਸੂਬੇ ਦੀ ਐਨ. ਡੀ. ਪੀ. ਸਰਕਾਰ ਨੇ ਵਿੱਤੀ ਚੁਣੌਤੀਆਂ ਦੇ ਬਾਵਜੂਦ ਫਾਰਮ ਵਰਕਰ ਸੇਫਟੀ ਬਿੱਲ,ਵੱਡੇ ਵਪਾਰਿਕ ਅਦਾਰਿਆਂ ਦੀ ਰਾਇਲਿਟੀ ਓਪਰ ਟੈਕਸ ਦੀ ਦਰ 10 ਫੀਸਦੀ ਤੋਂ ਵਧਾ ਕੇ 12 ਫੀਸਦੀ ਕਰਨ ਤੋਂ ਇਲਾਵਾ ਘੱਟੋ-ਘੱਟ ਤਨਖਾਹ 15 ਡਾਲਰ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ।

ਇਸ ਤੋਂ ਪਹਿਲਾਂ ਰੇਡੀਓ ਸਪਾਈਸ ਦੇ ਸੁਰਜੀਤ ਸਿੰਘ ਡੋਡ ਨੇ ਕਿਹਾ ਕਿ ਆਮ ਤੌਰ ਤੇ ਇਹ ਪੜਨ-ਸੁਣਨ ਨੂੰ ਮਿਲਦਾ ਹੈ ਕਿ ਅੱਤਵਾਦ ਦਾ ਕੋਈ ਧਰਮ ਨਹੀਂ ਹੁੰਦਾ ਪਰ ਅੱਤਵਾਦੀ ਸੰਗਠਨ ਧਰਮ ਦੇ ਨਾਂ ਤੇ ਹੀ ਬਣਦੇ ਹਨ। ਵੱਖ-ਵੱਖ ਧਰਮਾਂ 'ਚੋਂ ਹੀ ਕੱਟੜਤਾ, ਫਿਰਕਪ੍ਰਸਤੀ ਅਤੇ ਅੱਤਵਾਦ ਨੂੰ ਖੁਰਾਕ ਮਿਲਦੀ ਹੈ। ਪੂੰਜੀਪਾਤੀ ਸਾਮਰਾਜਵਾਦੀ ਸਿਸਟਮ ਹੀ ਇਸਦਾ ਪਾਲਣਹਾਰਾ ਹੈ। ਜਸਵੀਰ ਸਹੋਤਾ ਨੇ ਵੀ ਵਿਚਾਰ ਪੇਸ਼ ਕੀਤੇ। ਮੰਚ ਸੰਚਾਲਕ ਮਾਸਟਰ ਭਜਨ ਨੇ ਕੈਲਗਰੀ ਹਾਕਸ ਫੀਲਡ ਹਾਕੀ ਅਕਾਦਮੀ ਵਲੋਂ ਸਰਦੀਆਂ ਦੀਆਂ ਛੁੱਟੀਆਂ ਦੌਰਾਨ ਲਗਾਏ ਗਏ ਫਰੀ ਹਾਕੀ ਕੈਂਪ ਦੀ ਪ੍ਰਸ਼ੰਸ਼ਾ ਕਰਦਿਆਂ ਕਿਹਾ ਕਿ ਅਜਿਹੇ ਯਤਨਾਂ ਨਾਲ਼ ਭਵਿੱਖ ਦੀ ਪਨੀਰੀ ਨੂੰ ਤੰਦਰੁਸਤ ਬਣਾਉਣ ਦੇ ਯਤਨਾਂ ਨੂੰ ਹੋਰ ਵੀ ਹੁਲਾਰਾ ਮਿਲਦਾ ਹੈ।

ਸੰਸਾਰ ਪ੍ਰਸਿੱਧ ਲੇਖਿਕਾ ਅਰੁਧੰਤੀ ਰਾਏ ਨੂੰ ਮੁੰਬਈ ਹਾਈਕੋਰਟ ਵਲੋਂ ਨੋਟਿਸ ਜਾਰੀ ਕਰਨ ਦੇ ਵਿਰੋਧ ਵਿੱਚ ਇੱਕ ਮਤਾ ਪਾਸ ਕੀਤਾ ਗਿਆ। ਦੱਸਣਯੋਗ ਹੈ ਕਿ ਅਰੁਧੰਤੀ ਰਾਏ ਨੇ ਆਊਟ ਲੁੱਕ ਰਸਾਲੇ ਵਿੱਚ ਇੱਕ ਲੇਖ ਰਾਹੀਂ 90 ਫੀਸਦੀ ਅਪਾਹਜ ਦਿੱਲੀ ਯੂਨੀਵਰਸਿਟੀ ਦੇ ਪ੍ਰੋਫੈਸਰ ਜੀ. ਐਨ. ਸਾਈਂ ਬਾਬਾ ਉਪਰ ਜੇਲ੍ਹ ਵਿੱਚ ਹੋਏ ਅਣਮਨੁੱਖੀ ਤਸ਼ਦੱਦ ਖਿਲਾਫ ਅਵਾਜ਼ ਉਠਾਈ ਸੀ ।ਕਮਲਪ੍ਰੀਤ ਕੌਰ ਪੰਧੇਰ, ਹਰਨੇਕ ਬੱਧਣੀ, ਜਸਵੰਤ ਸੇਖੋਂ, ਸ਼ਿਵ ਕੁਮਾਰ ਸ਼ਰਮਾ ਅਤੇ ਅਜਾਇਬ ਸਿੰਘ ਸੇਖੋਂ ਨੇ ਕਵਿਤਾਵਾਂ ਰਾਹੀਂ ਹਾਜ਼ਰੀ ਲਗਵਾਈ। ਮਾਸਟਰ ਭਜਨ ਨੇ ਦੱਸਿਆ ਕਿ ਫਰਵਰੀ ਮਹੀਨੇ ਦੀ ਮੀਟਿੰਗ ਪਹਿਲੇ ਐਤਵਾਰ 7 ਫਰਵਰੀ ਨੂੰ ਕੋਸੋ ਹਾਲ ਵਿਖੇ ਹੋਵੇਗੀ। ਸੰਪਰਕ ਲਈ ਮਾਸਟਰ ਭਜਨ (403-455-4220) ਫੋਨ ਕਰ ਸਕਦੇ ਹੋ।


Reliance /Legal Group LLP
FORMERLY KNOWN AS SINGH & PARTNERS LAW OFFICE
Commonwealth Centre
Unit 1101, 3961-52nd Ave.N.E.
Calgary, AB T3J 0J7
Barristers, Solicitors and Notary Public
Tel. : 403-285-7070
Our law group practices in
IMMIGRATION
Applications for Family Class and APPEALS,
Skilled Workers, Investors,
Refugee Claims
REAL ESTATE
Buying and Selling
Commercial and Residential
Land Development
Condominium Projects
WILLS & ESTATE
CRIMINAL LAW
SMALL BUSINESS
Buying and Selling
Franchises, Shareholder Agreements and Incorporations
FORMATION OF PUBLIC COMPANIES
PERSONAL INJURY (Car Accident Claims)
NO LEGAL FEES UNTIL RECOVERY
Our clients include small businesses, public companies, builders, land developers, charitable organizations and individuals.
We donate part of our fees to Alberta Children Hospital.
* Experienced lawyers, caring, confidential
* Reasonable fees
* Free Initial Consultation
* Weekend & Evening Appointments (available upon request)

FOR ALL YOUR REAL ESTATE NEEDS
Contact Long time trusted name in the community
Gurbachan Singh Brar
REALTOR
* RESIDENTIAL * BUSINESS * LAND
* COMMERCIAL * INDUSTRIAL * INVESTMENT
403-470-2628
gsbrar@gsbrar.com
www.gsbrar.com
ਰੀਅਲ ਅਸਟੇਟ ਦੀਆਂ ਕਿਸੇ ਵੀ ਤਰ੍ਹਾਂ ਦੀਆਂ ਜ਼ਰੂਰਤਾਂ ਲਈ ਸੰਪਰਕ ਕਰੋ।
* Free no obligation evaluation
* Full time commitment
* Assistance to arrange best mortgage rates
urban
1A-4101 19 ST N.E, CALGARY, AB T2E 6X8
Ph: 403-590-2233 Fax: 403-776-1942





1996 ਤੋਂ ਨਿਰਵਿਘਨ ਮਾਂ ਬੋਲੀ ਪੰਜਾਬੀ, ਗੁਰਬਾਣੀ ਦੀ ਵਿਚਾਰਧਾਰਾ ਅਤੇ ਮਾਨਵੀ ਕਦਰਾਂ-ਕੀਮਤਾਂ ਦੀ ਤਰਜ਼ਮਾਨੀ ਕਰਦਾ ਮਾਸਿਕ ਮੈਗਜ਼ੀਨ...
ਸਿੱਖ ਵਿਰਸਾ
ਸਾਡਾ ਵਿਰਸਾ
24 ਘੰਟੇ ਆਨ ਲਾਇਨ
ਰੇਡੀਓ ਸਾਂਝ
www.radiosanjh.com
Ph: 403-250-8898 Fax: 403-250-8825
Website : www.sikhvirsa.com, Email : virsa@sikhvirsa.com

# ਹਾਕਸ ਕਲੱਬ ਦੇ ਫੀਲਡ ਹਾਕੀ ਪੰਦਰਵਾੜੇ ਨਾਲ ਚੱਲੀ ਕੈਲਗਰੀ 'ਚ ਚੱਲੀ ਹਾਕੀ ਦੀ ਲਹਿਰ

## ਫੀਲਡ ਹਾਕੀ ਕੈਂਪ ਨੂੰ ਬੇਮਿਸਾਲ ਹੁੰਗਾਰਾ, ਪੰਜਾਬ ਈਗਲਜ਼ ਨੇ ਜਿੱਤੀ ਸਰਦ ਰੁੱਤ ਦੀ ਲੀਗ, ਬੋਤਲ ਡਰਾਈਵ ਰਾਹੀਂ ਉਮੜਿਆ ਹਾਕੀ ਪਿਆਰ



ਕੈਲਗਰੀ: ਕੈਲਗਰੀ ਹਾਕਸ ਫੀਲਡ ਹਾਕੀ ਅਕਾਦਮੀ ਨੇ ਇੱਕ ਵੱਖਰੇ ਅੰਦਾਜ਼ ਵਿੱਚ ਸਾਲ 2015 ਨੂੰ ਅਲਵਿਦਾ ਅਤੇ ਸਾਲ 2016 ਨੂੰ ਖ਼ੁਸ਼ਆਮਦੀਦ ਆਖੀ। ਕਲੱਬ ਨੇ ਸਾਲ 2015 ਦੀਆਂ ਪ੍ਰਾਪਤੀਆਂ ਦਾ ਲੇਖਾ-ਜੋਖਾ ਕਰਦਿਆਂ ਇੱਕ ਨਵੇਂ ਜੋਸ਼ ਨਾਲ਼ ਨਵੇਂ ਵਰ੍ਹੇ ਨੂੰ ਜੀ ਆਇਆਂ ਆਖਿਆ। ਸਾਲ ਅਖੀਰ ਵਿੱਚ ਕਲੱਬ ਨੇ ਪੰਦਰਵਾੜਾ ਮਨਾਉਂਦਿਆਂ ਸਰਦ ਰੁੱਤ ਦੀ ਲੀਗ, ਫਰੀ ਕੋਚਿੰਗ ਕੈਂਪ ਅਤੇ ਬੋਤਲ ਡਰਾਈਵ ਵਰਗੀਆਂ ਗਤੀਵਿਧੀਆਂ ਦਾ ਆਯੋਜਨ ਕੀਤਾ ਗਿਆ ਜਿਸ ਕਰਕੇ ਕੈਲਗਰੀ ਵਾਸੀਆਂ ਦੇ ਮਨਾਂ ਵਿੱਚ ਇਸ ਖੇਡ ਬਾਰੇ ਜੋਸ਼ ਸਿਖ਼ਰ ਤੇ ਪੁੱਜ ਗਿਆ

**ਸਾਲ 2015 ਦਾ ਲੇਖਾ-ਜੋਖਾ :** ਕੈਲਗਰੀ ਹਾਕਸ ਕਲੱਬ ਦੀ ਕਮਾਨ ਹੇਠ ਸਿਰਫ ਦੋ ਸਾਲ ਪਹਿਲਾਂ ਖੋਲ੍ਹੀ ਹਾਕਸ ਫੀਲਡ ਹਾਕੀ ਅਕਾਦਮੀ ਨੇ ਨਤੀਜੇ ਦੇਣੇ ਸ਼ੁਰੂ ਕਰ ਦਿੱਤੇ ਹਨ। ਕੋਚ ਦਿਲਪਾਲ ਸਿੰਘ ਦੀ ਮਿਹਨਤ ਸਦਕਾ ਸਾਲ 2015 ਦੌਰਾਨ ਅਕਾਦਮੀ ਦੇ ਚਾਰ ਮੁੰਡੇ ਅਲਬਰਟਾ ਦੀ ਟੀਮ ਵਲੋਂ ਖੇਡੇ ਜਿਸ ਟੀਮ ਨੇ ਕੌਮੀ ਚੈਂਪੀਅਨਸ਼ਿਪ (ਅੰਡਰ-16) ਵਿੱਚੋਂ ਤੀਜਾ ਸਥਾਨ ਪ੍ਰਾਪਤ ਕੀਤਾ। ਇਸ ਟੀਮ ਵਿੱਚ ਖੇਡੇ ਦਿਲਦੀਪ ਸੀਰਾ, ਹਰਜੋਤ ਧਾਲੀਵਾਲ, ਜਗਸ਼ੀਰ ਲੰਮ੍ਹੇ ਅਤੇ ਦਿਲਰਾਜ ਸਿੱਧੂ ਹਾਕਸ ਕਲੱਬ ਦੇ ਖਿਡਾਰੀ ਹਨ। ਅਕਾਦਮੀ ਦੀਆਂ ਦੋ ਕੁੜੀਆਂ ਹਰਲੀਨ ਕੌਰ ਗਰੇਵਾਲ ਅਤੇ ਕਿਸਮਤ ਕੌਰ ਧਾਲੀਵਾਲ ਅਲਬਰਟਾ ਦੇ ਕੈਂਪ ਲਈ ਚੁਣੀਆਂ ਗਈਆਂ। ਕੈਲਗਰੀ ਇਨਡੋਰ ਲੀਗ ਵਿੱਚ ਸਾਰਸਨ ਕਲੱਬ ਵਲੋਂ ਖੇਡ ਰਹੀਆਂ ਸਿਰਫ ਇਹ ਦੋ ਕੁੜੀਆਂ ਹੀ ਪੰਜਾਬੀ ਭਾਈਚਾਰੇ ਤੋਂ ਹਨ। ਅਕਾਦਮੀ ਦੀ ਟੀਮ ਨੇ ਐਬਸਫੋਰਡ ਵਿੱਚ ਹੋਏ ਟੂਰਨਾਮੈਂਟ ਵਿੱਚੋਂ ਦੂਜਾ ਸਥਾਨ ਪ੍ਰਾਪਤ ਕੀਤਾ। ਇਸੇ ਤਰਾਂ ਐਡਮਿੰਟਨ ਵਿੱਚ ਹੋਏ ਟੂਰਨਾਂਮੈਂਟ ਵਿੱਚੋਂ ਹਾਕਸ ਅਕਾਦਮੀ ਦੀ ਟੀਮ ਪਹਿਲੇ ਸਥਾਨ ਤੇ ਰਹੀ। ਕੈਲਗਰੀ ਹਾਕਸ ਕੱਪ ਵਿੱਚੋਂ ਵੀ ਇਸ ਟੀਮ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਸਾਰਾ ਸਾਲ ਦੀਆਂ ਪ੍ਰੈਕਟਿਸਾਂ ਵਿੱਚ ਕੋਚ ਦਿਲਪਾਲ ਸਿੰਘ ਤੋਂ ਇਲਾਵਾ ਮੈਨੇਜਰ ਦਲਜੀਤ ਕਾਕਾ ਲੋਪੋਂ ਦਾ ਵੀ ਖਾਸ ਯੋਗਦਾਨ ਰਿਹਾ।



**ਹਾਕਸ ਪ੍ਰੀਮੀਅਰ ਲੀਗ :** ਨਵੇਂ ਖਿਡਾਰੀਆਂ ਨੂੰ ਤਜਰਬੇਕਾਰ ਖਿਡਾਰੀਆਂ ਨਾਲ਼ ਮੌਕਾ ਦੇਣ ਦੇ ਮਕਸਦ ਨਾਲ਼ ਕਲੱਬ ਵਲੋਂ ਹਾਕਸ ਪ੍ਰੀਮੀਅਰ ਲੀਗ ਹਰ ਸਾਲ ਵਿੱਚ ਦੋ ਵਾਰ ਕਰਵਾਈ ਜਾਂਦੀ ਹੈ। ਇਸ ਲੀਗ ਵਿੱਚ ਚਾਰ ਟੀਮਾਂ ਪੰਜਾਬ ਈਗਲਜ਼, ਪੰਜਾਬ ਲਾਇਨਜ਼,ਪੰਜਾਬ ਪੈਂਥਰਜ਼ ਅਤੇ ਪੰਜਾਬ ਟਾਈਗਰਜ਼ ਭਾਗ ਲੈਂਦੀਆਂ ਹਨ। ਸਰਦ ਰੁੱਤ ਦੀ ਲੀਗ ਦੇ ਫਾਈਨਲ ਮੈਚ ਫੀਲਡ ਹਾਕੀ ਪੰਦਰਵਾੜੇ ਦੌਰਾਨ ਹੀ ਕਰਵਾਏ ਗਏ। ਪੰਜਾਬ ਟਾਈਗਰਜ਼ ਦੀ ਟੀਮ ਨੇ ਮਨਮੀਤ ਸਿੰਘ ਭੁੱਲਰ ਦੀ ਫੋਟੋ ਵਾਲ਼ੀਆਂ ਜਰਸੀਆਂ ਪਾ ਕੇ ਮੈਚ ਖੇਡਿਆ। ਇਸ ਲੀਗ ਦੇ ਫਾਈਨਲ ਮੈਚ ਵਿੱਚ ਪੰਜਾਬ ਈਗਲਜ਼ ਨੇ ਪੰਜਾਬ ਲਾਇਨਜ਼ ਨੂੰ 5-4 ਦੇ ਫਰਕ ਨਾਲ਼ ਹਰਾ ਕੇ ਖਿਤਾਬੀ ਜਿੱਤ ਪ੍ਰਾਪਤ ਕੀਤੀ। ਇਸ ਲੀਗ ਵਿੱਚ ਗੁਰਦੀਪ ਹਾਂਸ (30 ਗੋਲ਼) ਬਿਹਤਰੀਨ ਸਕੋਰਰ ਬਣਿਆ। ਕਰਮਜੀਤ ਢੁੱਡੀਕੇ ਬਿਹਤਰੀਨ ਖਿਡਾਰੀ ਬਣਿਆ। ਹਰਜੋਤ ਧਾਲੀਵਾਲ ਲੋਪੋਂ (16 ਗੋਲ਼) ਜੂਨੀਅਰ ਵਰਗ ਦਾ ਬਿਹਤਰੀਨ ਸਕੋਰਰ ਰਿਹਾ। ਗੁਰਵਿੰਦਰ ਢਿਲੋਂ ਬਿਹਤਰੀਨ ਗੋਲਕੀਪਰ ਬਣਿਆ। ਇਹ ਲੀਗ ਭਾਵੇਂ ਪੁਰਸ਼ ਵਰਗ ਦੀ ਸੀ ਪਰ ਇੱਕੋ ਇੱਕ ਕੁੜੀ ਹਰਲੀਨ ਕੌਰ ਗਰੇਵਾਲ ਨੇ ਚੈਂਪੀਅਨ ਟੀਮ ਪੰਜਾਬ ਈਗਲਜ਼ ਵਲੋਂ ਖੇਡਣ ਦਾ ਮਾਣ ਹਾਸਲ ਕੀਤਾ ਅਤੇ ਲੀਗ ਦੌਰਾਨ ਪੰਜ ਗੋਲ ਵੀ ਕੀਤੇ। ਕਲੱਬ ਵਲੋਂ ਉਸ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ। ਇਸ ਲੀਗ ਨੂੰ ਸਫਲ ਬਣਾਉਣ ਵਿੱਚ ਮਨਵੀਰ ਗਿੱਲ, ਮਨਦੀਪ ਦੀਪੂ, ਗੁਰਦੀਪ ਹਾਂਸ, ਗੁਰਲਾਲ ਗਿੱਲ ਮਾਣੂਕੇ, ਸੁਖਦੀਪ ਭੀਮ ਮਾਣੂਕੇ, ਮਨਮੋਹਨ ਗਿੱਲ ਮਾਣੂਕੇ, ਕਰਮਜੀਤ ਢੁੱਡੀਕੇ, ਕੰਵਰ ਪਨੂੰ, ਕਿਰਪਾਲ ਸਿੱਧੂ, ਜਗਜੀਤ ਜੱਗਾ ਲੋਪੋਂ, ਜੀਵਨ ਮਾਂਗਟ, ਹਰਵਿੰਦਰ ਖਹਿਰਾ, ਪਰਮਿੰਦਰ ਬਰਾੜ, ਸੁਖਦੀਪ ਹਾਂਸ, ਦਿਲਪਾਲ ਟੀਟਾ, ਜਸਵੰਤ ਮਾਣੂਕੇ, ਹੈਪੀ ਮੱਦੋਕੇ, ਗੁਰਮੀਤ ਹਠੂਰ, ਹਰਚੰਦ ਘੱਲ ਕਲਾਂ, ਮਨਵੀਰ ਰਾਮਪੁਰ, ਗੋਲਡੀ ਬਰਾੜ, ਹੈਪੀ ਹੋਠੀ, ਜੱਗੀ ਬੀਹਲਾ, ਹਰਿੰਦਰ ਗਰੇਵਾਲ, ਕਰਮਜੀਤ ਗਰਚਾ, ਨੋਨੀ ਧੂਰਕੋਟ, ਸਵਰਨ ਸਿੰਘ, ਰਘਬੀਰ ਧਾਲੀਵਾਲ, ਅਜੀਤ ਸਿੰਘ ਬਰਨਾਲ਼ਾ, ਧੀਰਾ ਪੰਨੂ ਅਤੇ ਪਰਮਜੀਤ ਲੰਮ੍ਹੇ ਨੇ ਵੱਡੀ ਜ਼ਿੰਮੇਵਾਰੀ ਨਿਭਾਈ। ਅੰਪਾਇਰਿੰਗ ਲਈ ਓਕਾਂਰ ਢੀਡਸਾ ਅਤੇ ਹਰਵਿੰਦਰ ਹੈਪੀ ਢੀਂਡਸਾ ਨੇ ਸੇਵਾਵਾਂ ਦਿੱਤੀਆਂ।

**ਫੀਲਡ ਹਾਕੀ ਕੈਂਪ :** ਹਾਕਸ ਫੀਲਡ ਹਾਕੀ ਅਕਾਦਮੀ ਵਲੋਂ ਨਵੀਂ ਰਜਿਸਟਰੇਸ਼ਨ ਨੂੰ ਹੁਲਾਰਾ ਦੇਣ ਲਈ ਸਰਦ ਰੁੱਤ ਦੀਆਂ ਛੁੱਟੀਆਂ ਦੌਰਾਨ ਕੋਚਿੰਗ ਕੈਂਪ ਲਗਾਇਆ ਗਿਆ। ਇਸ ਕੈਂਪ ਦੀ ਖਾਸੀਅਤ ਇਹ ਰਹੀ ਬੱਚਿਆਂ ਤੋਂ ਕੋਈ ਵੀ ਪੈਸਾ ਲਏ ਫੀਲਡ ਹਾਕੀ ਦੇ ਗੁਰ ਸਿਖਾਏ ਗਏ। ਕੈਲਗਰੀ ਵਿੱਚ ਆਪਣੀ ਕਿਸਮ ਦਾ ਇਹ ਪਹਿਲਾ ਤਜ਼ਰਬਾ ਸੀ। ਗੁਰਦੁਆਰਾ ਦਸ਼ਮੇਸ਼ ਕਲਚਰਲ ਸੈਂਟਰ ਵਿੱਚ ਲਗਾਏ ਗਏ ਰਜਿਸਟਰੇਸ਼ਨ ਕੈਂਪ ਵਿੱਚ ਲੋਕ ਵਿਸ਼ੇਸ਼ ਤੌਰ ਤੇ ਪਹੁੰਚੇ। ਇਸ ਤੋਂ ਬਾਅਦ ਕੈਂਪ ਵਿੱਚ ਸ਼ਾਮਲ 150 ਦੇ ਕਰੀਬ ਬੱਚਿਆਂ ਅਤੇ ਮਾਪਿਆਂ ਨਾਲ਼ ਜੈਨਸਿਸ ਸੈਂਟਰ ਵਿੱਚ ਰੌਣਕਾਂ ਲੱਗੀਆਂ ਰਹੀਆਂ। ਕਲੱਬ ਦੇ ਸੀਨੀਅਰ ਖਿਡਾਰੀਆਂ ਵਲੋਂ ਨੰਨ੍ਹੇ ਖਿਡਾਰੀਆਂ ਨੂੰ ਫੀਲਡ ਹਾਕੀ ਦੇ ਮੁੱਢਲੇ ਗੁਰ ਸਿਖਾਏ ਗਏ। ਇਸ ਕੈਂਪ ਦੀ ਕਾਰਗੁਜ਼ਾਰੀ ਤੋਂ ਪ੍ਰਭਾਵਿਤ ਹੋ ਕੇ ਵੱਡੀ ਗਿਣਤੀ ਵਿੱਚ ਬੱਚੇ ਪੱਕੇ ਤੌਰ ਤੇ ਕਲੱਬ ਜੁੜ ਗਏ। ਦਿਲ ਦੇ ਰੋਗਾਂ ਦੇ ਮਾਹਿਰ ਡਾ. ਅਨਮੋਲ ਸਿੰਘ ਕਪੂਰ ਅਤੇ ਰੇਡੀਓ ਹੋਸਟ ਡੈਨ ਸਿੱਧੂ ਕੈਂਪ ਵਿੱਚ ਹਾਜ਼ਰੀ ਭਰ ਕੇ ਕਲੱਬ ਮੈਂਬਰਾਂ ਅਤੇ ਨਵੇਂ ਖਿਡਾਰੀਆਂ ਦੀ ਹੌਂਸਲਾ ਅਫਜ਼ਾਈ ਕੀਤੀ।

**ਅਲਬਰਟਾ ਫੀਲਡ ਹਾਕੀ ਨਾਲ਼ ਸਾਂਝ :** ਫਰੀ ਫੀਲਡ ਹਾਕੀ ਕੈਂਪ ਵਿੱਚ ਨਵੇਂ ਖਿਡਾਰੀਆਂ ਦੀ ਹਾਜ਼ਰੀ ਦੇਖ ਕੇ ਅਲਬਰਟਾ ਫੀਲਡ ਹਾਕੀ ਦੇ ਅਧਿਕਾਰੀ ਵੀ ਕਾਫੀ ਉਤਸ਼ਾਹਿਤ ਹੋ ਗਏ ਅਤੇ ਸਾਰਾ ਅਮਲਾ ਕੋਚਿੰਗ ਕੈਂਪ ਵਿੱਚ ਆ ਕੇ ਹਾਕਸ ਕਲੱਬ ਦੀ ਮੱਦਦ ਲਈ ਜੁੱਟ ਗਿਆ। ਅਲਬਰਟਾ ਫੀਲਡ ਹਾਕੀ ਦੇ ਪ੍ਰਧਾਨ ਪੈਡਰ ਓਰੀਅਨ, ਹਾਈ-ਪਰਫਾਰਮੈਂਸ ਕੋਚ ਪੀਟਰ, ਅਲਬਰਟਾ ਕੋਚ ਨੈਥਨ ਅਤੇ ਸੋਹੇਲ ਅਬਦੁੱਲਾ ਵਿਸ਼ੇਸ਼ ਤੌਰ 'ਤੇ ਕੈਂਪ ਵਿੱਚ ਹਾਜ਼ਰੀ ਭਰਦੇ ਰਹੇ। ਕੈਂਪ ਦੇ ਅੰਤ ਵਿੱਚ ਅਲਬਰਟਾ ਫੀਲਡ ਹਾਕੀ ਨੇ ਐਲਾਨ ਕੀਤਾ ਕਿ ਉਹ ਕੈਲਗਰੀ ਹਾਕਸ ਫੀਲਡ ਹਾਕੀ ਅਕਾਦਮੀ ਦੇ ਇਸ ਉਦਮ ਤੋਂ ਕਾਫੀ ਪ੍ਰਭਾਵਿਤ ਹੋਈ ਹੈ। ਪੈਡਰ ਨੇ ਐਲਾਨ ਕੀਤਾ ਕਿ ਉਹ ਪੰਜਾਬੀ ਭਾਈਚਾਰੇ ਵਿੱਚ ਫੀਲਡ ਹਾਕੀ ਦੀਆਂ ਨਵੀਆਂ ਸੰਭਾਵਨਾਵਾਂ ਤਲਾਸ਼ਣ ਲਈ ਹਾਕਸ ਅਕਾਦਮੀ ਨੂੰ ਪੂਰਾ ਸਹਿਯੋਗ ਦੇਵੇਗੀ। ਉਹਨਾਂ ਅਪੀਲ ਕੀਤੀ ਕਿ ਉਹ ਅਲਬਰਟਾ ਫੀਲਡ ਹਾਕੀ ਨਾਲ਼ ਰਜਿਸਟਰਡ ਹੋ ਕੇ ਹੀ ਖੇਡ ਮੈਦਾਨ ਵਿੱਚ ਨਿਤਰਨ। ਇਸ ਮੌਕੇ ਅਲਬਰਟਾ ਫੀਲਡ ਹਾਕੀ ਦੇ ਅਹੁਦੇਦਾਰਾਂ ਦਾ ਨਵੇਂ ਖਿਡਾਰੀਆਂ ਦੇ ਮਾਪਿਆਂ ਨਾਲ਼ ਇੱਕ ਰੂ-ਬ-ਰੂ ਪ੍ਰੋਗਰਾਮ ਵੀ ਕਰਵਾਇਆ ਗਿਆ। ਇਸ ਪ੍ਰੋਗਰਾਮ ਵਿੱਚ ਅਕਾਦਮੀ ਦੁਆਰਾ ਸਾਲ 2016 ਵਿੱਚ ਉਲੀਕੇ ਗਏ ਪ੍ਰੋਗਰਾਮ ਦੀ ਰੂਪ-ਰੇਖਾ ਮਾਪਿਆਂ ਨਾਲ਼ ਸਾਂਝੀ ਕੀਤੀ ਗਈ। ਅਲਬਰਟਾ ਫੀਲਡ ਹਾਕੀ ਦੇ ਪ੍ਰਧਾਨ ਪੈਡਰ ਓਰੀਅਨ, ਹਾਕਸ ਅਕਾਦਮੀ ਦੇ ਕੋਚ ਦਿਲਪਾਲ ਸਿੰਘ ਅਤੇ ਕਲੱਬ ਦੇ ਸੀਨੀਅਰ ਮੈਂਬਰ ਗੁਰਲਾਲ ਮਾਣੂਕੇ ਨੇ ਮਾਪਿਆਂ ਨਾਲ਼ ਵੱਡਮੁੱਲੀ ਜਾਣਕਾਰੀ ਸਾਂਝੀ ਕਰਨ ਤੋਂ ਇਲਾਵਾ ਕਈ ਸਵਾਲਾਂ ਦੇ ਜਵਾਬ ਵੀ ਦਿੱਤੇ।

**ਬੋਤਲ ਡਰਾਈਵ :** ਫੀਲਡ ਹਾਕੀ ਪੰਦਰਵਾੜੇ ਦੇ ਆਖਰੀ ਦਿਨ ਕਰਵਾਈ ਗਈ ਫੀਲਡ ਹਾਕੀ ਬੋਤਲ ਡਰਾਈਵ ਨੂੰ ਨਾਰਥ-ਈਸਟ ਦੇ ਸਮੁੱਚੇ ਭਾਈਚਾਰੇ ਨੇ ਭਰਵਾਂ ਹੁੰਗਾਰਾ ਦਿੱਤਾ। ਜੈਨਸਿਸ ਸੈਂਟਰ ਦੀ ਪਾਰਕਿੰਗ ਅਲਾਟ ਵਿੱਚ ਕਰਵਾਈ ਗਈ ਇਸ ਡਰਾਈਵ ਲਈ ਸਵੇਰ 8 ਵਜੇ ਤੋਂ ਹੀ ਖੇਡ ਪ੍ਰੇਮੀਆਂ ਨੇ ਰੀ-ਸਾਈਕਲ ਬੋਤਲਾਂ ਦੇ ਢੇਰ ਲਗਾ ਦਿੱਤੇ। ਕਲੱਬ ਮੈਂਬਰਾਂ ਨੇ ਘਰਾਂ ਤੋਂ ਵੀ ਵਾਡੀ ਮਾਤਰਾ ਵਿੱਚ ਬੋਤਲਾਂ ਇਕੱਠੀਆਂ ਕਰਕੇ ਇਸ ਬੋਤਲ ਡਰਾਈਵ ਨੂੰ ਸਫਲ ਬਣਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ। ਇਸ ਬੋਤਲ ਡਰਾਈਵ ਤੋਂ ਇਕੱਠੀ ਹੋਈ ਰਾਸ਼ੀ ਕਲੱਬ ਨੇ ਨਵੇਂ ਖਿਡਾਰੀਆਂ ਉਪਰ ਖਰਚਣ ਦਾ ਫੈਸਲਾ ਲਿਆ ਹੈ। ਪੰਜਾਬੀ ਭਾਈਚਾਰੇ ਮਿਲੇ ਬੇ-ਮਿਸਾਲ ਹੁੰਗਾਰੇ ਕਰਕੇ ਹੀ ਇਸ ਬੋਤਲ ਡਰਾਈਵ ਤੋਂ ਦੋ ਤੋਂ ਵੀ ਵੱਧ ਕੰਟਟੇਨਰ ਬੋਤਲਾਂ ਦੇ ਇਕੱਠੇ ਹੋਏ। ਕਲੱਬ ਦੇ ਇਸ ਉੱਦਮ ਦਾ ਭਾਈਚਾਰੇ ਵਲੋਂ ਦਿੱਤੇ ਭਰਵੇਂ ਹੁੰਗਾਰੇ ਦਾ ਮੈਂਬਰਾਂ ਨੇ ਧੰਨਵਾਦ ਕੀਤਾ।

**ਨਵੀਂ ਰਜਿਸਟਰੇਸ਼ਨ :** ਹਾਕਸ ਫੀਲਡ ਅਕਾਦਮੀ ਦਾ ਪਹਿਲਾ ਪੂਰ ਤਿਆਰ ਕਰਨ ਤੋਂ ਬਾਅਦ ਹੁਣ ਅਗਲੇ ਉਮਰ ਵਰਗ ਉਪਰ ਧਿਆਨ ਦਿੱਤਾ ਜਾ ਰਿਹਾ ਹੈ। ਕਲੱਬ ਨੇ ਜਨਵਰੀ ਮਹੀਨੇ ਲਈ ਹਾਲ ਬੁੱਕ ਕਰਵਾ ਕੇ ਪ੍ਰੈਕਟਿਸ ਦੀ ਸਾਰਣੀ ਘੋਸ਼ਿਤ ਕਰ ਦਿੱਤੀ ਹੈ। ਫੀਲਡ ਹਾਕੀ ਦੀ ਨਵੀਂ ਰਜਿਸਟਰੇਸ਼ਨ ਕਲੱਬ ਵਲੋਂ ਚੱਲ ਰਹੀ ਹੈ। ਇਸ ਬਾਰੇ ਹੋਰ ਜਾਣਕਾਰੀ ਲਈ ਕੋਚ ਦਿਲਪਾਲ ਸਿੰਘ(403-681-0749), ਦਲਜੀਤ ਸਿੰਘ ਕਾਕਾ ਲੋਪੋਂ (403-680-2700) ਜਾਂ ਸੁਖਵੀਰ ਗਰੇਵਾਲ (403-402-0770) ਨਾਲ਼ ਸੰਪਰਕ ਕਰ ਸਕਦੇ ਹਨ।

FOR ALL YOUR REAL ESTATE NEEDS
Contact Long time trusted name in the community
HARCHARAN SINGH PARHAR
* RESIDENTIAL * BUSINESS * LAND
* COMMERCIAL * INDUSTRIAL * INVESTMENT
403-681-8689
www.parharrealty.com
hp8689@gmail.com
ਰੀਅਲ ਅਸਟੇਟ ਦੀਆਂ ਕਿਸੇ ਵੀ ਤਰ੍ਹਾਂ ਦੀਆਂ ਜ਼ਰੂਰਤਾਂ ਲਈ ਸੰਪਰਕ ਕਰੋ।
* Free no obligation evaluation
* Full time commitment
* Assistance to arrange best mortgage rates
urban
1A-4101 19 ST N.E, CALGARY, AB T2E 6X8
Ph: 403-590-2233 Fax: 403-776-1942


Avon Accounting & Tax Services
ਆਪਣੇ ਕਮਿਊਨਿਟੀ ਦੇ ਜਾਣੇ-ਪਹਿਚਾਣੇ ਅਕਾਊਂਟੈਂਟ ਕੋਲੋਂ ਵਾਜਿਬ ਰੇਟ 'ਤੇ ਆਪਣੇ ਬਿਜ਼ਨਿਸ ਜਾਂ ਪਰਸਨਲ ਟੈਕਸ ਸਬੰਧੀ ਕੋਈ ਵੀ ਕੰਮ ਕਰਵਾਉਣ ਲਈ ਮਿਲੋ ਜਾਂ ਫੋਨ ਕਰੋ।
ਸੇਵਾਵਾਂ ਵੀਕ ਐਂਡ 'ਤੇ ਵੀ ਉਪਲਬਧ
Personal Tax Returns (TI)
Self Employed
Taxi Business
Corporate Tax Returns (T2)
GST/Payrolls/ROE
WCB Returns
Tax Planning & Advisory Services
Weekends/Evenings Services also available.
Tel. : 403-479-4220, 403-561-9011
pandher_2004@yahoo.com or singhh73@gmail.com

# MPP Harinder Malhi celebrates Grand Opening of new Constituency Office Location



On Friday, January 15th, 2016, MPP Harinder Malhi celebrated the Grand Opening of her new office location in Brampton-Springdale. Over 250 people dropped in to tour the office and wish her well.

The Member of Provincial Parliament for Brampton-Springdale and her staff can provide information and assistance on provincial government programs and services such as:

* Office of the Registrar General (Birth, Marriage and Death Certificates);

* Family Responsibility Office (FRO)

* Ontario Disability Support Program (ODSP)

* Ontario Health Insurance Plan (OHIP)

* Ontario Student Assistance Plan (OSAP)

* Trillium Drug Plan

* Workplace Safety and Insurance Board (WSIB) The new location of her constituency office is: 10215 Kennedy Road North, Unit 7, Brampton, L6Z 0C5 Tel: 905-495-8030; Fax: 905-495-1041; E-mail: hmalhi.mpp.co@liberal.ola.org; Website: harindermalhi.onmpp.ca The Office is open for all Brampton-Springdale residents: Monday – Friday 9 am to 5 pm.

# Bill 70: stepping outside the law

Slyly making dire changes to social assistance legislation "to allow a better match between training and jobs and to facilitate labour market entry," Bill 70 is set to be the worst infringement upon the Act to Combat Poverty and Social Exclusion since it was passed with unanimous support from Quebec's National Assembly in December 2002. The bill hampers a long history of civic action in favour of social assistance and income protection to which the 2002 Act had contributed in a way that was just starting to bear its fruits, both in the government's actions and in people's minds. If the proposed changes come into law, they will do major damage.

This historical perspective has been lacking in the disapproval and condemnation with which the bill has been met. It is time to refresh our collective memory.

Since Quebec's Social Aid Act was passed in 1969, its history has been interspersed with periodical attempts by governments to dilute the legislation's acknowledgement that there exists a "right to social aid for all individuals lacking means of subsistence [...] regardless of the cause of the need" as well as a "right to equality before the law for all persons" — to borrow from the words used by the minister as he presented the bill before a parliamentary committee. Various reforms, each vigorously denounced and fought against by large civic coalitions, have attempted to establish various forms of categorizations, modulating the level of income protection according to age, supposed capacity for work, cohabitation choices, and so on.

There were also attempts to make accessing the aid conditional, even to limit it to forms of forced labour—workfare policies in which people have to work in return for their benefits—combined with penalties for refusing to enrol in employment assistance measures. Invariably, these forms of social control have helped turn the spotlight onto the behaviours, supposed deserving or undeserving, of the poorest. In the meantime, at the other end of the income spectrum, a far richer fraction of the population has once again concentrated income for its own benefit.

This is what it comes down to, once more, with Bill 70—the difference being that this time the government is stepping outside of the Act to Combat Poverty. This piece of legislation acknowledges that people at the bottom of the pyramid are the first to try to pull through and affirms the principle of an untouchable income floor for social assistance. Let's take a closer look.

1997-2010: Civic victories leading to the end of welfare penalties and steps towards the principle of basic needs coverage in social assistance

We must understand the context that lead a whole swat of civic organizations to create in 1998 the Collectif pour une loi sur l'élimination de la pauvreté, an advocacy group demanding legislation to eliminate poverty.

The aim was specifically to oppose a social assistance reform that would have instated high penalties for beneficiaries if they refused employment or enrolment in programs at a time when there were not even enough measures and jobs available. Moreover, the benefits already left them destitute. The strategy was to propose framework legislation as well as a program that would commit Quebec society and its political institutions to a combination of actions and transformations that could rid Quebec of poverty within ten years.

Thanks to two years of








ACCOUNTANT

Corporate & Personal Business Attends: CRA Audits and Appeals

SUKHDEV SINGH CPA, CGA

TEL: (905) 793-0909
FAX: (905)-450-2165
10-2084 STEELES AVE EAST, BRAMPTON, L6T 5A6
EMAIL: sukhdevcga@gmail.com

research and consultations across Quebec, the collective drafted proposed legislation (2000) which gained such wide acceptance in civil society that it led the government to introduce a bill to combat poverty and social exclusion. Without taking it as far as the citizens' proposal, the law, passed that same year, set the province's society and its political institutions on the right path to "strive towards a poverty-free Québec."

In its preamble, the law considers that "persons living in poverty and social exclusion are the first to act to improve their situation and that of their families, and [that] such improvement is linked to the social, cultural and economic development of the entire community," an implicit acknowledgement that the issue of societal action lies beyond this initial agreed upon individual action. It also forcefully introduces, in section 15, a "minimum benefit principle, a threshold below which benefits cannot be reduced by reason of the application of administrative penalties, setoff or a combination of both." Three years later, in 2005, social assistance legislation was altered accordingly: it recognized explicitly in section 2 that the first impulse to get out of poverty lies in the hands of those living in poverty and put an end to penalties for refusing employment or employment assistance measures.

When it comes to the amount of benefits, in 2009, the Centre d'étude sur la pauvreté et l'exclusion sociale (CEPE, Centre for the Study of Poverty and Social Exclusion) proposed the Market Basket Measure (MBM) as an indicator to monitor situations of poverty in terms of basic needs coverage. That same year, the Comité consultatif de lutte contre la pauvreté et l'exclusion sociale (CCLPES, Advisory Committee for the Fight Against Poverty and Social Exclusion) recommended the MBM as target income for social assistance. It would eventually double the basic benefit for an individual deemed to have no limitations to employment. Various departmental publications pointed out the need to adopt social protections allowing for at least that level of coverage, but it didn't lead to any consequential improvements.

2015: Back to confusing right to and obligation to work and enrol in employment assistance measures

Bill 70 is compromising this slow progression toward a more suitable basic income protection in the off-putting form of a law filled with amending provisions (which affect other laws). It is therefore completely incomprehensible without the legislation to be amended.

Under the pretence of lifting young applicants out of a so-called "family welfare culture," regulation will force all that apply for social assistance to join the Objectif employ program. Even with the basic benefit supplement, the amount will remain below the MBM.

New beneficiaries will have to conform to the program's measures and accept jobs offered, under penalty of losing this supplement on their first strike. They could even lose up to half their basic social assistance benefit if they reject other offers. They might also have to agree to travel or even to move within the territory to meet the alleged labour needs.

The 1998 confusion between the right and obligation to work and enrol in employment assistance measures is back. How are we meant to believe the labour needs argument when the CCLPES reminds us that "in 2014, there were 41,700 vacant positions in Quebec for a total of 340,300 unemployed, i.e. a position for every 8.2 unemployed persons"? How are we meant to believe in the need to enforce employment assistance measures for the poorest while the associated budget has been slashed nearly every year since 2003 and excellent training programs offered by community organizations succumbed to this year's austerity cuts?

Who benefits from the confusion?

This manoeuvre meets the goal of disciplining and coercing a labour force apprehensive of income insecurity. The aim is certainly not to support the poorest in their efforts to improve their living conditions and to acknowledge their full potential.

The bill comes at a time when a variety of actors have recognized the importance of moving the current social assistance system toward less stigmatizing and more universal forms of income guarantee. This evolution would be the next step in the road to a poverty-free Quebec, along with the need to adapt the job market to people rather than the other way around, as the CCLPES has advised.

We can also see in this manoeuvre a diversion that masks all that is taking place higher up on the social ladder.

Between 1997 and 2011, the standard of living of the richest quintile of the population increased more than the equivalent of the net income of the poorest quintile, while the tax rate for this richest quintile went down from 26% to 22%. And let's not forget the richest 1%!

The $50 million that will be saved—thanks to that shrapnel shell of a legislation that is Bill 70—will cost much more in lost health. The latter will boost public dollars reallocated to a medical profession whose revenues monopolize an increasingly large portion of the funds pooled in public finances, in the name of collective solidarity and the "right to equality before the law for all persons."

It begs the question: where should we be looking on the social ladder when we talk of a culture of dependency?

Very cunning on the part of the government to pull out Bill 70 during collective bargaining negotiations with public sector employees, while the usual allies are busy protecting their own work conditions and environments.

But it is incoherent to do so only a few days after announcing consultations toward a new version of the action plan required by the Act to Combat Poverty and Social Exclusion, and in all likelihood written in a very different hand.

The government is pulling a fast one. It is backward, unlawful, pregnant with consequences, not to mention antidemocratic: it is simply astonishing that a change of this magnitude would go through mere amending provisions in a bill that we hadn't seen coming.


Finally, from the point of view of those who will be asked to choose their own brand of misery in this new set of constraints, confining them—allegedly "for their own good"—to a path desired and managed by others, it is a gesture that deprives them of the right to lead the life one chooses.

Let's get out of this mess.

Courtesy of Canadian Centre for Policy Alternatives

# Railway Engineer Rakesh got Railway Ministry "Lal Bhadur Shashtri " Award

Engineer Rakesh Kumar working as Senior Section Engineer (Works) Land in Divisional Railway Manager Office ,Firozpur has bestowed Railway Ministry "Lal Bhadur Shashtri " Award for writing Technical Book in Hindi on Railway Land Management i.e. "Railway Bhumi Parbandan Karoron kamane Ka Sarot" (Railway Land Management :Source of earning crores).This first prize award in overall India shall be given by Chairman Railway Board in Rail Bhawan on 08.01.2016 on behalf of Railway Ministry.




Rakesh told that Railway Land is the biggest asset of Indian Railways. Railway owned 4.32 lacs hectares of land & is the second largest owner of land in the country after the Defence forces. This is the first book in Hindi in India on Indian Railway land management. This is for ground level staff of all Departments of railway facing practical problems in day-to-day working while dealing with railway land issues. With the help of this practical reference guide ,railway staff can manage Railway Land more effectively, protect and utilize it properly and earn crores of Rs monthly from the valuable asset land.

This book shall helpful to hundreds other who are interested to establish projects on Railway land and also Revenues Departments as well as other World Railways to know how Indian Railways manages its land.

Rakesh Kumar is known for his honesty in the Railways He thwarted numbers of attempts of private parties and land mafia grabbing the railway land in Firozpur Division. He traced Railway Land worth Crores of rupees from old Punjab State Government Revenue records

He was awarded highest award of Indian Railways 'Ministry of Railway National Award' for outstanding work for protecting the Railway Land during the year 2009'.

He also won highest award of Indian Railways 'Ministry of Railway National Award' for English Essay Competition (Second Prize) for the year 2010' on the topic 'PUBLIC, PRIVATE PARTNERSHIP OVER INDIAN RAILWAYS'

He has also got 'General Manager Group Award' during the Railway Week 2011

He has also got 'Principal Chief Engineer Award' on 4 August 2011 at New Delhi

He also got 'Divisional Railway Manager Awards' for the year 2002, 2008 ,2009 & 2012' He has also got numbers of 'Cash Awards'.

Baba Farid Society Faridkot Awarded "Baba Farid Award for Honesty of the Year 2011" to Sh. Rakesh Kumar being Most Honest man. This includes Rs. 50,000, Citation, Doshala, Siropa.

Rakesh has already written total 08 books, out of which 02 are technical and 03 books regarding Shaheed Udham Singh,two books regarding Sahaheed Bhagat Singh and one book regarding Gadar Lehar.

**Rakesh Kumar,**
**Phone: 9779232276**
**rppalak46@gmail.com**

# ਚਿੱਟੇ ਇਨਕਲਾਬ ਤੇ ਕਾਰਪੋਰੇਟ ਸੈਕਟਰ ਦਾ ਗ੍ਰਹਿਣ



ਹਰੇ ਇਨਕਲਾਬ ਤੋਂ ਪਿੱਛੋਂ ਜਿਸ ਦਾ ਸਭ ਤੋਂ ਵੱਧ ਪ੍ਰਚਾਰ ਹੋਇਆ ਅਤੇ ਹੋ ਰਿਹਾ ਹੈ, ਉਹ ਹੈ ਚਿੱਟਾ ਇਨਕਲਾਬ ਭਾਵ ਡੇਅਰੀ ਫਾਰਮਿੰਗ। ਹਕੂਮਤ ਨੇ ਕਈ ਸਾਲਾਂ ਤੋਂ ਇਸ ਖੇਤਰ ਵਿੱਚ ਸਸਤੇ ਅਤੇ ਛੋਟਾਂ ਵਾਲੇ ਕਰਜ਼ੇ ਦੇ ਕੇ ਇਸ ਖੇਤਰ ਨੂੰ ਉਤਸ਼ਾਹਤ ਕਰਨ ਦੀ ਬੂ-ਦਹਾਈ ਪਾਈ ਹੋਈ ਹੈ। ਭਾਰਤ ਵਿੱਚ ਦੁੱਧ ਦੇ ਕਾਰੋਬਾਰ ’ਚ ਗਰੀਬ ਉਤਪਾਦਕਾਂ ਤੋਂ ਲੈ ਕੇ ਸ਼ਹਿਰਾਂ ਕਸਬਿਆਂ ’ਚ ਵੰਡਣ ਵਾਲਿਆਂ ਦਾ ਇੱਕ ਵਿਸ਼ਾਲ ਤਾਣਾ ਬਾਣਾ ਫੈਲਿਆ ਹੋਇਆ ਹੈ। ਦੇਸ਼ ਭਰ ਵਿੱਚ 75 ਫ਼ੀਸਦੀ ਗਾਵਾਂ ਅਤੇ 85 ਫ਼ੀਸਦੀ ਮੱਝਾਂ ਦੀ ਮਾਲਕੀ ਅਜੇ ਵੀ ਛੋਟੇ ਘਰੇਲੂ ਉਤਪਾਦਕਾਂ ਕੋਲ ਹੈ ਜਿਨਾਂ ’ਚ ਜ਼ਿਆਦਾ ਛੋਟੇ ਕਿਸਾਨ ਅਤੇ ਖੇਤ ਮਜਦੂਰ ਹਨ। ਇਹ ਧੰਦਾ ਉਹਨਾਂ ਦੀ ਜ਼ਿੰਦਗੀ ਤੋਰਨ ਲਈ ਸਹਾਈ ਹੁੰਦਾ ਹੈ। ਪੇਂਡੂ ਖੇਤਰ ’ਚ ਡੇਅਰੀ ਰੁਜ਼ਗਾਰ ਦਾ ਸਾਧਨ ਹੈ ਅਤੇ ਵਿਸ਼ੇਸ਼ ਕਰ ਕੇ ਇਸ ਖੇਤਰ ਵਿੱਚ ਸਮੁੱਚਾ ਗ਼ਰੀਬ ਪਰਿਵਾਰ ਉਨਾਂ ਵਿੱਚ ਵੀ ਛੋਟੇ ਬੱਚੇ ਅਤੇ ਔਰਤਾਂ ਦੀ ਭੂਮਿਕਾ ਅਹਿਮ ਹੈ। ਸਦੀਆਂ ਤੋਂ ਇਸ ਧੰਦੇ ’ਚ ਕਰੋੜਾਂ ਭਾਰਤੀ ਲਈ ਆਪਣੀ ਜ਼ਿੰਦਗੀ ਤੋਰਨ ਦੇ ਆਹਰ ’ਚ ਲੱਗੇ ਹੋਏ ਹਨ। ਇਸ ਖੇਤਰ ’ਚ ਪਿਛਲੇਰੇ ਦੋ ਤਿੰਨ ਦਹਾਕਿਆਂ ’ਚ ਸਿਰਫ਼ 15 ਫ਼ੀ ਸਦੀ ਹੀ ਵੱਡੇ ਡੇਅਰੀ ਫਾਰਮਾਂ ਦੇ ਹਿੱਸੇ ਆਇਆ ਹੈ। ਬੈਕਿੰਗ ਪੂੰਜੀ ਨੇ ਵੱਡੇ ਡੇਅਰੀ ਫਾਰਮਾਂ ਨੂੰ ਉਤਸ਼ਾਹਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਵੱਡੇ ਡੇਅਰੀ ਫਾਰਮਾਂ ਦਾ ਦੁੱਧ ਵੀ ਅਜੇ ਤੱਕ ਸਰਕਾਰੀ ਨਿਗਰਾਨੀ ਹੇਠ ਕੰਮ ਕਰਦੇ ਮਿਲਕ ਪਲਾਂਟਾਂ (ਮਿਸਾਲ ਵਜੋਂ ਪੰਜਾਬ ’ਚ ਵੇਰਕਾ ਅਤੇ ਹਰਿਆਣੇ ’ਚ ਵੀਟਾ ਦੇ ਨਾਂ ਹੇਠ) ਜਾਂਦਾ ਰਿਹਾ ਹੈ। ਹੁਣ ਤੱਕ ਕੁੱਝ ਪ੍ਰਾਈਵੇਟ ਅਦਾਰੇ ਇਸ ਖੇਤਰ ਵਿੱਚ ਵੀ ਆਏ ਸਨ ਪਰ ਇਹਦੇ ਬਾਵਜੂਦ ਇਸ ਖੇਤਰ ਵਿੱਚ ਨੈਸਲੇ, ਮਿਲਕਫੂਡ ਜਾਂ ਅਮੁੱਲ ਵਰਗੇ ਅਦਾਰਿਆਂ ਦੀ ਵੱਡੀ ਪਹੁੰਚ ਨਹੀਂ ਸੀ ਜਿਵੇਂ ਅਮਰੀਕਾ ਅਤੇ ਯੂਰਪ ’ਚ ਡੇਅਰੀ ਉਦਯੋਗ ਉੱਤੇ ਵੱਡੀਆਂ ਕਾਰਪੋਰੇਟੀ ਕੰਪਨੀਆਂ ਦਾ ਕੰਟਰੋਲ ਹੈ। ਭਾਰਤ ਅਤੇ ਵਿਕਾਸਸ਼ੀਲ ਦੇਸ਼ਾਂ ਵਿੱਚ ਅਜੇ ਵੀ ਗੈਰ ਜਥੇਬੰਦਕ ਖੇਤਰ ਦੀ ਸਰਦਾਰੀ ਰਹੀ ਹੈ। ਇਸ ਖੇਤਰ ਉੱਤੇ ਹੁਣ ਹਾਬੜੀ ਹੋਈ ਕਾਰਪੋਰੇਟੀ ਪੂੰਜੀ ਦੀ ਗਹਿਰੀ ਅੱਖ ਹੈ। ਇਸ ਪੂੰਜੀ ਦਾ ਵੱਡੇ ਦੈਂਤ ਮੁਨਾਫ਼ਾ-ਬੂ, ਮੁਨਾਫ਼ਾ-ਬੂ ਕਰਦਾ ਫਿਰ ਰਿਹਾ ਹੈ। ਕਾਰਪੋਰੇਟ ਪੂੰਜੀ ਇਸ ਖੇਤਰ ਵਿੱਚ ਆਪਣੇ ਕਾਰੋਬਾਰ ਦੇ ਵਿਸਥਾਰ ਲਈ ਆ ਰਹੀ ਹੈ ਅਤੇ ਹਕੂਮਤ ਵਿਸ਼ਵ ਵਪਾਰ ਸੰਸਥਾ ਦੇ ਸਮਝੌਤੇ ਅਨੁਸਾਰ ਦੁੱਧ ਦੇ ਇਸ ਖੇਤਰ ਨੂੰ ਮੁਨਾਫ਼ਾ ਖੋਰ ਪੂੰਜੀ ਲਈ ਵੱਡੀ ਪੱਧਰ ’ਤੇ ਖੋਲ ਰਹੀ ਹੈ। ਜਿਸ ਨਾਲ ਕਰੋੜਾਂ ਕਰੋੜ ਛੋਟੇ ਦੁੱਧ ਉਤਪਾਦਕਾਂ ਅਤੇ ਵੰਡਣ ਵਾਲਿਆਂ ਉੱਤੇ ਇੱਕ ਖਤਰੇ ਦੀ ਤਲਵਾਰ ਲਟਕਾ ਦਿੱਤੀ ਗਈ ਹੈ।

ਕੌਮੀ ਡੇਅਰੀ ਵਿਕਾਸ ਬੋਰਡ ਦੀ ਰਿਪੋਰਟ 2013-14 ਮੁਤਾਬਕ ਦੇਸ਼ ਵਿੱਚ ਸਾਲਾਨਾ ਦੁੱਧ ਦਾ ਉਤਪਾਦਨ 14 ਕਰੋੜ ਟਨ ਤੋਂ ਪਾਰ ਹੋ ਗਿਆ ਹੈ। ਇਹ ਦੁਨੀਆਂ ਦੇ ਦੁੱਧ ਉਤਪਾਦਨ ਦਾ 70 ਫ਼ੀਸਦੀ ਹੈ ਭਾਵ ਦੁੱਧ ਉਤਪਾਦਨ ਦੇ ਖੇਤਰ ਵਿੱਚ ਭਾਰਤ ਪਹਿਲੇ ਨੰਬਰ ਉੱਤੇ ਹੈ ਪਰ ਦੁੱਧ ਦੇ ਵਪਾਰ ਵਿੱਚ ਜਾਂ ਦੁੱਧ ਤੋਂ ਬਣੀਆਂ ਵਸਤਾਂ ਜਿਵੇਂ ਦੁੱਧ ਦਾ ਪਾਉਡਰ ਜਾਂ ਮੱਖਣ, ਘਿਓ ਆਦਿ ਵਿੱਚ ਭਾਰਤ ਦੀ ਹਿੱਸੇਦਾਰੀ ਬੇਹੱਦ ਮਾਮੂਲੀ ਹੈ। ਕਿਉਂਕਿ ਇੱਥੇ ਸਿਰਫ਼ ਤਾਜ਼ਾ ਦੁੱਧ ਦੀ ਖਪਤ ਵਧੇਰੇ ਹੈ ਅਤੇ ਦੂਸਰੇ ਪਾਸੇ ਦੁੱਧ ਦੀ ਸਨਅਤ ਦਾ ਵਿਕਾਸ ਬੇਹੱਦ ਪੱਛੜਿਆ ਹੋਇਆ ਹੈ ਭਾਵ ਦੁੱਧ ਨੂੰ ਸੰਭਾਲਣ ਅਤੇ ਮੱਖਣ, ਕਰੀਮ, ਘਿਓ ਜਾਂ ਸੁੱਕਾ ਦੁੱਧ ਤਿਆਰ ਕਰਨ ਵਿੱਚ ਕੁਸ਼ਲਤਾ ਅਤੇ ਮਸ਼ੀਨਰੀ ਦੀ ਬੇਹੱਦ ਘਾਟ ਹੈ। ਦੂਸਰੇ ਪਾਸੇ ਪੂੰਜੀਵਾਦੀ ਦੇਸ਼ਾਂ ਵਿੱਚ ਹਾਲਤ ਇਸ ਤੋਂ ਉਲਟ ਹੈ। ਮਿਸਾਲ ਲਈ ਨਿਊਜੀਲੈਂਡ ਜਿਹੜਾ ਹਰ ਸਾਲ 1.2 ਕਰੋੜ ਟਨ ਦੁੱਧ ਪੈਦਾ ਕਰਦਾ ਹੈ, ਹਰ ਸਾਲ 35 ਲੱਖ ਟਨ ਦੁੱਧ ਦਾ ਪਾਊਡਰ ਬਾਹਰ ਭੇਜਦਾ ਹੈ। ਇਸ ’ਚ ਕੋਈ ਸ਼ੱਕ ਨਹੀਂ ਕਿ ਵਿਕਸਤ ਦੇਸ਼ਾਂ ਵਿੱਚ ਘੱਟ ਆਬਾਦੀ ਤੇ ਵਧੇਰੇ ਦੁੱਧ ਉਤਪਾਦਨ ਦੇ ਨਾਲ ਨਾਲ ਮਾਸਾਹਾਰੀ ਹੋਣ ਕਰ ਕੇ ਦਿਲ ਦੇ ਰੋਗਾਂ ਦੀ ਵਧਦੀ ਸਮੱਸਿਆ ਕਾਰਨ ਲੋਕ ਦੁੱਧ ਮੱਖਣ ਘੱਟ ਲੈਂਦੇ ਹਨ। ਸੋ ਘਰੇਲੂ ਬਾਜ਼ਾਰ ’ਚ ਘੱਟ ਖਪਤ ਨੇ, ਅਮਰੀਕਾ, ਯੂਰਪ, ਅਸਟਰੇਲੀਆ, ਨਿਊਜੀਲੈਂਡ ਵਿੱਚ ਦੁੱਧ ਪਾਊਡਰ ਅਤੇ ਮੱਖਣ ਦੇ ਅੰਬਾਰ ਲਾ ਛੱਡੇ ਹਨ। ਉਨਾਂ ਨੂੰ ਇਹ ਨਸ਼ਟ ਕਰਨਾ ਪੈਂਦਾ ਹੈ। ਇਹੋ ਕਾਰਨ ਕਿ ਉੱਥੋਂ ਦੀਆਂ ਡੇਅਰੀ ਕੰਪਨੀਆਂ ਵਿੱਚ ਤੀਜੀ ਦੁਨੀਆਂ ਦੇ ਦੇਸ਼ਾਂ ਦੀਆਂ ਮੰਡੀਆਂ ਉੱਤੇ ਅੱਖਾਂ ਟਿਕਾਈ ਬੈਠੀਆਂ ਹਨ।

ਦੁਨੀਆਂ ਦੀ ਦੁੱਧ ਦੀ ਮੰਡੀ ’ਤੇ ਅੱਖਾਂ ਟਿਕਾਉਣ ਵਾਲੀਆਂ ਇਹਨਾਂ ਕੰਪਨੀਆਂ ਨੇ ਅਫਰੀਕਨ ਦੇਸ਼ਾਂ ਨੂੰ ਪਹਿਲਾਂ ਹੀ ਵਿਦੇਸ਼ੀ ਦੁੱਧ ਦੇ ਆਯਾਤ ਉੱਤੇ ਨਿਰਭਰ ਬਣਾ ਛੱਡਿਆ ਹੈ। ਜਿਸ ਕਰ ਕੇ ਉਹ ਆਪਣੇ ਦੇਸ਼ਾਂ ਅੰਦਰ ਦੁੱਧ ਦੇ ਉਤਪਾਦਨ ਨੂੰ ਚੰਗੇਰਾ ਅਤੇ ਦੇਸ਼ ਦੀਆਂ ਸਵੈ ਲੋੜਾਂ ਮੁਤਾਬਕ ਉਸਾਰਨ ਵਿੱਚ ਨਾਕਾਮਯਾਬ ਰਹੇ। ਇਹ ਕਾਰਪੋਰੇਟੀ ਕੰਪਨੀਆਂ ਕੀ ਕਰਦੀਆਂ ਹਨ-ਬਾਜ਼ਾਰ ਵਿੱਚ ਸਸਤਾ ਦੁੱਧ, ਘਿਓ ਜਾਂ ਮੱਖਣ ਸੁੱਟ ਕੇ ਪਹਿਲਾਂ ਉਸ ਦੇਸ਼ ਦੇ ਸਥਾਨਕ ਉਤਪਾਦਕ ਪ੍ਰਣਾਲੀ ਅਤੇ ਸਰੋਤਾਂ ਨੂੰ ਨਸ਼ਟ ਕਰਦੀਆਂ ਹਨ। ਘਰੇਲੂ ਕਾਰੋਬਾਰ ਨੂੰ ਨਸ਼ਟ ਕਰਨ ਲਈ ਹੋਰ ਢੰਗ ਤਰੀਕੇ ਵੀ ਵਰਤਦੀਆਂ ਹਨ ਅਤੇ ਡੇਅਰੀ ਉਦਯੋਗ ਵਿਕਸਤ ਵੀ ਨਹੀ ਹੋਣ ਦਿੰਦੀਆਂ। ਵਿਸ਼ੇਸ਼ ਕਰਕੇ ਅਸੀਂ ਭਾਰਤ ਦੀ ਇੱਕ ਮਿਸਾਲ ਲਈਏ ਜਿੱਥੇ ਅੱਸੀਵਿਆਂ ’ਚ ਵਿਚ ਅਮਰੀਕਨ ਗਾਂ ਅਤੇ ਅਮਰੀਕਨ ਸਾਨਾਂ ਦਾ ਸੀਮਨ ਆਯਾਤ ਕੀਤਾ ਗਿਆ ਅਤੇ ਪ੍ਰਚਾਰਿਆ ਜਾਂਦਾ ਰਿਹਾ ਕਿ ਗਾਵਾਂ ਦੀ ਨਸਲ ਵੱਧ ਦੁੱਧ ਦਿੰਦੀ ਹੈ। ਇਸ ਹੋੜ ’ਚ ਸਥਾਨਕ ਗਾਵਾਂ ਦੀਆਂ ਨਸਲਾਂ, ਸਾਹੀਵਾਲ, ਰੈੱਡ ਸਿੰਧੀ, ਰਾਠੀ, ਥਰਪਾਰਕਰ ਅਤੇ ਮੱਝਾਂ ਦੀਆਂ ਨਸਲਾਂ ਨੀਲੀ ਰਾਵੀ, ਮੁਰਰਾ, ਮਹਿਸਾਨਾ, ਜ਼ਫਰਾਵਾਦੀ ਆਦਿ ਜਿਨਾਂ ਨੂੰ ਦੇਸੀ ਨਸਲਾਂ ਕਿਹਾ ਜਾਂਦਾ ਸੀ, ਨੂੰ ਸਹਿਜੇ ਸਹਿਜੇ ਖਤਮ ਹੋਣ ਕਿਨਾਰੇ ਧੱਕ ਦਿੱਤਾ ਜਦੋਂ ਕਿ ਇਹ ਦੇਸੀ ਨਸਲਾਂ ਭਾਰਤੀ ਵਾਤਾਵਰਨ ਅਤੇ ਖ਼ੁਰਾਕ ਆਦਿ ਪੱਖੋਂ ਵੀ ਅਤੇ ਨਰੋਈ ਲੰਬੀ ਸਿਹਤ ਪੱਖੋਂ ਵੀ ਇਹਨਾਂ ਅਮਰੀਕਨਾਂ ਦੇ ਮੁਕਾਬਲੇ ਵੱਧ ਫਾਇਦੇਮੰਦ ਸਨ ਅਤੇ ਦੁੱਧ ਉਤਪਾਦਨ ਵਿੱਚ ਵੀ ਸਾਹੀਵਾਲ ਕਿਸਮ ਦੀ ਨਸਲ ਕੋਈ ਘੱਟ ਨਹੀ ਸੀ। ਇਹਨਾਂ ਨੂੰ ਵਿਕਸਤ ਕਰਨ ਦੀ ਥਾਂ ਥੋੜੀ ਉਮਰ ਵਾਲੀ ਅਤੇ ਥੋੜਾਂ ਸਮਾਂ ਦੁੱਧ ਦੇਣ ਵਾਲੀ ਵਧੇਰੇ ਖਰਚੀਲੀ-ਅਮਰੀਕਨ ਗਾਂ-ਨੂੰ ਉਤਸ਼ਾਹਤ ਕਰਕੇ ਇੱਥੋਂ ਦੇ ਰਵਾਇਤੀ ਦੁੱਧ ਉਤਪਾਦਨ ਦੀ ਪ੍ਰਕ੍ਰਿਆ ਨੂੰ ਪ੍ਰਭਾਵਿਤ ਕੀਤਾ ਜਿਸ ਨਾਲ ਖ਼ਰਾਕ ਦਵਾਈਆਂ ਅਤੇ ਹੋਰ ਕਾਰੋਬਾਰ ਦੀ ਮੰਡੀ ਵਿਕਸਤ ਹੋਈ।

ਇਹਨਾਂ ਬਹੁਕੌਮੀ ਕਾਰਪੋਰੇਸ਼ਨਾਂ ਦੀ ਮੰਡੀ ’ਚ ਘੁਸਪੈਂਠ ਅਤੇ ਸਰਦਾਰੀ ਸਥਾਪਤ ਕਰਨ ਅਤੇ ਸਥਾਨਕ ਉਤਪਾਦਕਾਂ ਨੂੰ ਨਸ਼ਟ ਕਰਨ ਜਾਂ ਲਾਂਭੇ ਕਰਨ ਦੀ ਇੱਕ ਹੋਰ ਮਿਸਾਲ ਵੀ ਹੈ। ਅੱਜ ਸਾਡੀ ਰਸੋਈ ਵਿੱਚ ਜਿਹੜੇ ਤੇਲ ਪਕਵਾਨ ਲਈ ਵਰਤੇ ਜਾ ਰਹੇ ਹਨ ਉਹ ਜ਼ਿਆਦਾਤਰ ਬਾਹਰੋਂ ਹੀ ਮੰਗਵਾਏ ਜਾਂਦੇ ਹਨ ਅਤੇ ਸਾਡੇ ਸਸਤੇ ਅਤੇ ਸਿਹਤਮੰਦ ਸਰੋਂ ਦਾ ਤੇਲ ਨੂੰ ਮਾਡਰਨ ਰਸੋਈ ’ਚੋਂ ਲੱਗਭੱਗ ਬਾਹਰ ਹੀ ਧੱਕ ਦਿੱਤਾ ਗਿਆ ਹੈ। ਸਰੋਂ ਦੇ ਤੇਲ ਦੀ ਵਰਤੋਂ ਵਿਰੁੱਧ ਪ੍ਰਚਾਰ ਕੀਤਾ ਗਿਆ ਸੀ ਕਿ ਇਸ ਵਿੱਚ ਆਰਜੀਮੋਨ(ਇੱਕ ਤਰਾਂ ਦੀ ਝਾੜੀ ਬੀਜਾਂ ਚੋਂ ਨਿਕਲਿਆ ਤੇਲ ਜਿਹੜਾ ਮਨੁੱਖੀ ਸਿਹਤ ਲਈ ਹਾਨੀਕਾਰਕ ਹੁੰਦਾ ਹੈ) ਦੀ ਮਿਲਾਵਟ ਹੈ ਅਤੇ ਇਸ ਹਊਏ ਨੇ ਸੋਇਆਬੀਨ ਅਤੇ ਪਾਮੋਲਿਵ ਤੇਲ ਮਾਰਕੀਟ ਲਈ ਰਾਹ ਪੱਧਰਾ ਕਰ ਦਿੱਤਾ। ਇਹਦੇ ਨਾਲ ਹੀ ਸਹਿਜੇ ਸਹਿਜੇ ਸਰੋਂ ਅਤੇ ਤਿਲਾਂ ਤੋਂ ਇਲਾਵਾ ਹੋਰ ਸਥਾਨਕ ਤੇਲਾਂ ਵਾਲੀਆਂ ਫਸਲਾਂ ਦੇ ਉਤਪਾਦਨ ਉੱਤੇ ਫਰਕ ਪਿਆ। ਮੰਡੀ ਵਿੱਚ ਪੂਰਾ ਮੁੱਲ ਨਾ ਮਿਲਣ ਕਰਕੇ ਅਤੇ ਮਹਿੰਗੀਆਂ ਹੋਣ ਕਰ ਕੇ ਇਹਨਾਂ ਦੀ ਪੈਦਾਵਾਰ ਹਾਸ਼ੀਏ ’ਤੇ ਚਲੀ ਗਈ। ਅਜਿਹੀ ਪ੍ਰਚਾਰ ਮੁਹਿੰਮ ਪੂਰੀ ਯੋਜਨਾਬੱਧ ਹੁੰਦੀ ਹੈ ਅਤੇ ਇਸ ਵਿੱਚ ਕੰਪਨੀਆਂ ਭਾਰੀ ਰਕਮ ਖਰਚ ਕੇ ਸਥਾਨਕ ਪ੍ਰਯੋਗਸ਼ਾਲਾਵਾਂ ਅਤੇ ਪ੍ਰਚਾਰ ਏਜੰਸੀਆਂ ਨੂੰ ਵੀ ਖਰੀਦ ਲੈਂਦੀਆਂ ਹਨ। ਭਾਵ ਆਪਣੇ ਗੈਰ-ਮਿਆਰੀ ਮਾਲ ਵੇਚਣ ਲਈ ਇਹ ਕੰਪਨੀਆਂ ਬੁਰੇ ਤੋਂ ਬੁਰੇ ਕਦਮ ਚੁੱਕਣ ਤੋਂ ਵੀ ਗੁਰੇਜ਼ ਨਹੀਂ ਕਰਦੀਆਂ।

ਐਸ ਵੇਲੇ ਕੌਮਾਂਤਰੀ ਮੰਡੀ ’ਚ ਮੱਖਣ, ਘਿਉ, ਬਟਰ-ਆਇਲ ਜਾਂ ਦੁੱਧ ਦੀਆਂ ਕੀਮਤਾਂ ਵਿੱਚ ਭਾਰੀ ਗਿਰਾਵਟ ਆਈ ਹੈ। ਉਹ ਆਪਣਾ ਮਾਲ ਭਾਰਤੀ ਮੰਡੀ ’ਚ ਡੰਪ ਕਰਨਾ ਚਾਹੁੰਦੀਆਂ ਹਨ। ਇਸ ਲਈ ਖੁੱਲੀ ਮੰਡੀ ਵਾਲੀ ਨੀਤੀ ਉਹਨਾਂ ਲਈ ਬਹੁਤ ਜ਼ਿਆਦਾ ਲਾਹੇਵੰਦੀ ਹੈ। ਬੇਸ਼ਕ ਹਾਲ ਦੀ ਘੜੀ ਭਾਰਤੀ ਬਾਜ਼ਾਰ ਵਿੱਚ ਇਹਨਾਂ ਦੇ ਦਾਖਲੇ ਲਈ ਆਯਾਤ ਸ਼ੁਲਕ 30 ਫ਼ੀ ਸਦੀ ਤੋਂ 40 ਫ਼ੀ ਸਦੀ ਤੱਕ ਵੱਧ ਗਿਆ ਹੈ। ਦਸੰਬਰ ’ਚ ਨੈਰੋਬੀ ’ਚ ਹੋਈ ਵਿਸ਼ਵ ਵਪਾਰ ਸੰਗਠਨ ਦੀ ਮੀਟਿੰਗ ਵਿੱਚ ਵੀ ਜਿੱਤ ਕਾਰਪੋਰੇਟੀ ਪੂੰਜੀ ਦੀ ਹੀ ਹੋਈ ਹੈ। ਖੁੱਲੇ ਵਪਾਰ ਸਮਝੌਤੇ ਅਤੇ ਸਸਤੇ ਉਤਪਾਦਾਂ ਦਾ ਚੱਕਰ ਬੜਾ ਟੇਡਾ ਹੈ। ਸਸਤੇ ਉਤਪਾਦ ਭਾਵ ਮਾਮੂਲੀ ਕੀਮਤ ਉੱਤੇ ਦੇਸ਼ ਦੀ ਮੰਡੀ ’ਚ ਵਾਫਰ ਮਾਲ ਸੁੱਟਣ ਦਾ ਸਾਫ਼ ਮਤਲਬ ਹੈ ਸਾਡੇ ਦੇਸ਼ ਦੀ ਉਤਪਾਦਨ ਪ੍ਰਕ੍ਰਿਆ ਨੂੰ ਸਿੱਧਾ ਪ੍ਰਭਾਵਤ ਕਰਨਾ। ਜੇ ਦੇਸ਼ ਅੰਦਰ ਕਿਸੇ ਚੀਜ਼ ਦਾ ਉਤਪਾਦਨ ਨਹੀਂ ਹੋ ਰਿਹਾ ਤਾਂ ਉਹਦਾ ਸਸਤਾ ਆਯਾਤ ਫਾਇਦੇਮੰਦ ਹੁੰਦਾ ਹੈ। ਪਰ ਦੇਸ਼ ’ਚ ਹੋ ਰਹੇ ਅਤੇ ਵੱਡੀ ਵਸੋਂ ਲਈ ਰੋਟੀ ਰੋਜ਼ੀ ਨਾਲ ਜੁੜੇ ਉਤਪਾਦ ਦਾ ਸਸਤਾ ਆਯਾਤ ਖਤਰਨਾਕ ਹੈ। ਖੁੱਲੇ ਵਪਾਰ ਸਮਝੌਤਿਆਂ ਨੇ ਪਹਿਲਾਂ ਹੀ ਖਾਣ ਪੀਣ ਵਾਲੇ ਤੇਲਾਂ ਦੀ ਮੰਡੀ ’ਚ ਜਿਵੇਂ ਘੁੱਸ ਪੈਂਠ ਕੀਤੀ ਹੈ ਅਤੇ ਸਥਾਨਕ ਪੈਦਾਵਾਰੀ ਪ੍ਰਕ੍ਰਿਆਂ ਨੂੰ ਤਬਾਹ ਕੀਤਾ ਹੈ। ਮੱਖਣ, ਬਟਰ ਆਇਲ, ਘਿਓ ਤੇ ਦੁੱਧ ਦੇ ਆਯਾਤ ਨਾਲ ਇਹ ਸਮੁੱਚੇ ਦੇਸ਼ ਦੇ ਡੇਅਰੀ ਫਾਰਮਿੰਗ ਨੂੰ ਪ੍ਰਭਾਵਿਤ ਕਰੇਗੀ। ਦੇਸ਼ ’ਚ ਚਿੱਟੇ ਇਨਕਲਾਬ ਦੇ ਲਾਏ ਜਾ ਰਹੇ ਹਾਕਮਾਂ ਦੇ ਨਾਅਰੇ ਹੇਠ ਅਸਲ ਵਿੱਚ ਪੂਰੇ ਭਾਰਤ ਦਾ ਡੇਅਰੀ ਖੇਤਰ ਦਾ ਕਾਰੋਬਾਰ ਬਹੁਕੌਮੀ ਕਾਰਪੋਰੇਟੀ ਘਰਾਣਿਆਂ ਨੂੰ ਸੌਂਪਣ ਦੀ ਲੰਬੀ ਤਿਆਰੀ ਹੋ ਰਹੀ ਹੈ।

ਪਿਛਲੇ ਦਿਨੀ ਯੂਰਪੀ ਸੰਘ ਨਾਲ ਜਿਹੜੇ ਭਾਰਤ ਦੇ ਸਮਝੌਤੇ ਹੋਏ ਹਨ, ਉਨਾਂ ’ਚ ਡੇਅਰੀ ਫਾਰਮਿੰਗ ਖੇਤਰ ਵੀ ਹੈ। ਜੇ ਵਿਦੇਸ਼ੀ ਪੂੰਜੀ ਦੀ ਇਸ ਖੇਤਰ ਵਿੱਚ ਸਿੱਧੀ ਦਖ਼ਲ ਅੰਦਾਜ਼ੀ ਵੱਧਦੀ ਹੈ ਤਾਂ ਵੇਰਕਾ ਅਤੇ ਹਰਿਆਣੇ ਦਾ ਵੀਟਾ ਤਾਂ ਕੀ ਗੁਜਰਾਤ ਦਾ ਅਮੂਲ ਮਾਡਲ ਵੀ ਇਸ ਪੂੰਜੀ ਦੀ ਭੇਂਟ ਚੜ ਜਾਵੇਗਾ ਜਿਸ ਦੀ ਸਫਲਤਾ ਦੇ ਦਮਗਜ਼ੇ ਮੋਦੀ ਮਾਰਦਾ ਆ ਰਿਹਾ ਹੈ। ਹਾਲਾਂਕਿ ਅਮੂਲ ਦੀ ਕਾਮਯਾਬੀ ਪਿੱਛੇ ਮੋਦੀ ਹੇਠਲੀ ਗੁਜਰਾਤ ਸਰਕਾਰ ਦੀ ਮਿਹਰਬਾਨੀ ਨਹੀਂ ਹੋਰ ਬਹੁਤ ਕੁੱਝ ਹੈ। ਅਮੂਲ ਹੋਵੇ ਜਾਂ ਵੇਰਕਾ ਇਹਦਾ ਲੰਮਾ ਚੌੜਾ ਦੁੱਧ ਇਕੱਠਾ ਕਰਨ, ਪ੍ਰੋਸੈਸਿੰਗ ਕਰਨ, ਮੰਡੀ ਕਰਨ ਦਾ ਤਾਣਾਬਾਣਾ ਇੱਕ ਦਿਨ ’ਚ ਨਹੀਂ ਉਸਰਿਆ। ਇਸ ਦੇ ਪੇਂਡੂ ਖੇਤਰ ਵਿੱਚ ਫੈਲੇ ਜ਼ਾਲ ਨੇ ਛੋਟੇ ਦੁੱਧ ਉਤਪਾਦਕਾਂ ਨੂੰ ਆਪਣੇ ਨਾਲ ਜੋੜਿਆ ਹੈ, ਜਿਹੜੇ ਕੁੱਝ ਲੀਟਰ ਇੱਥੋ ਤੱਕ ਇੱਕ-ਇੱਕ ਜਾਂ ਦੋ-ਦੋ ਲੀਟਰ ਦੁੱਧ ਵੀ ਇਹਨਾਂ ਕੇਂਦਰਾਂ ਨੂੰ ਸਪਲਾਈ ਕਰਦੇ ਸਨ। ਇਸ ਤਾਣੇ ਬਾਣੇ ਨੇ ਦੋਧੀਆਂ (ਜੋ ਪਿੰਡਾਂ ਚੋਂ ਦੁੱਧ ਚੁਆ ਕੇ ਸ਼ਹਿਰਾਂ ’ਚ ਸਪਲਾਈ ਕਰਦੇ ਹਨ) ਨੂੰ ਪ੍ਰਭਾਵਿਤ ਜ਼ਰੂਰ ਕੀਤਾ ਪਰ ਤੋੜਿਆ ਨਹੀਂ ਸੀ। ਹਾਲਾਂਕਿ ਵੇਰਕਾ, ਅਮੂਲ ਜਾਂ ਵੀਟਾ ਵਰਗੇ ਸਰਕਾਰੀ ਨਿਗਰਾਨੀ ਹੇਠ ਕੰਮ ਕਰਦੇ ਇਹਨਾਂ ਅਦਾਰਿਆਂ ਨੇ ਸ਼ਹਿਰਾਂ ’ਚ ਦੁੱਧ ਦੀ ਮਾਰਕੀਟਿੰਗ ਦਾ ਵੀ ਪੂਰਾ ਨੈੱਟਵਰਕ ਉਸਾਰਿਆ ਸੀ ਅਤੇ ਦੁੱਧ ਤੋਂ ਇਲਾਵਾ ਦਹੀਂ, ਮੱਖਣ, ਆਈਸਕਰੀਮ ਵਰਗੇ ਉਤਪਾਦਾਂ ਨੂੰ ਵੀ ਬਾਜ਼ਾਰ ’ਚ ਲਿਆਂਦਾ ਸੀ। ਬਾਜ਼ਾਰ ’ਚ ਖਪਤਕਾਰਾਂ ਕੋਲੋਂ ਵਸੂਲੇ ਜਾਂਦੇ ਪੈਸਿਆਂ ਦੀ ਹਿੱਸੇਦਾਰੀ ਪੇਂਡੂ ਖੇਤਰ ਦੀਆਂ ਦੁੱਧ ਉਤਪਾਦਕ ਸਹਿਕਾਰੀ ਸੰਮਤੀਆਂ ਤੱਕ ਵੀ ਪਹੁੰਚਦੀ ਸੀ। ਜਿਹੜਾ ਪੁਰਾਤਨ ਨਿੱਜੀ ਦੋਧੀ ਪ੍ਰਬੰਧ ਨਾਲੋਂ ਬਿਹਤਰ ਸਮਝਿਆ ਜਾਂਦਾ ਸੀ। ਇਹੋ ਦੁੱਧ ਸਹਿਕਾਰੀ ਸੰਮਤੀਆਂ ਸਨ ਜਿਹੜੀਆਂ ‘ਦੁੱਧ ਇਨਕਲਾਬ’ ਦੀ ਅਧਾਰ ਭੂਮੀ ਬਣੀਆਂ ਅਤੇ ਇਨਾਂ ਨੇ ਪੇਂਡੂ ਖੇਤਰ ਵਿੱਚ ਛੋਟੇ ਕਿਸਾਨਾ ਅਤੇ ਜ਼ਮੀਨ ਵਿਹੂਣੇ ਤਬਕਿਆਂ ਵਿਸ਼ੇਸ਼ ਕਰ ਕੇ ਪੇਂਡੂ ਮਜਦੂਰਾਂ ਦੀ ਕਮਜ਼ੋਰ ਆਰਥਿਕ ਹਾਲਤ ਨੂੰ ਕੁੱਝ ਬਿਹਤਰ ਕਰਨ ਵਿੱਚ ਭੂਮਿਕਾ ਨਿਭਾਈ ਅਤੇ ਉਨਾਂ ਨੂੰ ਰੁਜ਼ਗਾਰ ਵੀ ਦਿੱਤਾ। ਜਦੋਂ ਇਹ ਸਮਝੌਤੇ ਅਮਲ ’ਚ ਆਏ ਜਾਂ ਵਿਸ਼ਵ ਵਪਾਰ ਸੰਸਥਾ ਦੇ ਦਬਾ ਹੇਠ ਦੁੱਧ ਆਯਾਤ ਲਈ ਸਾਰੀਆਂ ਰੋਕਾਂ ਖਤਮ ਕਰਨ ਅਤੇ ਸਿੱਧੇ ਵਿਦੇਸ਼ੀ ਨਿਵੇਸ਼ ਦੇ ਅਮਲ ਨੇ ਜ਼ੋਰ ਫੜਿਆ ਤਾਂ ਸਥਾਨਕ ਦੁੱਧ ਪੈਦਾ ਕਰਨ ਵਾਲਾ ਸਵਦੇਸ਼ੀ ਮਾਡਲ ਖਤਮ ਹੋ ਜਾਵੇਗਾ ਅਤੇ ਸਹਿਜੇ ਸਹਿਜੇ ਵਿਦੇਸ਼ੀ ਦੁੱਧ ਅਤੇ ਦੁੱਧ ਉਤਪਾਦਾਂ ਦੇ ਸਸਤੇਪਨ ਨਾਲ ਵੇਰਕਾ, ਵੀਟਾ ਅਤੇ ਅਮੂਲ ਵਰਗੇ ਅਦਾਰੇ ਘਾਟੇ ਚੋਂ ਹੁੰਦੇ ਹੋਏ ਵਿਕਣ ਵੱਲ ਵੱਧਣਗੇ ਅਤੇ ਨਾਲ ਹੀ ਛੋਟੇ ਦੁੱਧ ਉਤਪਾਦਕਾ ਦੀ ਪੂਰੀ ਲੜੀ ਵੀ ਪ੍ਰਭਾਵਤ ਹੋਵੇਗੀ।

ਇਹ ਖਤਰਾ ਸਿਰਫ਼ ਭਾਰਤ ਲਈ ਹੀ ਨਹੀਂ ਵਿਕਾਸ ਸ਼ੀਲ ਦੇਸ਼ਾਂ ਤੋਂ ਇਲਾਵਾ ਪੂਰੀ ਦੁਨੀਆਂ ਉੱਤੇ ਮੰਡਲਾ ਰਿਹਾ ਹੈ ਕਿ ਛੋਟੇ ਦੁੱਧ ਉਤਪਾਦਕ ਤਬਾਹੀ ਵੱਲ ਵੱਧਣਗੇ। ਅਸੀਂ ਪਹਿਲਾਂ ਹੀ ਦੱਸਿਆ ਸੀ ਕਿ ਦੁਨੀਆਂ ’ਚ ਪੈਦਾ ਹੋਏ ਕੁੱਲ ਦੁੱਧ ਦਾ ਅੱਧਾ ਗੈਰ ਸੰਗਠਿਤ ਖੇਤਰ ਵਿੱਚ ਹੈ ਅਤੇ ਵਿਕਾਸਸ਼ੀਲ ਦੇਸ਼ਾਂ ਵਿੱਚ ਇਹ 80 ਫ਼ੀਸਦੀ ਦੀ ਅਨੁਪਾਤ ਹੈ। ਦੁਨੀਆਂ ਦੀਆਂ ਨਾਮੀ-ਗਰਾਮੀ ਡੇਅਰੀ ਕੰਪਨੀਆਂ ਇਸ ਹਕੀਕਤ ਤੋਂ ਵਾਕਫ਼ ਹਨ। ਉਹ ਇਹ ਵੀ ਜਾਣਦੀਆਂ ਹਨ ਕਿ ਦੁੱਧ ਦੇ ਇਸ ਕਾਰੋਬਾਰ ਨੂੰ -ਜਿਹੜਾ ਛੋਟੇ ਨਿਜੀ ਹੱਥਾਂ ਤੋਂ ਲੈ ਕੇ ਸਹਿਕਾਰੀ ਦੁੱਧ ਉਤਪਾਦਕ ਕੇਂਦਰਾਂ ਤੱਕ ਫੈਲਿਆ ਹੋਇਆ ਹੈ ਕਿਵੇਂ ਤੋੜਨਾ ਹੈ। ਇਸ ਮੰਤਵ ਲਈ ਕੰਪਨੀਆਂ ਦਾ ਪ੍ਰਚਾਰ ਤੰਤਰ ਖਪਤਕਾਰਾਂ ਦੇ ਦਰਵਾਜ਼ੇ ਤੱਕ ਫੈਲਦਾ ਹੋਇਆ ਸਥਾਨਕ ਤਾਜ਼ੇ ਦੁੱਧ ਨੂੰ ਅਸੁਰੱਖਿਅਤ ਅਤੇ ਸਿਹਤ ਲਈ ਹਾਨੀਕਾਰਕ ਕਹਿਣ ਤੱਕ ਜਾਵੇਗਾ। ਇਹਦੀ ਮਿਸਾਲ ਗਰੀਸ ਵਿੱਚ ਦੇਖੀ ਜਾ ਸਕਦੀ ਹੈ ਜਿੱਥੇ ਗਰੀਸ ਸੰਕਟ ਤੋਂ ਪਹਿਲਾਂ ਇਹਨਾਂ ਕੰਪਨੀਆਂ ਨੇ ਉੱਥੋਂ ਦੇ ਦੁੱਧ ਉਤਪਾਦਨ ਅਤੇ ਮੰਡੀ ਦੇ ਤਾਣੇ ਬਾਣੇ ਨੂੰ ਤਬਾਹ ਕੀਤਾ ਅਤੇ ਫਿਰ ਆਪਣਾ ਪੂਰਾ ਤਾਣਾ ਬਾਣਾ ਉਸਾਰ ਕੇ ਕਬਜਾ ਕਰ ਲਿਆ। ਹੁਣ ਦੀ ਗਰੀਸ ਸਰਕਾਰ ’ਤੇ ਜਿਹੜੇ ਦਬਾਅ ਪਾਏ ਜਾ ਰਹੇ ਹਨ ਉਨਾਂ ਚੋਂ ਇੱਕ ਇਹ ਵੀ ਹੈ ਕਿ ਦੁੱਧ ਦੇ ਪੈਕਟ ਉੱਤੇ ਇਸ ਦੇ ਖਰਾਬ ਹੋਣ ਦੀ ਮਿਆਦ ਨੂੰ

ਵਧਾਇਆ ਜਾਵੇ ਤਾਂ ਕਿ 100 ਫ਼ੀ ਸਦੀ ਖਪਤ ਦੀ ਗਰੰਟੀ ਹੋ ਜਾਵੇ। ਸਾਡੇ ਦੇਸ਼ ਵਿੱਚ ਇਸ ਦੀ ਜ਼ਾਹਰਾ ਮਿਸਾਲ ਹੈ ਕਿ ਤਿਲਾਂ ਦੀ ਪੈਦਾਵਾਰ ਵਿਰੁੱਧ ਵਿਦੇਸ਼ੀ ਬਹੁਕੌਮੀ ਐਗਰੋ-ਬਿਜਨੈਸ ਕੰਪਨੀਆਂ ਨੇ ਪ੍ਰਚਾਰ ਕੀਤਾ ਕਿ ਤਿਲਾਂ ਦਾ ਉਤਪਾਦਨ ਐਨਾ ਪ੍ਰਭਾਵਿਤ ਹੋਇਆ ਕਿ ਲੋਕ ਇਹਨੂੰ ਬੀਜਣ ਤੋਂ ਹੀ ਮੂੰਹ ਮੋੜ ਗਏ। ਸੋ ਸਾਡੇ ਸਥਾਨਕ ਦੁੱਧ ਦੇ ਕਾਰੋਬਾਰ 'ਚ ਲੱਗੇ ਛੋਟੇ ਕਾਰੋਬਾਰੀਆਂ(ਦੋਧੀਆਂ) ਅਤੇ ਇੱਥੋਂ ਦੇ ਵੇਰਕਾ, ਵੀਟਾ ਅਤੇ ਅਮੂਲ ਵਰਗੇ ਅਦਾਰਿਆਂ ਲਈ ਵੀ ਉਹਨਾਂ ਦਾ ਮੁਕਾਬਲੇ ਟਿਕ ਸਕਣਾ ਸੁਖੇਰਾ ਨਹੀਂ ਹੋਵੇਗਾ। ਅਸੀਂ ਜਾਣਦੇ ਹਾਂ ਕਿ ਤਾਜ਼ਾ ਦੁੱਧ ਛੇਤੀ ਖ਼ਰਾਬ ਹੋ ਜਾਂਦਾ ਹੈ ਅਤੇ ਸਾਡੇ ਕੋਲ ਛੋਟੇ ਪੱਧਰ 'ਤੇ ਅਜਿਹੀ ਤਕਨੀਕ ਹੀ ਨਹੀਂ ਕਿ ਉਹਨੂੰ ਮੱਖਣ ਜਾਂ ਦੁੱਧ ਪਾਊਡਰ ਆਦਿ ਵਿੱਚ ਤਬਦੀਲ ਕਰ ਲਈਏ। ਆਧੁਨਿਕ ਤਕਨੀਕ ਉੱਤੇ ਉਨਾਂ ਦੀ ਸਰਦਾਰੀ ਉਨਾਂ ਨੂੰ ਮੌਕੇ ਮੁਹੱਈਆ ਕਰਵਾਏਗੀ।


ਹਾਲਾਂ ਕਿ ਵੱਡੀਆਂ ਦੁੱਧ ਦੇ ਵਪਾਰ 'ਚ ਲੱਗੀਆਂ ਕੰਪਨੀਆਂ ਇਹ ਦਾਅਵਾ ਕਰਦੀਆਂ ਹਨ ਕਿ ਉਨਾਂ ਦੇ ਆਉਣ ਨਾਲ ਦੁੱਧ ਉਤਪਾਦਕਾਂ ਲਈ ਲਾਭਕਾਰੀ ਕੀਮਤ ਮਿਲੇਗੀ। ਉਹ ਇਹ ਪਹਿਲੋਂ ਗੇੜ 'ਚ ਕਰਨਗੇ ਵੀ। ਪਰ ਹਕੀਕਤ ਕੀ ਹੋਵੇਗੀ ਇਹ ਵੀ ਜਾਣਦੇ ਹਾਂ। ਇੱਕ ਤਾਂ ਦੁੱਧ ਉਤਪਾਦਨ ਨੂੰ ਇਕੱਠੇ ਕਰਨ ਅਤੇ ਫਿਰ ਦੁੱਧ ਦੇ ਮੰਡੀਕਰਨ ਦੇ ਫੈਲੇ ਹੋਏ ਬਾਜ਼ਾਰ ਵਿੱਚ ਦੁੱਧ ਦੀਆਂ ਲਾਗਤਾਂ ਦਾ ਵਾਧਾ ਕਿਸ ਦੇ ਸਿਰ ਪਵੇਗਾ?

ਪੂੰਜੀ ਦਾ ਇੱਕੋ ਟੀਚਾ ਮੁਨਾਫ਼ੇ ਨਾਲ ਤਿਜੋਰੀ ਭਰਨਾ ਹੁੰਦਾ ਹੈ। ਪਹਿਲਾਂ ਇਹ ਕਾਰਪੋਰੇਟੀ ਪੂੰਜੀ ਖਪਤਕਾਰਾਂ ਨੂੰ ਸਸਤਾ ਦੁੱਧ 10 ਜਾਂ 15 ਪੈਸੇ ਅਤੇ ਦੁੱਧ ਉਤਪਾਦਕਾਂ ਨੂੰ 10 ਜਾਂ 15 ਪੈਸੇ ਵੱਧ ਕੀਮਤ ਦੇ ਲਾਲਚ 'ਚ ਗ੍ਰਿਫਤ 'ਚ ਲੈ ਕੇ ਨਿਜੀ ਦੁੱਧ ਦੇ ਛੋਟੇ ਕਾਰੋਬਾਬ ਅਤੇ ਤਾਣੇਬਾਣੇ ਨੂੰ ਤਬਾਹ ਕਰੇਗੀ। ਫਿਰ ਬੈਂਕਿੰਗ ਪੂੰਜੀ ਰਾਹੀਂ ਉਤਪਾਦਨ, ਪ੍ਰੋਸੈਸਿੰਗ ਅਤੇ ਬਾਜ਼ਾਰ ਨੂੰ ਆਪਣੇ ਪ੍ਰਭਾਵ ਹੇਠ ਲਵੇਗੀ। ਦੋਧੀਆਂ ਤੋਂ ਕੋਆਪਰੇਟਿਵ ਸੁਸਾਇਟੀਆਂ ਰਾਹੀਂ ਹੁੰਦਾ ਹੋਇਆ ਦੁੱਧ ਦਾ ਕਾਰੋਬਾਰੀ ਸਫ਼ਰ ਕਰੋੜਾਂ ਦੋਹਨਿਆਂ ਜਾਂ ਢੋਲਾਂ ਵਾਲੇ ਦੋਧੀਆਂ ਦੀ ਥਾਂ ਗਿਣਤੀ ਦੀਆਂ ਡੇਅਰੀ ਕੰਪਨੀਆਂ ਤੱਕ ਸਿਮਟ ਜਾਵੇਗਾ ਅਤੇ ਇਹ ਕਾਰਪੋਰੇਟੀ ਪੂੰਜੀ ਇਸ ਵਿਸ਼ਾਲ ਬਾਜ਼ਾਰ ਦੇ ਤਾਣੇ ਬਾਣੇ ਉੱਤੇ ਕਬਜ਼ਾ ਕਰਨ ਲਈ ਦੁੱਧ ਦੀ ਗੁਣਵੱਤਾ ਅਤੇ ਮਿਆਰ ਦੇ ਨਾਂ ਹੇਠ ਸੰਸਦ 'ਚ ਅਜਿਹੇ ਕਾਨੂੰਨ ਵੀ ਪਾਸ ਕਰਵਾਏਗੀ ਜਿਹੜੇ ਇਹਨਾਂ ਦਾ ਰਾਹ ਸਾਫ਼ ਕਰਨ 'ਚ ਸਹਾਈ ਹੋਣ। ਇਸ ਸੇਵਾ ਲਈ ਤਾਂ ਮੋਦੀ ਸਰਕਾਰ ਪਹਿਲਾਂ ਹੀ ਤਿਆਰ ਬੈਠੀ ਹੈ।

ਇਹ ਹਕੀਕਤ ਹੈ, ਅਮਰੀਕਾ ਵਿੱਚ ਹੀ ਪਿਛਲੇਰੇ ਚਾਰ ਦਹਾਕਿਆਂ ਵਿੱਚ 88 ਫ਼ੀ ਸਦੀ ਛੋਟੇ ਡੇਅਰੀ ਫਾਰਮ ਤਬਾਹ ਹੋ ਗਏ ਹਨ ਅਤੇ ਇਸ ਦੀ ਥਾਂ ਵੱਡੇ ਡੇਅਰੀ ਫਾਰਮਾਂ ਨੇ ਲੈ ਲਈ ਹੈ, ਜਿੱਥੇ ਭਾਰਤੀ ਕਾਮੇ ਜਾਕੇ ਗੋਹਾ ਸੁੱਟਦੇ ਹਨ ਜਾਂ ਚਾਰਾ ਪਾਉਂਦੇ ਹਨ। ਇਵੇਂ ਹੀ ਅਰਜਨਟਾਈਨਾ, ਬਰਾਜ਼ੀਲ, ਅਸਟਰੇਲੀਆ, ਦੱਖਣੀ ਅਫਰੀਕਾ ਸਾਰੇ ਦੇਸ਼ਾਂ ਵਿੱਚ ਛੋਟੇ ਦੁੱਧ ਦੇ ਕਾਰੋਬਾਰੀ ਜਾਂ ਡੇਅਰੀਆਂ ਦੀ ਗਿਣਤੀ ਦੋ ਫ਼ੀਸਦੀ ਤੋਂ 10 ਫੀਸਦੀ ਦੀ ਸਾਲਾਨਾ ਦਰ ਨਾਲ ਘੱਟ ਰਹੀ ਹੈ। ਜਿਸ ਰਫਤਾਰ ਨਾਲ ਛੋਟੇ ਕਾਰੋਬਾਰੀ ਉਜੜ ਦੇ ਹਨ ਉਸਤੋਂ ਦੁਗਣੀ ਰਫਤਾਰ ਨਾਲ ਵੱਡੀਆਂ ਕੰਪਨੀਆਂ ਦਾ ਕਾਰੋਬਾਰ ਵੱਧਦਾ ਹੈ। ਛੋਟੇ ਛੋਟੇ ਕਾਰੋਬਾਰੀਆਂ ਲਈ ਦੁੱਧ ਦਾ ਕਾਰੋਬਾਰ ਘਾਟੇ ਦਾ ਸੌਦਾ ਬਣ ਜਾਂਦਾ ਹੈ ਅਤੇ ਉਹ ਇਸ ਤੋਂ ਤੋਬਾ ਕਰ ਦੇ ਹਨ। ਛੋਟੇ ਕਾਰੋਬਾਰੀਆਂ ਦੇ ਦੁੱਧ ਨੂੰ ਗੈਰ-ਮਿਆਰੀ ਸਾਬਤ ਕਰਨ ਲਈ ਵੱਡੇ ਡੇਅਰੀ ਫਾਰਮਾਂ ਦੇ ਪਸ਼ੂਆਂ ਦੀ ਖੁਰਾਕ ਅਤੇ ਦਵਾਈਆਂ ਦੇ ਸੇਵਨ ਰਾਹੀਂ ਵੀ ਦੁੱਧ ਦਾ ਇੱਕ ਮਿਆਰ ਸਥਾਪਤ ਕੀਤਾ ਜਾਂਦਾ ਹੈ ਜਿਸ ਅੱਗੇ ਛੋਟੇ ਦੁੱਧ ਉਤਪਾਦਕਾਂ ਲਈ ਵੱਧ ਲਾਗਤ ਵਾਲੇ ਦੁੱਧ ਨੂੰ ਸਸਤੀ ਉੱਤੇ ਵੇਚਣਾ ਸਹਿਜੇ ਸਹਿਜੇ ਬੋਝਲ ਅਤੇ ਘਾਟੇ ਦਾ ਸੌਦਾ ਬਣ ਜਾਂਦਾ ਹੈ ਅਤੇ ਉਹ ਬਾਹਰ ਹੋ ਜਾਂਦੇ ਹਨ। ਇੱਥੇ ਇਹ ਨੋਟ ਕਰਨ ਵਾਲਾ ਹੈ ਕਿ ਨੈਸਲੇ ਕੰਪਨੀ ਜਿਸਨੇ ਪੰਜਾਬ ਵਿੱਚ ਮੋਗਾ ਵਿਖੇ ਪਲਾਂਟ ਲਾਇਆ ਹੈ ਇਕੱਲੀ ਦੁਨੀਆਂ ਦੇ ਦੁੱਧ ਕਾਰੋਬਾਰ ਦਾ ਪੰਜ ਫ਼ੀ ਸਦੀ ਕੰਟਰੋਲ ਕਰਦੀ ਹੈ। ਇਹ ਕੰਪਨੀਆਂ ਇੱਕ ਗਾਂ ਜਾਂ ਮੱਝ ਨਹੀਂ ਪਾਲਦੀਆਂ ਜਿਵੇਂ ਛੋਟੀ ਕਿਸਾਨੀ ਜ਼ਮੀਨ ਵਿਹੂਣੇ ਵਰਗ ਜਾਂ ਮਜਦੂਰ ਪਾਲਦੇ ਹਨ। ਇਹ ਵੱਡੇ ਦੁੱਧ ਉਤਪਾਦਕਾਂ ਅਤੇ ਖਪਤਕਾਰਾਂ ਦੇ ਵਿਚਕਾਰ ਇੱਕ ਕੜੀ ਬਣ ਕੇ ਮੁਨਾਫ਼ਾ ਕਮਾਉਂਦੀਆਂ ਹਨ।

ਕੰਪਨੀਆਂ ਦੋਧੀਆਂ ਅਤੇ ਸੰਮਤੀਆਂ ਵਲੋਂ ਦਿੱਤੇ ਜਾ ਰਹੇ ਤਾਜ਼ੇ ਦੁੱਧ ਦੀ ਥਾਂ ਜਿਹੜਾ ਦੁੱਧ ਖਪਤਕਾਰਾਂ ਨੂੰ ਮੁਹੱਈਆ ਕਰਵਾਉਣਗੀਆਂ ਉਹ ਸਿਹਤ ਅਤੇ ਵਾਤਾਵਰਣ ਦੀ ਦ੍ਰਿਸ਼ਟੀ ਤੋਂ ਵੀ ਗੈਰ-ਮਿਆਰੀ ਹੀ ਨਹੀਂ ਸਗੋਂ ਅਤਿ ਨੁਕਸਾਨਦੇਹ ਹੋਵੇਗਾ। ਮਿਸਾਲ ਲਈ ਕੰਪਨੀਆਂ ਤਾਜ਼ੇ ਦੁੱਧ ਦੀ ਥਾਂ ਉਹਨੂੰ ਪੈਸਚੋਰਾਈਜਡ (ਸੰਸੋਧਕੇ) ਕਰਕੇ ਵੇਚਦੀਆਂ ਹਨ। ਜਿੱਥੇ ਇਹ ਮਹਿੰਗਾ ਹੋ ਜਾਂਦਾ ਹੈ ਉੱਥੇ ਇਹਦੀ ਪੋਸ਼ਟਕਤਾ ਵੀ ਜਾਂਦੀ ਰਹਿੰਦੀ ਹੈ। ਇਹਦੇ ਮਹਿੰਗੇ ਹੋਣ ਪਿੱਛੇ ਇੱਕ ਹੋਰ ਮਿਸਾਲ ਵਾਚਣੀ ਜਰੂਰੀ ਹੈ। ਸਫ਼ਲ ਡੇਅਰੀ ਅੰਦੋਲਨ ਵਿੱਚ ਅਨੰਦ ਡੇਅਰੀ ਮਾਡਲ ਦੀ ਮਿਸਾਲ ਦਿੱਤੀ ਜਾਂਦੀ ਹੈ। ਜਿਸ ਤਰਾਂ ਦੀ ਤਕਨੀਕ ਅਤੇ ਸੋਧਕ ਨੀਤੀ ਆਨੰਦ ਮਾਡਲ ਵਿੱਚ ਅਪਨਾਈ ਜਾਂਦੀ ਹੈ ਉਸ ਹੇਠ ਅੰਤਿਮ ਮੁੱਲ ਦਾ ਵੱਡਾ ਹਿੱਸਾ, ਪੈਕਿੰਗ, ਸੰਸੋਧਨ ਭਾਵ ਮੁੜ ਸੁਧਾਰਨ, ਠੰਡਾ ਕਰਨ ਤੋਂ ਇਲਾਵਾ ਟਰਾਂਸਪੋਰਟ, ਪ੍ਰਬੰਧਨ, ਇਸਤਿਹਾਰ ਬਾਜ਼ੀ ਅਤੇ ਵਿਕਰੀ ਦੇ ਕਮਿਸ਼ਨ ਆਦਿ ਵਿੱਚ ਵੀ ਜਾਂਦਾ ਹੈ। ਜਿਸ ਦਾ ਲਾਭ ਦੁੱਧ ਉਤਪਾਦਕਾਂ ਨੂੰ ਨਹੀ ਹੁੰਦਾ। ਜਿਹੜਾ ਦੁੱਧ ਵੱਡੇ ਸਹਿਰਾਂ ਵਿੱਚ 40-50 ਰੁਪਏ ਕਿਲੋ ਵਿਕਦਾ ਹੈ ਉਹ ਸਿਰਫ਼ 25-28 ਰੁਪਏ ਕਿਲੋ ਹੀ ਖਰੀਦਿਆ ਜਾਂਦਾ ਹੈ ਅਤੇ ਸੋਧਨ ਅਤੇ ਮੁੜ ਸੋਧਨ ਪਿੱਛੋਂ ਇਸ ਵਿੱਚੋਂ ਫੈਟ ਕੱਢ ਲਈ ਜਾਂਦੀ ਹੈ ਇਹ ਕਹਿਕੇ ਕਿ ਇਹ ਮਨੁੱਖੀ ਸਰੀਰ ਅਨੁਕੂਲ ਤਿਆਰ ਕੀਤਾ ਗਿਆ ਹੈ ਤਾਂ ਕਿ ਲਾਭਕਾਰੀ ਰਹੇ। ਇਸ ਪ੍ਰੋਸੈਸ ਵਿੱਚ ਜਿਹੜੇ ਰਸਾਇਣਾਂ ਦੀ ਵਰਤੋਂ ਕੀਤੀ ਜਾਂਦੀ ਹੈ ਉਨਾਂ ਨਾਲ ਦੁੱਧ ਦੇ ਖਰਾਬ ਹੋਣ ਦੀ ਮਿਆਦ ਬੇਸ਼ੱਕ ਵੱਧ ਜਾਵੇ ਪਰ ਮਨੁੱਖੀ ਸਰੀਰ ਨੂੰ ਬੁਰੀ ਤਰਾਂ ਪ੍ਰਭਾਵਿਤ ਕਰਨ ਵਾਲੀ ਹੁੰਦੀ ਹੈ। ਮੁਨਾਫ਼ੇ ਲਈ ਪਹਿਲ ਮਨੁੱਖ ਜਾਂ ਮਨੁੱਖੀ ਸਰੀਰ ਨਹੀਂ ਬਾਜ਼ਾਰ ਹੁੰਦਾ ਹੈ। ਪਰ ਜਦੋਂ ਹੁਣ ਵੱਡੀਆਂ ਵਿਸ਼ਵੀ ਕਾਰਪੋਰੇਟੀ ਕੰਪਨੀਆਂ ਇਸ ਖੇਤਰ ਵਿੱਚ ਆ ਰਹੀਆਂ ਹਨ ਤਾਂ ਇਹ ਪੇਂਡੂ ਖੇਤਰ ਦੀ ਛੋਟੀ ਕਿਸਾਨੀ ਅਤੇ ਜ਼ਮੀਨ ਵਿਹੂਣੇ ਉਨਾਂ ਤਬਕਿਆਂ ਜਿਹਨਾਂ ਦਾ ਰੁਜ਼ਗਾਰ ਦਾ ਇੱਕੋ ਇੱਕ ਸਹਾਰਾ ਹੈ ਤੋਂ ਬਿਨਾਂ ਇਹ ਵਰਤਾਰਾ ਸਹਿਜੇ ਸਹਿਜੇ ਮੱਧ ਵਰਗ ਦੇ ਦੁੱਧ ਉਤਪਾਦਕਾਂ ਉੱਤੇ ਵੀ ਮਿਆਰ ਦੀ ਤਲਵਾਰ ਲਟਕਾਵੇਗਾ ਅਤੇ ਵੱਡੇ ਡੇਅਰੀ ਫਾਰਮਿੰਗ ਨੂੰ ਉਤਸ਼ਾਹਤ ਕਰੇਗਾ। ਸਾਮਰਾਜੀ ਕਾਰਪੋਰੇਟੀ ਪੂੰਜੀ ਲਈ ਅਨਾਜ, ਪਾਣੀ, ਊਰਜਾ, ਪਿੱਛੋਂ ਦੁੱਧ ਅਜਿਹਾ ਖੇਤਰ ਹੈ ਜਿੱਥੇ ਉਨਾਂ ਲਈ ਮੁਨਾਫ਼ੇ ਲਈ ਵਧੇਰੇ ਮੌਕੇ ਹਨ।

# ਦਲਿਤ ਬਗਾਵਤ ਦੀ ਜ਼ੋਸ਼ੀਲੀ ਅਵਾਜ਼ -ਪਿੰਡ ਝੱਬਰ ਵਾਲਾ ਬੰਤ






**ਦਵੀ ਦਵਿੰਦਰ ਕੌਰ**

ਜੁਝਾਰੂ ਰੂਹ
ਜ਼ੁਲਮ ਦੀ ਲੜੀ ਨਹੀਂ ਟੁੱਟਦੀ ਜਿਵੇਂ
ਜ਼ੁਲਮ ਨਾਲ ਭਿੜਨ ਦੀ ਕਥਾ
ਚਲਦੀ ਰਹਿੰਦੀ ਹੈ ਤਿਵੇਂ
ਮੋਕਲੇ ਅੰਬਰ ਹੇਠ ਲਹਿਲਹਾਉਂਦੇ
ਖੇਤਾਂ ਦੀ ਖ਼ੂਬਸੂਰਤੀ
ਐਵੇਂ ਮੁੱਠੀ ਦੀ ਨਹੀਂ
ਨਾਹੀ ਐਵੇਂ ਮੁੱਠੀ ਦੀ ਹੈ ਸਾਡੀ ਜੰਗ
ਜ਼ਾਲਮ ਡਾਢਾ ਹੈ ਬੜਾ
ਤੇ ਸ਼ਿੱਦਤ ਮੇਰੀ ਵੀ ਘੱਟ ਨਹੀਂ...

ਇਹ ਸਤਰਾਂ ਹੰਡਿਆਏ ਤੋਂ ਜੋਗੇ ਵੱਲ ਨੂੰ ਜਾਂਦਿਆਂ ਚੇਤੇ ਆਈਆਂ। ਚੰਡੀਗੜ੍ਹ ਤੋਂ ਪਟਿਆਲੇ ਤਕ ਸੜਕਾਂ ਦੇ ਦੋਵੇਂ ਪਾਸੀਂ ਵਿਕਾਸਨੁਮਾ ਕਮਰਸ਼ੀਅਲ ਗਾਹ ਪਿਆ ਹੋਇਆ ਹੈ। ਪਟਿਆਲੇ ਤੋਂ ਬਾਹਰ ਸੰਗਰੂਰ ਸੜਕ 'ਤੇ ਦੂਰ ਆ ਕੇ ਕਿਤੇ ਦੂਮੇਲ ਤਕ ਫੈਲੇ ਖੇਤਾਂ ਦੇ ਦੀਦਾਰ ਹੁੰਦੇ ਹਨ। ਪੰਜਾਬ ਖੇਤਾਂ ਨਾਲ, ਪੈਲੀ ਬੰਨਿਆਂ ਨਾਲ ਅਤੇ ਖੇਤਾਂ 'ਚ ਕੰਮ ਕਰਦੇ ਸਿਰੜੀ ਕਿਰਤੀਆਂ ਨਾਲ ਸੋਹਦਾ ਹੈ। ਖ਼ੈਰ! ਪੁੱਛਦੇ-ਪੁਛਾਉਂਦੇ ਅਸੀਂ ਪਿੰਡ ਝੱਬਰ ਦੇ ਰਾਹ ਪੈਂਦੇ ਹਾਂ। ਪੰਜਾਬ 'ਚ ਜ਼ਾਤ-ਪਾਤ ਲਗਪਗ ਹਰ ਥਾਂ ਹਾਜ਼ਰ ਹੈ। ਪਿੰਡਾਂ 'ਚ ਇਹ ਸਿਲਸਿਲਾ ਗਹਿਰੇ ਤੇ ਪ੍ਰਤੱਖ ਅੰਦਾਜ਼ ਵਿੱਚ ਮਹਿਸੂਸ ਹੁੰਦਾ ਹੈ। ਮਸਲਨ ਦਲਿਤਾਂ ਦੇ ਘਰ ਪਿੰਡ ਦੇ ਲਹਿੰਦੇ ਪਾਸੇ ਅਤੇ ਨਿਵਾਣ ਵੱਲ ਹੋਣਗੇ। ਪੰਜਾਬ ਦੇ ਪਿੰਡਾਂ 'ਚ ਦਲਿਤਾਂ ਵਾਲੀ ਆਬਾਦੀ ਨੂੰ ਆਮ ਤੌਰ 'ਤੇ 'ਵਿਹੜਾ' ਆਖਦੇ ਹਨ। ਵਿਹੜੇ ਵਾਲੇ ਮੋਟੇ ਜਿਹੇ ਤੌਰ 'ਤੇ ਬੱਕਰੀਆਂ, ਸੂਰਾਂ ਜਿਹੇ ਜਾਨਵਰ ਪਾਲਦੇ ਹਨ ਜਦੋਂਕਿ ਬਾਕੀ ਪਿੰਡ ਵਾਲੇ ਮੱਝਾਂ, ਗਾਵਾਂ ਪਾਲਦੇ ਹਨ।

ਕਾਣੀ ਵੰਡ ਦੇ ਦ੍ਰਿਸ਼ ਇਸ ਸਾਰੇ ਕੁਝ ਤੋਂ ਹੀ ਪ੍ਰਤੱਖ ਹੋ ਜਾਂਦੇ ਹਨ। ਦੂਰੋਂ ਮਟਮੈਲੇ ਜਿਹੇ ਦਿੱਸਦੇ ਪਿੰਡ ਝੱਬਰ ਦੇ ਸ਼ੁਰੂ 'ਚ ਹੀ ਬੰਤ ਸਿੰਘ ਦਾ ਘਰ ਨਜ਼ਰ ਆਇਆ। ਘਰ ਉੱਤੇ ਲੱਗਿਆ ਸੀਪੀਆਈ ਐੱਮਐੱਲ ਦਾ ਝੰਡਾ ਹਵਾ ਨਾਲ ਕਲੋਲਾਂ ਕਰਦਾ ਹੈ। ਅਸੀਂ ਉਸ ਦੇ ਵਿਹੜੇ ਦੇ ਗੇਟ 'ਚ ਖੇਡ ਰਹੀਆਂ ਤੇ ਮੁਸਕਰਾ ਰਹੀਆਂ ਕੁੜੀਆਂ ਕੋਲੋਂ ਲੰਘੇ। ਕੁੜੀਆਂ ਲਈ ਓਪਰੇ ਲੋਕਾਂ ਦੀ ਇਸ ਘਰ 'ਚ ਆਮਦ ਆਮ ਵਰਤਾਰਾ ਹੈ ਕਿਉਂਕਿ ਕਿਤੋਂ ਨਾ ਕਿਤੋਂ ਪੱਤਰਕਾਰ, ਫਿਲਮਸਾਜ਼ ਤੇ ਹੋਰ ਲੋਕ ਬੰਤ ਸਿੰਘ ਕੋਲ ਆਉਂਦੇ ਰਹਿੰਦੇ ਹਨ। ਬੰਤ ਸਿੰਘ ਘਰ ਦੇ ਵਰਾਂਡੇ ਵਿੱਚ ਰਜਾਈ 'ਚ ਬੈਠਾ ਸਾਡੀ ਉਡੀਕ ਕਰ ਰਿਹਾ ਹੈ। ਉਸ ਦੀ ਤੱਕਣੀ ਵਿੱਚ ਸਵਾਗਤ ਹੈ। ਮੈਨੂੰ ਪੰਜਾਬ ਦੇ ਕਾਲੇ ਦੌਰ ਬਾਰੇ ਅਮਰਜੀਤ ਬੱਬਰੀ ਦੀ ਲਿਖੀ ਇੱਕ ਕਹਾਣੀ ਚੇਤੇ ਆਉਂਦੀ ਹੈ ਜਿਸ ਵਿੱਚ ਇੱਕ ਖੁੱਲ੍ਹੇ-ਡੁੱਲ੍ਹੇ ਜੁੱਸੇ ਵਾਲਾ ਨੌਜਵਾਨ ਰਜਾਈ ਲੈ ਕੇ ਮੰਜੇ ਉਤੇ ਬੈਠਾ ਹੈ ਤੇ ਉਸ ਦੇ ਵੱਢੇ-ਟੁੱਕੇ ਪਿੰਡੇ 'ਚੋਂ ਲਹੂ ਤਿੱਪ-ਤਿੱਪ ਥੱਲੇ ਚੋਅ ਰਿਹਾ ਹੈ। ਬੰਤ ਦੀਆਂ ਦੋਵੇਂ ਬਾਹਵਾਂ ਅਤੇ ਇੱਕ ਲੱਤ ਕੱਟੀ ਹੋਣ ਦੇ ਬਾਵਜੂਦ ਉਸ ਵਿੱਚੋਂ ਮਜ਼ਬੂਤ ਦੇਹ ਵਾਲੇ ਬੇਪ੍ਰਵਾਹ ਪੰਜਾਬੀ ਦੇ ਦਰਸ਼ਨ ਹੁੰਦੇ ਹਨ।

ਸੀਪੀਆਈ ਐੱਮਐੱਲ ਦੇ ਸਰਗਰਮ ਵਰਕਰ ਤੇ ਮਜ਼ਦੂਰ ਮੁਕਤੀ ਮੋਰਚੇ ਦੇ ਕਾਰਕੁਨ ਬੰਤ ਸਿੰਘ ਨੂੰ ਆਪਣੀ ਨਾਬਾਲਗ ਧੀ ਨੂੰ ਇਨਸਾਫ਼ ਦਿਵਾਉਣ ਦੇ ਦੋਸ਼ਾਂ 'ਚ ਲੱਤਾਂ-ਬਾਹਾਂ ਤੁੜਵਾਉਣੀਆਂ ਪਈਆਂ। 2002 ਵਿੱਚ ਉਸ ਦੀ ਧੀ ਨਾਲ ਸਮੂਹਿਕ ਬਲਾਤਕਾਰ ਹੋਇਆ। ਬੰਤ ਸਿੰਘ ਦਲੇਰੀ ਨਾਲ ਇਸ ਵਧੀਕੀ ਵਿਰੁੱਧ ਲੜਿਆ ਅਤੇ ਦੋਸ਼ੀਆਂ ਨੂੰ ਸੀਖਾਂ ਪਿੱਛੇ ਕਰਾਇਆ। ਇਸ ਦੌਰਾਨ ਪਿੰਡ ਦੇ ਮੋਹਤਬਰਾਂ ਤੋਂ ਲੈ ਕੇ ਪੰਚਾਇਤ ਅਤੇ ਪੁਲੀਸ ਦੇ ਵੱਡੇ ਅਧਿਕਾਰੀਆਂ ਤਕ ਨੇ ਉਸ ਨੂੰ ਦਸ ਲੱਖ ਰੁਪਏ ਤਕ ਦੀ ਰਕਮ ਲੈ ਕੇ ਸਮਝੌਤੇ ਲਈ ਮਨਾਉਣ ਦੀ ਵਾਹ ਲਾਈ, ਪਰ ਉਹ ਡਟਿਆ ਰਿਹਾ। ਉਸ ਨੇ ਆਪਣੀ ਧੀ ਦੀ ਅਸਮਤ ਦਾ ਮੁੱਲ ਨਹੀਂ ਵੱਟਿਆ। ਸਿੱਟੇ ਵਜੋਂ ਪੰਜ ਜਨਵਰੀ 2006 ਦੀ ਰਾਤ ਨੂੰ ਉਸ ਨੂੰ ਨਲਕਿਆਂ ਦੀਆਂ ਹੱਥੀਆਂ ਅਤੇ ਟਕੂਆਂ ਨਾਲ ਵੱਢ-ਟੁੱਕ ਕੇ ਦੂਰ ਖੇਤਾਂ ਵਿੱਚ ਸੁੱਟ ਦਿੱਤਾ ਗਿਆ। ਉਸ ਦੇ ਵਾਰਸ ਪਤਾ ਲੱਗਣ 'ਤੇ ਉਸ ਨੂੰ ਚੁੱਕ ਕੇ ਮਾਨਸਾ ਹਸਪਤਾਲ ਲੈ ਗਏ। ਡਾਕਟਰਾਂ ਨੇ 1000 ਰੁਪਏ ਲਏ ਬਿਨਾਂ ਉਸ ਨੂੰ ਹੱਥ ਲਾਉਣੋਂ ਨਾਂਹ ਕਰ ਦਿੱਤੀ। 36 ਘੰਟੇ ਮਗਰੋਂ ਉਸ ਦੀ ਮੱਲ੍ਹਮ-ਪੱਟੀ ਹੋਈ, ਪਰ ਉਦੋਂ ਤਕ ਗੈਂਗਰੀਨ ਫੈਲ ਚੁੱਕੀ ਸੀ ਤੇ ਕਾਮਰੇਡ ਸੁਖਦਰਸ਼ਨ ਨੱਤ ਦੇ ਕਾਮਰੇਡ ਜੀਤਾਂ ਕੌਰ ਤੇ ਹੋਰ ਸਾਥੀ ਉਸ ਨੂੰ ਚੁੱਕ ਕੇ ਪੀਜੀਆਈ ਚੰਡੀਗੜ੍ਹ ਲੈ ਆਏ। ਸਥਾਨਕ ਪੱਤਰਕਾਰ ਕੁਸਕੇ ਨਹੀਂ। ਪੀਜੀਆਈ ਵਿੱਚ ਉਸ ਦੀਆਂ ਦੋਵੇਂ ਬਾਹਵਾਂ ਤੇ ਇੱਕ ਲੱਤ ਕੱਟੇ ਜਾਣ (ਅਪਰੇਸ਼ਨ ਕਰਨ) ਮਗਰੋਂ ਸੱਦੀ ਗਈ ਪ੍ਰੈਸ ਕਾਨਫਰੰਸ ਨਾਲ ਹੀ ਇਹ ਜ਼ਾਲਮਾਨਾ ਕਾਰਵਾਈ ਮੀਡੀਆ 'ਚ ਆ ਸਕੀ।

ਉਸ ਮਗਰੋਂ ਦੁਨੀਆਂ ਭਰ ਵਿੱਚ ਇਹ ਕਾਂਡ ਚਰਚਿਤ ਹੋਇਆ। 14 ਜਮਹੂਰੀ ਜਥੇਬੰਦੀਆਂ ਨੇ ਉਸ ਦੇ ਹੱਕ ਵਿੱਚ ਸੰਘਰਸ਼ ਕੀਤਾ। ਪੰਜਾਬ ਦੇ ਵੱਡੇ ਪੁਲੀਸ ਅਧਿਕਾਰੀਆਂ ਨੇ ਵਿੱਚ ਵਿਚਾਲੇ ਪੈ ਕੇ ਗੱਲ ਨਿਬੇੜਨ ਦੇ ਹੀਲੇ ਕੀਤੇ, ਪਰ ਇਨਸਾਫ਼ ਦੇ ਤਰਕਪੂਰਨ ਸਿਰੇ ਤਕ ਪੁੱਜਣਾ ਇਸ ਕੇਸ 'ਚ ਲਾਜ਼ਮੀ ਸੀ ਜੋ ਸਿਰੇ ਵੀ ਚੜ੍ਹਿਆ। ਹੋਰ ਤਾਂ ਹੋਰ ਲੰਡਨ ਵਿੱਚ ਭਾਰਤੀ ਦੂਤਘਰ ਅੱਗੇ ਉੱਥੋਂ ਦੀਆਂ ਭਾਰਤੀ ਜਮਹੂਰੀ ਤੇ ਮਾਨਵੀ ਹੱਕਾਂ ਬਾਰੇ ਜਥੇਬੰਦੀਆਂ ਨੇ ਜ਼ੋਰਦਾਰ ਰੋਸ ਪ੍ਰਦਰਸ਼ਨ ਕੀਤਾ ਅਤੇ ਬੀਬੀਸੀ ਨੇ ਉਸ ਦੀ ਕਵਰੇਜ ਕੀਤੀ। ਪੱਤਰਕਾਰ ਸਿਧਾਰਥ ਕਾਕ ਬੰਤ ਸਿੰਘ ਬਾਰੇ ਦਸਤਾਵੇਜ਼ੀ ਬਣਾ ਚੁੱਕਿਆ ਹੈ। ਉਸ 'ਤੇ ਟੀਵੀ ਪ੍ਰੋਗਰਾਮ ਬਣਾਏ ਅਤੇ ਗੀਤ ਫ਼ਿਲਮਾਏ ਜਾ ਚੁੱਕੇ ਹਨ। ਉਦੋਂ ਤੋਂ ਲੈ ਕੇ ਹੁਣ ਤਕ ਬੰਤ ਸਿੰਘ ਝੱਬਰ 'ਦਲਿਤ ਰਜਿਸਟੈਂਸ' ਦਾ ਸਮਾਨਅਰਥੀ ਬਣਾ ਚੁੱਕਿਆ ਹੈ। ਉਹ ਇਨਕਲਾਬੀ ਕਵੀ ਸੰਤ ਰਾਮ ਉਦਾਸੀ ਦੇ ਗੀਤ ਗਾਉਂਦਾ ਹੈ। ਉਸ ਦੇ ਨਾਇਕ ਗੁਰੂ ਗੋਬਿੰਦ ਸਿੰਘ ਤੇ ਸ਼ਹੀਦ ਭਗਤ ਸਿੰਘ ਹਨ। 21 ਜਨਵਰੀ ਤੋਂ 25 ਜਨਵਰੀ ਤਕ ਹੋ ਰਹੇ 'ਜੈਪੁਰ ਲਿਟਰੇਚਰ ਫੈਸਟੀਵਲ' ਵਿੱਚ ਬੰਤ ਸਿੰਘ ਝੱਬਰ ਨੂੰ ਪਹਿਲੇ ਦਿਨ ਇੱਕ ਪੂਰਾ ਸੈਸ਼ਨ ਦਿੱਤਾ ਜਾਣਾ ਹੈ। ਜੈਪੁਰ ਮੇਲੇ ਵਿੱਚ ਉੱਘੀ ਲੇਖਿਕਾ ਨਿਰੂਪਮਾ ਦੱਤ ਵੱਲੋਂ ਲਿਖੀ ਬੰਤ ਸਿੰਘ ਦੀ ਜੀਵਨੀ ਵੀ ਰਿਲੀਜ਼ ਕੀਤੀ ਜਾ ਰਹੀ ਹੈ। ਨਿਰੂਪਮਾ ਦੱਤ ਨੇ ਕਿਤਾਬ ਨੂੰ 'ਬੈਲਡ ਆਫ ਬੰਤ ਸਿੰਘ' ਦਾ ਨਾਮ ਦਿੱਤਾ ਹੈ। ਬਿਨਾਂ ਸ਼ੱਕ ਬੰਤ ਸਿੰਘ ਉਹ ਜੁਝਾਰੂ ਤੇ ਸਿਦਕੀ ਮਨੁੱਖ ਹੈ ਜਿਸ ਦੀ ਵਾਰ ਜਾਂ ਗਾਥਾ ਹੀ ਹੋ ਸਕਦੀ ਹੈ। ਪੁਸਤਕ ਵਿੱਚ ਉਸ ਦੇ ਸੰਘਰਸ਼ ਦੇ ਨਾਲ-ਨਾਲ ਪੰਜਾਬ ਦੀ ਸਮਾਜਿਕ, ਸੱਭਿਆਚਾਰਕ ਅਤੇ ਆਰਥਿਕ ਬਣਤਰ ਅਤੇ ਔਰਤਾਂ ਦੀ ਸਥਿਤੀ 'ਤੇ ਚਰਚਾ ਛੇੜੀ ਗਈ ਹੈ।

ਉਹ ਦੱਸਦਾ ਹੈ ਕਿ ਉਸ ਨੇ ਬਚਪਨ 'ਚ ਹੀ ਤਹੱਈਆ ਕਰ ਲਿਆ ਸੀ ਕਿ ਉਹ ਸੀਰੀ ਨਹੀਂ ਰਲੇਗਾ ਅਤੇ ਆਜ਼ਾਦ ਮਜ਼ਦੂਰ ਵਜੋਂ ਕੰਮ ਕਰੇਗਾ। ਉਸ ਨੇ ਸ਼ਿੰਗਾਰ ਦਾ ਸਾਮਾਨ ਪਿੰਡ-ਪਿੰਡ ਫਿਰ ਕੇ ਵੇਚਿਆ, ਲੋਹਾ ਇਕੱਠਾ ਕੀਤਾ, ਸੂਰ ਪਾਲੇ, ਪਸ਼ੂ ਚਾਰੇ। ਸਾਈਕਲ 'ਤੇ ਪਿੰਡ-ਪਿੰਡ ਗਾਉਂਦਾ ਉਹ ਉੱਚੀ-ਉੱਚੀ ਗਾਉਂਦਾ। ਫਿਰ ਉਹ ਸੀਪੀਆਈ ਐੱਮਐੱਲ ਵਾਲਿਆਂ ਦੇ ਸੰਪਰਕ 'ਚ ਆ ਗਿਆ ਤੇ ਅਮਰ ਚਮਕੀਲੇ ਤੇ ਕੁਲਦੀਪ ਮਾਣਕ ਦੇ ਗੀਤ ਛੱਡ ਕੇ ਸੰਤ ਰਾਮ ਉਦਾਸੀ ਦੇ ਗੀਤ ਉਸ ਦੇ ਚੇਤਿਆਂ ਵਿੱਚ ਵੱਸ ਗਏ। ਉਹ ਗੜ੍ਹਕੇਦਾਰ ਆਵਾਜ਼ 'ਚ ਦੱਸਦਾ ਹੈ ਕਿ ਉਸ ਨੇ ਬਹੁਤ ਸਾਰੀਆਂ ਵਿਹੜਿਆਂ ਵਾਲੀਆਂ ਔਰਤਾਂ ਨੂੰ ਲੋਕਾਂ ਦਾ ਗੋਹਾ-ਕੂੜਾ ਕਰਨੋਂ ਅਤੇ ਬੰਦਿਆਂ ਨੂੰ ਸੀਰੀਪੁਣੇ ਤੋਂ ਹਟਾ ਕੇ ਹੋਰ ਕੰਮਾਂ ਦੇ ਰਾਹ ਪਾਇਆ। ਪਹਿਲਾਂ ਵੀ ਦੋ ਹਮਲੇ ਝੱਲਣ ਤੋਂ ਮਗਰੋਂ ਤੇ ਇਸ ਮਾਰੂ ਹਮਲੇ ਵਾਲੇ ਦਿਨ ਵੀ ਉਹ ਆਂਧਰਾ ਪ੍ਰਦੇਸ਼ ਵਿੱਚ ਹੋਣ ਵਾਲੇ ਪਾਰਟੀ ਦੇ ਡੈਲੀਗੇਟ ਇਜਲਾਸ ਲਈ ਲਾਮਬੰਦੀ ਕਰ ਕੇ ਪਰਤ ਰਿਹਾ ਸੀ। ਉਹ ਪੰਜਾਬ ਦਾ ਪਹਿਲਾ ਦਲਿਤ ਹੈ ਜੋ ਉਪਰਲੀਆਂ ਜਾਤਾਂ ਦੇ ਲੋਕਾਂ ਵੱਲੋਂ ਬਲਾਤਕਾਰ ਦੇ ਕੇਸ ਵਿੱਚ ਦੋਸ਼ੀਆਂ ਨੂੰ ਸਜ਼ਾ ਦਿਵਾ ਸਕਿਆ ਹੈ।

ਬੰਤ ਸਿੰਘ ਉੱਤੇ ਹਮਲੇ ਬਾਰੇ ਮੀਡੀਆ ਵਿੱਚ ਚਰਚਾ ਹੋਣ ਦੇ ਬਾਵਜੂਦ ਪੁਲੀਸ ਇਸ ਨੂੰ ਉਸ ਦੀ ਧੀ ਨਾਲ ਬਲਾਤਕਾਰ ਦੇ ਮਾਮਲੇ ਨਾਲੋਂ ਬਿਲਕੁਲ ਵੱਖ ਕਰਾਰ ਦਿੰਦੀ ਰਹੀ ਜਦੋਂਕਿ ਉਸ ਦੀ ਮਾਰਕੁੱਟ ਕਰਨ ਵਾਲੇ ਸਜ਼ਾਯਾਫ਼ਤਾ ਦੋਸ਼ੀਆਂ ਦੇ ਨੇੜਲੇ ਸਬੰਧੀ ਸਨ। ਬੰਤ ਸਿੰਘ ਦੇ ਸੰਘਰਸ਼ ਨੇ ਦਲਿਤ ਔਰਤਾਂ ਦੀ ਹੋਣੀ ਬਾਰੇ ਅਤੇ ਜਾਤੀਗਤ ਹਿੰਸਾ ਤੇ ਅਖੌਤੀ ਉਪਰਲੀਆਂ ਜਾਤਾਂ ਦੇ ਧੁਰ ਅੰਦਰ ਬੈਠੀ ਨਫ਼ਰਤ ਬਾਰੇ ਨਵੇਂ ਸਿਰਿਓਂ ਜ਼ੋਰਦਾਰ ਚਰਚਾ ਛੇੜੀ ਸੀ। ਆਪਣੇ ਟੁੱਟੇ ਅੰਗਾਂ 'ਤੇ ਉਸ ਨੂੰ ਦੁੱਖ ਤਾਂ ਹੈ, ਪਰ ਸਵੈ-ਤਰਸ ਭੋਰਾ ਨਹੀਂ। ਉਹ ਦੱਸਦਾ ਹੈ ਕਿ ਉਹ ਵਧੀਆ ਪੋਚਵੀਂ ਪੱਗ ਬੰਨ੍ਹਣ ਦਾ ਆਦੀ ਸੀ। ਬਾਹਾਂ ਕੱਟੇ ਜਾਣ ਮਗਰੋਂ ਉਹ ਅਜਿਹਾ ਨਹੀਂ ਕਰ ਸਕਦਾ। ਸਾਫ਼-ਸੁਥਰੇ ਕੱਪੜੇ ਪਹਿਨਣ ਦਾ ਸ਼ੌਕੀਨ। ਭਾਵੇਂ ਹੁਣ ਉਹ ਹਰ ਕੰਮ ਲਈ ਹੋਰਾਂ 'ਤੇ ਨਿਰਭਰ ਹੈ, ਪਰ ਉਸ ਦੀ ਆਵਾਜ਼ ਤੇ ਇਰਾਦੇ ਕਾਇਮ ਹਨ। ਪੀਜੀਆਈ 'ਚ ਅੰਗ ਕੱਟਣ ਲਈ ਕੀਤੇ ਗਏ ਅਪਰੇਸ਼ਨ ਤੋਂ ਦੋ ਦਿਨ ਮਗਰੋਂ ਉਹ ਵਾਰਡ 'ਚ ਗਾ ਰਿਹਾ ਸੀ। ਦੂਰੋਂ-ਦੂਰੋਂ ਲੋਕ ਉਸ ਨੂੰ ਦੇਖਣ ਆਏ। ਪਾਰਟੀ ਦੇ ਪ੍ਰੋਗਰਾਮਾਂ 'ਚ ਜਾ ਕੇ ਉਹ ਅੱਜ ਵੀ ਗਾਉਂਦਾ ਹੈ। ਜਦੋਂ ਇੱਕ ਟੁੰਡ ਕੰਨ ਉੱਤੇ ਲਾ ਕੇ ਅਤੇ ਦੂਜਾ ਹਵਾ 'ਚ ਲਹਿਰਾ ਕੇ ਉਹ ਲੰਮੀ ਹੇਕ ਲਾਉਂਦਾ ਹੈ ਤਾਂ ਉਸ ਦੀ ਆਵਾਜ਼ ਕਹਿਰ ਕਰਦੀ ਜਾਪਦੀ ਹੈ। ਉਸ ਦੀਆਂ ਬਾਹਵਾਂ ਤੁਹਾਨੂੰ ਕਿਵੇਂ ਵੀ ਅਧੂਰੀਆਂ ਨਹੀਂ ਲੱਗਦੀਆਂ। ਉਹ ਬਾਬਾ ਨਾਨਕ, ਗੁਰੂ ਗੋਬਿੰਦ ਸਿੰਘ ਅਤੇ ਸਰਦਾਰ ਭਗਤ ਸਿੰਘ ਦੇ ਇਨਸਾਫ਼ਪਸੰਦ ਪੰਜਾਬ ਦਾ ਅਸਲ ਵਾਰਸ ਹੈ। ਉਸ ਦੇ ਸੰਘਰਸ਼ ਨਾਲ ਜ਼ੁਲਮ ਦੀ ਕਥਾ ਰੁਕ ਨਹੀਂ ਜਾਣੀ, ਪਰ ਉਸ ਦੇ ਜੁਝਾਰੂਪਣੇ ਅਤੇ ਉਸ ਨਾਲ ਖੜ੍ਹੀਆਂ ਜਥੇਬੰਦੀਆਂ ਤੇ ਜੁਝਾਰੂ ਲੋਕ ਵੀ ਇਹ ਸ਼ਾਹਦੀ ਭਰਦੇ ਹਨ ਕਿ ਜ਼ੁਲਮ ਨੂੰ ਸਿੱਧਾ ਟਕਰਨ ਦਾ ਸਿਲਸਿਲਾ ਵੀ ਕਿਤੇ ਰੁਕੇਗਾ ਨਹੀਂ।

ਸੰਪਰਕ: 98760-82982

### ਵਿਸ਼ਵ ਵਪਾਰ ਸੰਸਥਾ ਦੀ ਨੈਰੋਬੀ ਮੀਟਿੰਗ

# ਖੇਤੀ ਸੈਕਟਰ ਅੱਖਾਂ ਪਰੋਖੇ, ਕਾਰਪੋਰੇਟ ਸੈਕਟਰ ਭਾਰੂ



ਮੋਹਨ ਸਿੰਘ

ਵਿਸ਼ਵ ਵਪਾਰ ਸੰਸਥਾ ਦੀ ਕੀਨੀਆ ਦੀ ਰਾਜਧਾਨੀ ਨੈਰੋਬੀ 'ਚ 15 ਤੋਂ 19 ਦਸੰਬਰ ਨੂੰ ਮੀਟਿੰਗ ਹੋਈ ਹੈ। ਵਿਸ਼ਵ ਵਪਾਰ ਸੰਸਥਾ ਦੀ ਦੋਹਾ ਗੇੜ ਦੀ ਇਹ ਦਸਵੀ ਮੀਟਿੰਗ ਸੀ ਅਤੇ ਦੋਹਾ ਮੀਟਿੰਗ ਤੋਂ ਬਾਅਦ ਇਹ ਸਭ ਤੋਂ ਮਹੱਤਵਪੂਰਨ ਮੀਟਿੰਗ ਹੋ ਨਿਬੜੀ ਹੈ। ਇਸ ਦਾ ਕਾਰਨ ਇਹ ਹੈ ਕਿ ਇਸ ਮੀਟਿੰਗ ਰਾਹੀਂ ਅਮੀਰ ਦੇਸ਼ਾਂ ਨੇ ਦੋਹਾ ਗੇੜ ਜੋ 2001 'ਚ ਸ਼ੁਰੂ ਹੋਇਆ ਸੀ, ਦਾ ਰਸਮੀ ਤੌਰ 'ਤੇ ਅੰਤ ਕਰ ਦਿੱਤਾ ਹੈ। ਵਿਕਾਸਸ਼ੀਲ ਅਤੇ ਗਰੀਬ ਮੁਲਕ ਚਾਹੁੰਦੇ ਸਨ ਕਿ ਦੋਹਾ ਗੇੜ ਜੋ ਵਪਾਰ ਨੂੰ ਸਹੂਲਤਾਂ ਦੇਣ ਦਾ ਨਿਸ਼ਾਨਾ ਲੈ ਕੇ ਚਲਿਆ ਜਾਂਦਾ ਮੰਨਿਆਂ ਜਾਂਦਾ ਸੀ ਜਿਸ ਕਰਕੇ ਇਸ ਨੂੰ 'ਦੋਹਾ ਵਿਕਾਸ ਏਜੰਡਾ' ਕਿਹਾ ਜਾਂਦਾ ਸੀ, ਨੂੰ ਹੋਰ ਚਲਾਇਆ ਜਾਵੇ ਤਾਂ ਜੋ ਇਹ ਆਪਣੇ ਮਿਥੇ ਉਦੇਸ਼ਾਂ ਨੂੰ ਪੂਰਾ ਕਰ ਲਵੇ। ਵਿਕਾਸਸ਼ੀਲ ਅਤੇ ਗਰੀਬ ਦੇਸ਼ਾਂ ਦੇ ਲੋਕ ਜ਼ਿਆਦਾਤਰ ਖੇਤੀਬਾੜੀ 'ਤੇ ਨਿਰਭਰ ਹੋਣ ਕਰਕੇ ਉਨਾਂ ਦੀ ਉਪਜੀਵਕਾ ਦਾ ਸਾਧਨ ਮੁੱਖ ਤੌਰ 'ਤੇ ਖੇਤੀਬਾੜੀ ਹੈ। ਇਨਾਂ ਕਿਸਾਨਾਂ ਦੇ ਵਿਸ਼ਾਲ ਹਿੱਸਿਆਂ ਦੀਆਂ ਜੋਤਾਂ ਦਾ ਛੋਟਾ ਅਕਾਰ, ਪਛੜੀ ਤਕਨੀਕ ਅਤੇ ਅਨਪੜਤਾ ਹੋਣ ਕਰਕੇ ਇਹ ਲੋਕ ਗਰੀਬੀ ਦੀ ਹਾਲਤ 'ਚ ਰਹਿੰਦੇ ਹਨ। ਖੇਤੀ ਦੀਆਂ ਵਪਾਰਕ ਸ਼ਰਤਾਂ ਵੀ ਖੇਤੀ ਉਪਜ ਦੇ ਉਲਟ ਹੋਣ ਕਰਕੇ ਖੇਤੀ ਇੱਕ ਘਾਟੇ ਵਾਲਾ ਕਾਰੋਬਾਰ ਬਣਿਆ ਹੋਇਆ ਹੈ। ਇਸ ਤੋਂ ਇਲਾਵਾ ਸੂਦਖੋਰੀ, ਫਸਲਾਂ ਨੂੰ ਬਿਮਾਰੀਆਂ ਪੈਣ ਅਤੇ ਕੁਦਰਤ ਦੀ ਕਰੋਪੀ ਦਾ ਸ਼ਿਕਾਰ ਹੋਣ ਕਰਕੇ ਲਗਾਤਾਰ ਕਿਸਾਨ-ਮਜ਼ਦੂਰ ਲਗਾਤਾਰ ਕਰਜਾਈ ਰਹਿੰਦਾ ਹੈ। ਕਿਸਾਨੀ ਕੋਲ ਹੋਰ ਕੋਈ ਧੰਦਾ ਨਾ ਹੋਣ ਹਰ ਸਾਲ ਖੁਦਕੁਸ਼ੀਆਂ ਦਾ ਵਰਤਾਰਾ ਤੇਜ਼ੀ ਨਾਲ ਵਧ ਰਿਹਾ ਹੈ। ਇਸ ਕਰਕੇ ਇਨਾਂ ਮੁਲਕਾਂ 'ਚ ਖੇਤੀ ਘੱਟੋ ਘੱਟ ਸਹਾਇਕ ਮੁੱਲ, ਸਬਸਿਡੀਆਂ, ਫਸਲਾਂ ਦੇ ਭੰਡਾਰੀਕਰਨ, ਖੇਤੀ ਉਪਜਾਂ ਦੀ ਖਰੀਦ ਦੀ ਗਰੰਟੀ ਤੋਂ ਬਿਨਾਂ ਟਿਕ ਨਹੀਂ ਸਕਦੀ। ਇਸੇ ਕਰਕੇ ਕਿਸਾਨ ਹਰ ਸਾਲ ਖੇਤੀ ਦਾ ਧੰਦਾ ਛੱਡਣ ਲਈ ਮਜ਼ਬੂਰ ਹੁੰਦੇ ਹਨ।


ਵਿਕਾਸਸ਼ੀਲ਼ ਅਤੇ ਗ਼ਰੀਬ ਮੁਲਕਾਂ ਦੇ ਹੁਕਮਰਾਨ ਵੀ ਭਾਵੇਂ ਅਮੀਰ ਮੁਲਕਾਂ ਦੇ ਹੁਕਮਰਾਨਾਂ ਵਾਂਗ ਕਾਰਪਰੇਟ ਪੱਖੀ ਨਵਉਦਾਰਵਾਦੀ ਨੀਤੀਆਂ 'ਤੇ ਹੀ ਚੱਲ ਰਹੇ ਹਨ ਪਰ ਫਿਰ ਵੀ ਇਨਾਂ ਮੁਲਕਾਂ ਨੂੰ ਆਪਣੇ ਦੇਸ਼ਾਂ ਅੰਦਰ ਭੁੱਖ-ਦੁੱਖ ਨਾਲ ਸਤਾਏ ਕਿਸਾਨਾਂ, ਮਜ਼ਦੂਰਾਂ ਤੇ ਹੋਰ ਗ਼ਰੀਬ ਮਿਹਨਤਕਸ਼ ਜਨਤਾ ਦੇ ਦਬਾਅ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਕਰਕੇ ਇਹ ਦੇਸ਼ ਦੋਹਾ ਗੇੜ ਨੂੰ ਹੋਰ ਵਧਾ ਕੇ ਗ਼ਰੀਬ ਕਿਸਾਨਾਂ ਅਤੇ ਮਜ਼ਦੂਰਾਂ ਲਈ 'ਸਪੈਸ਼ਲ ਸੁਰੱਖਿਆ ਪ੍ਰਬੰਧ' ਦੀ ਮੰਗ ਕਰ ਰਹੇ ਸਨ ਜਿਸ ਦਾ ਮੰਤਵ ਇੱਕਦਮ ਆਯਾਤ ਵਧਣ ਜਾ ਫਸਲਾਂ ਦੇ ਕੌਮਾਂਤਰੀ ਮੁੱਲ ਘਟਣ ਕਾਰਨ ਘਰੇਲੂ ਫਸਲਾਂ ਦੇ ਮੁੱਲ ਘਟਣ ਤੋਂ ਸੁਰੱਖਿਆ ਕਰਨਾ ਹੁੰਦਾ ਹੈ। ਇਨਾਂ ਦੇਸ਼ਾਂ ਅੰਦਰ ਖਾਧ ਦੀਆਂ ਲੋੜਾਂ ਪੂਰੀਆਂ ਕਰਨ ਲਈ ਅਤੇ ਖਾਧ ਸੁਰੱਖਿਆ ਲਈ ਅੰਨ ਭੰਡਾਰਨ ਦੀ ਜ਼ਰੂਰਤ ਪੈਂਦੀ ਹੈ। ਅਮੀਰ ਦੇਸ਼ ਆਪਣੇ ਕਿਸਾਨਾਂ ਨੂੰ ਵੱਡੀਆਂ ਸਬਸਿਡੀਆਂ ਦਿੰਦੇ ਹਨ ਜਿਸ ਕਾਰਨ ਵਿਕਾਸਸ਼ੀਲ ਅਤੇ ਗਰੀਬ ਦੇਸ਼ਾਂ ਦੀ ਖੇਤੀ ਮਾੜੇ ਰੁਖ ਪ੍ਰਭਾਵਤ ਹੁੰਦੀ ਹੈ। ਵਿਸ਼ਵ ਵਪਾਰ ਸੰਸਥਾ 'ਚ ਕਹਿਣ ਨੂੰ ਭਾਵੇਂ ਹਰ ਮੁਲਕ ਨੂੰ ਬਰਾਬਰ ਦੀ ਨੁਮਾਇੰਦਗੀ ਹੈ ਅਤੇ ਹਰ ਮੁਲਕ ਕੋਲ ਵੀਟੋ ਦਾ ਅਧਿਕਾਰ ਹੈ ਅਤੇ ਸਾਰੇ ਫੈਸਲੇ ਆਮ ਸਹਿਮਤੀ ਨਾਲ ਲਏ ਜਾਂਦੇ ਹਨ ਪਰ ਅਸਲ 'ਚ 'ਸੱਤੀ ਵੀਹੀਂ ਸੌ ਵਾਂਗ' ਚਲਦੀ ਅਮੀਰ ਦੇਸ਼ਾਂ ਦੀ ਹੈ। ਇਸੇ ਕਰਕੇ ਇਸ ਨੈਰੋਬੀ ਮੀਟਿੰਗ ਤੋਂ ਪਹਿਲਾਂ ਕਾਨਫਰੰਸ ਦਾ ਮਸੌਦਾ ਤਿਆਰ ਕਰਨ ਸਮੇਂ ਦੋਹਾ ਗੇੜ ਅਜੇ ਭਾਵੇਂ ਸਿਰੇ ਵੀ ਲੱਗਾ ਨਹੀਂ ਸੀ ਪਰ ਕਾਨਫਰੰਸ ਦੇ ਮਸੇਦੇ 'ਚ ਦੋਹਾ ਗੇੜ ਦਾ ਜ਼ਿਕਰ ਤੱਕ ਨਹੀਂ ਸੀ। ਵਿਕਾਸਸ਼ੀਲ਼ ਅਤੇ ਗ਼ਰੀਬ ਮੁਲਕ ਭਾਵੇਂ ਚਾਹੁੰਦੇ ਸਨ ਕਿ ਦੋਹਾ ਗੇੜ ਉਦੋਂ ਤਕ ਚਲੇ ਜਦੋਂ ਦੋਹਾ ਗੇੜ ਦੇ ਸਾਰੇ ਮੁੱਦੇ ਜਿਨਾਂ 'ਚ ਗ਼ਰੀਬ ਕਿਸਾਨਾਂ ਦੀ ਸੁਰੱਖਿਆ ਅਤੇ ਖਾਧ ਸਮੱਸਿਆ ਸ਼ਾਮਲ ਹੈ ਦਾ ਹੱਲ ਨਹੀਂ ਨਿਕਲ ਆਉਂਦਾ। ਪਰ ਅਮੀਰ ਮੁਲਕ ਦੋਹਾ ਗੇੜ ਨੂੰ ਖ਼ਤਮ ਕਰਨਾ ਚਾਹੁੰਦੇ ਸਨ ਅਤੇ ਉਨਾਂ ਨੇ ਨਵੇਂ ਮੁੱਦੇ ਜਿਹੜੇ ਉਨਾਂ ਦੇ ਹਿੱਤਾਂ 'ਚ ਸਨ ਜਿਵੇਂ ਈ-ਕਾਮਰਸ, ਵਿਸ਼ਵ ਮੁੱਲ ਚੇਨ (ਲੜੀ), ਮੁਕਾਬਲੇਬਾਜ਼ੀ ਕਾਨੂੰਨ, ਕਿਰਤ ਕਾਨੂੰਨ, ਵਾਤਾਵਰਨ ਅਤੇ ਨਿਵੇਸ਼ ਵਰਗੇ ਹੋਰ ਮੁੱਦੇ ਸ਼ਾਮਲ ਕਰ ਲਏ।

ਵਪਾਰਕ ਮਾਹਰਾਂ ਨੇ ਵੀ ਕਿਹਾ ਕਿ ਨੈਰੋਬੀ ਪੈਕੇਜ ਨੇ ਦੋਹਾ ਗੇੜ ਦੇ ਵਿਸ਼ਵ ਵਪਾਰ ਸੰਸਥਾ ਦੇ ਬੁਨਿਆਦੀ ਉਦੇਸ਼ ਨੂੰ 'ਪ੍ਰਭਾਵੀ ਤੌਰ 'ਤੇ ਮਾਰ' ਦਿੱਤਾ ਹੈ। ਜਿਸ ਦਾ ਮਕਸਦ ਵਿਕਸਾਸ਼ੀਲ ਅਤੇ ਗ਼ਰੀਬ ਦੇਸ਼ਾਂ ਦੇ ਵਪਾਰਕ ਹਿਤਾਂ ਨੂੰ ਅੱਗੇ ਵਧਾਉਣਾ ਸੀ ਜਾਂ ਦੂਜੇ ਸ਼ਬਦਾਂ 'ਚ 'ਵਿਕਾਸ ਏਜੰਡੇ' ਨੂੰ ਅੱਗੇ ਵਧਾਉਣਾ ਸੀ। ਇਨਾਂ ਮੁਤਾਬਿਕ ਨੈਰੋਬੀ ਦਾ ਅੰਤਮ ਐਲਾਨਨਾਮਾ ਸਾਰੇ ਦੇਸ਼ਾਂ ਦੀ ਆਮ ਸਹਿਮਤੀ ਨਾਲ ਵਪਾਰ 'ਚ ਰੁਕਾਵਟਾਂ ਨੂੰ ਹਟਾਉਣ ਬਾਰੇ ਪਾਸ ਹੋਣਾ ਚਾਹੀਦਾ ਸੀ। ਭਾਰਤ ਦੇ ਮੰਤਰਾਲੇ ਮੁਤਾਬਿਕ ਦੋਹਾ ਵਿਕਾਸ ਏਜੰਡੇ 'ਤੇ ਮੁੜ ਗੱਲਬਾਤ ਨਹੀਂ ਚਲੀ ਅਤੇ ਭਾਰਤ ਨੇ ਇਸ ਦਾ ਵਿਰੋਧ ਕੀਤਾ। ਦੋਹਾ ਵਿਕਾਸ ਏਜੰਡੇ 'ਤੇ ਆਮ ਸਹਿਮਤੀ ਨਾ ਹੋਣ ਦੇ ਬਾਵਜੂਦ ਅੰਤਮ ਐਲਾਨਨਾਮਾ ਪਾਸ ਕਰਨਾ ਵਿਸ਼ਵ ਵਪਾਰ ਸੰਸਥਾ ਦੇ ਬੁਨਿਆਦੀ ਅਸੂਲ਼ਾਂ ਦੀ ਉਲੰਘਨਾ ਹੈ। ਦਰਅਸਲ ਭਾਰਤੀ ਆਗੂ ਇੱਕ ਪਾਸੇ ਕਿਸਾਨਾਂ, ਮਜ਼ਦੂਰਾਂ ਅਤੇ ਹੋਰ ਮਿਹਨਤਕਸ਼ ਲੋਕਾਂ ਦੇ ਹੱਕ ਵਿੱਚ ਮਗਰਮੱਛ ਦੇ ਹੰਝੂ ਵਗਾਉਂਦੇ ਹਨ ਅਤੇ ਦੂਜੇ ਪਾਸੇ ਕਾਰਪੋਰੇਟ ਘਰਾਣਿਆਂ ਦੀ ਨੁਮਾਇੰਦਗੀ ਕਰਦੇ ਹੋਣ ਕਰਕੇ ਹਰ ਹਾਲਤ 'ਚ ਉਨਾਂ ਦੇ ਪੱਖ 'ਚ ਖੜਦੇ ਹਨ। ਹੁਣ ਵਿਸ਼ਵ ਵਪਾਰ ਸੰਸਥਾ ਦੀ ਕਾਨਫਰੰਸ ਦੌਰਾਨ ਵੀ ਉਨਾਂ ਦੇ ਵਲਵਲੇ ਕਾਰਪਰੇਟ ਘਰਾਣਿਆਂ ਲਈ ਡੁੱਲ ਡੁੱਲ ਪੈਂਦੇ ਰਹੇ ਹਨ ਅਤੇ ਉਹ ਬਿਆਨ ਦਿੰਦੇ ਰਹੇ ਹਨ ਕਿ ਵਿਦੇਸ਼ੀ ਬਹੁਕੌਮੀ ਕਾਰਪੋਰੇਸ਼ਨ ਲਈ ਭਾਰਤ ਅੰਦਰ ਨਿਵੇਸ਼ ਕਰਨ ਲਈ ਸੋਖ ਦਾ ਦਰਜਾ ਹੇਠੋਂ 130 ਤੋਂ ਚੁੱਕ ਕੇ ਪਹਿਲਾਂ 100 ਅਤੇ ਫਿਰ 50 ਤੱਕ ਪਹੁੰਚਾਉਣਾ ਹੈ। ਇਹ ਤਾਂ ਹੀ ਸੰਭਵ ਹੈ ਜੇ ਕਰ ਵਿਦੇਸ਼ੀ ਨਿਵੇਸ਼ ਲਈ ਭਾਰਤ ਦੀ ਮੰਡੀ ਖੋਲ ਦਿੱਤੀ ਜਾਵੇ ਅਤੇ ਇਹ ਤਾਂ ਹੀ ਸੰਭਵ ਹੈ ਜੇ ਭਾਰਤ 'ਚ ਵਿਦੇਸ਼ੀ ਕੰਪਨੀਆਂ ਦੇ ਨਿਵੇਸ਼ ਲਈ ਸਾਰੀਆਂ ਰੋਕਾਂ ਹਟਾ ਦਿੱਤੀਆਂ ਜਾਣ। ਇਹ ਤਾਂ ਹੀ ਸੰਭਵ ਹੈ ਜੇ ਸਰਕਾਰੀ ਅਨਾਜ ਭੰਡਾਰੀਕਰਨ ਲਈ ਬਣਾਈਆਂ ਫੂਡ ਕਾਰਪੋਰੇਸ਼ਨ ਵਰਗੀਆਂ ਸੰਸਥਾਵਾਂ ਦਾ ਭੋਗ ਪਾ ਦਿੱਤਾ ਜਾਵੇ ਅਤੇ ਘੱਟੋ ਘੱਟ ਸਹਾਇਕ ਮੁੱਲ, ਜਿਸ ਨੂੰ ਅਮਰੀਕਾ ਵਰਗੇ ਸਾਮਰਾਜੀ ਮੁਲਕ ਖੁੱਲੀ ਮੰਡੀ ਦੇ ਸੰਕਲਪ ਦੇ ਉਲਟ ਸਮਝਦੇ ਹਨ ਅਤੇ ਇਸ ਨੂੰ ਮੰਡੀ ਦੀਆਂ ਸ਼ਕਤੀਆ ਲਈ ਰੁਕਾਵਟ ਮੰਨਦੇ ਹਨ, ਨੂੰ ਖ਼ਤਮ ਕੀਤਾ ਜਾਵੇ। ਸੰਕਲਪ ਦੇ ਪੱਧਰ ਭਾਰਤ ਆਗੂ ਵੀ ਸਾਮਰਾਜੀ ਦੇਸ਼ਾਂ ਦੀਆਂ ਨੀਤੀਆਂ ਦਿਸ਼ਾ ਨਿਰਦੇਸ਼ਾਂ ਤਹਿਤ ਚੱਲਣ ਕਰਕੇ ਇਹ ਵੀ ਸਾਮਰਾਜੀ ਦੇਸ਼ਾਂ ਨਾਲ ਸਹਿਮਤ ਹਨ। ਇਸੇ ਕਰਕੇ ਹੁਣ ਵਿਸ਼ਵ ਵਪਾਰ ਸੰਸਥਾ ਦੀ ਨੈਰੋਬੀ ਕਾਨਫਰੰਸ ਅੰਦਰ ਉਹ ਇੱਕ ਦ੍ਰਿੜ ਸਟੈਂਡ ਨਹੀਂ ਲੈ ਸਕੇ। ਇਸੇ ਕਰਕੇ ਉਹ ਮੰਤਰੀਆਂ ਪੱਧਰ ਦੀ ਇੰਡੋਨੇਸ਼ੀਆ ਦੇ ਬਾਲੀ ਸ਼ਹਿਰ ਅੰਦਰ ਹੋਈ ਕਾਨਫਰੰਸ ਸਮੇਂ ਖੇਤੀ ਸਬਸਿਡੀਆਂ ਲਈ ਵਿਸ਼ਵ ਵਪਾਰ ਸੰਸਥਾ 'ਚ ਰੱਖਿਆ ਗਿਆ ਕਮਜ਼ੋਰ ਜਿਹਾ 'ਸ਼ਾਂਤੀ ਉਪਬੰਧ' 'ਤੇ ਪਹਿਰਾ ਵੀ ਨਹੀਂ ਦੇ ਸਕੇ ਜਿਸ ਮੁਤਾਬਿਕ ਵਿਕਾਸਸ਼ੀਲ ਅਤੇ ਗ਼ਰੀਬ ਮੁਲਕ ਲੋੜ ਪੈਣ 'ਤੇ 2017 ਤੱਕ 10 ਪ੍ਰਤੀਸ਼ਤ ਤੋਂ ਕੁਝ ਵੱਧ ਸਬਸਿਡੀ ਦੇ ਸਕਦੇ ਸਨ। ਇਸ ਉਪਬੰਧ ਦਾ ਹੱਲ ਵਿਸ਼ਵ ਵਪਾਰ ਸੰਸਥਾ ਦੀਆਂ ਭਵਿੱਖ ਦੀਆਂ ਮੀਟਿੰਗਾਂ 'ਚ ਕਰਨ ਤੈਅ ਕੀਤਾ ਗਿਆ ਸੀ। ਪਰ ਭਾਰਤ ਨੇ ਇਸ ਉਪਬੰਧ ਬਾਰੇ ਵੀ ਨੈਰੋਬੀ ਕਾਨਫਰੰਸ 'ਚ ਚੁੱਪ ਧਾਰ ਲਈ ਹੈ। ਭਾਰਤ ਨੇ ਕੇਵਲ ਸ਼ਾਤੀ ਉਪਬੰਧ ਉੱਤੇ ਹੀ ਨਹੀਂ ਸਗੋਂ ਖਾਧ ਸੁਰੱਖਿਆ ਲਈ ਭੰਡਾਰੀਕਰਨ, ਘੱਟੋ ਘੱਟ ਸਹਾਇਕ ਮੁੱਲ ਅਤੇ ਸਬਸਿਡੀਆਂ 'ਤੇ ਵੀ ਜ਼ਿਆਦਾ ਜ਼ੋਰ ਨਹੀਂ ਦਿੱਤਾ। ਵਿਸ਼ਵ ਵਪਾਰ ਸੰਸਥਾ ਦੀਆਂ ਪਿਛਲ਼ੀਆਂ ਕਾਨਫਰੰਸਾਂ ਵਿਚ ਵੀ ਭਾਵੇਂ ਭਾਰਤ ਹਮੇਸ਼ਾ ਲਿਫਦਾ ਰਿਹਾ ਹੈ ਪਰ ਨੈਰੋਬੀ ਦੀ ਮੌਜੂਦਾ ਕਾਨਫਰੰਸ ਵਿੱਚ ਭਾਰਤ ਦੀ ਕਾਰਗੁਜਾਰੀ ਪਿਛਲੀਆਂ ਸਾਰੀਆਂ ਮੀਟਿੰਗਾਂ ਤੋਂ ਮਾੜੀ ਰਹੀ ਹੈ। ਭਾਰਤ ਕੋਲ ਇਸ ਕਾਨਫਰੰਸ ਵਿੱਚੋਂ ਮਾਨ-ਸਨਮਾਨ ਨਾਲ ਕਹਿਣ ਕੋਈ ਗੱਲ ਨਹੀਂ ਅਤੇ ਭਾਰਤ ਇਸ ਕਾਨਫਰੰਸ ਵਿੱਚੋਂ ਬੁਰੀ ਤਰਾਂ ਖਾਲੀ ਹੱਥ ਮੁੜਿਆ ਹੈ। ਨੈਰੋਬੀ ਪੈਕੇਜ਼ ਵਿੱਚੋਂ ਨਿਰਾਸ਼ ਹੋਈ ਵਣਜ ਮੰਤਰੀ ਨਿਰਮਲਾ ਸੀਤਾਰਮਨ ਨੇ ਆਪਣਾ ਮੂੰਹ ਰੱਖਣ ਲਈ ਭਾਰਤ ਦੇ ਵਿਸ਼ਵ ਵਪਾਰ ਸੰਸਥਾ ਦੇ ਸਥਾਈ ਪ੍ਰਤੀਨਿੱਧ ਅੰਜਲੀ ਪ੍ਰਸ਼ਾਦ ਵੱਲੋਂ ਆਪਣੇ ਕੋਲੋਂ ਵਿਸ਼ਵ ਵਪਾਰ ਸੰਸਥਾ ਦੇ ਡਾਇਰੈਕਟਰ ਜਨਰਲ ਰੋਬਰਟੋ ਐਜੇਵੇਡੋ ਨੂੰ ਨੈਰੋਬੀ ਮੀਟਿੰਗ ਦੇ ਸਮਾਪਤੀ ਪਲ਼ੈਨਰੀ ਵਿੱਚ ਇੱਕ ਪੱਤਰ ਰਖਵਾਇਆ ਹੈ ਜਿਸ 'ਚ ਉਸ ਨੇ ਨੈਰੋਬੀ ਮੀਟਿੰਗ 'ਤੇ ਨਿਰਾਸ਼ਤਾ ਦਾ ਪ੍ਰਗਟਾਵਾ ਕੀਤਾ ਹੈ। ਇਸ ਪੱਤਰ ਵਿੱਚ ਕਿਹਾ ਗਿਆ ਹੈ ਕਿ ਮੰਤਰੀਆਂ ਪੱਧਰ ਦੀ ਮੀਟਿੰਗ 'ਚ ਜੋ ਵਿਚਾਰ ਵਟਾਂਦਰਾ ਹੋਇਆ ਹੈ, ਇਸ ਨੂੰ ਅਗਲੀਆਂ ਹੋਰ ਮੀਟਿੰਗਾਂ 'ਚ ਅੱਗੇ ਵਧਾਉਣਾ ਚਾਹੀਦਾ ਹੈ।

ਜਵਾਹਰ ਲਾਲ ਯੂਨੀਵਰਸਿਟੀ ਦੇ ਪ੍ਰੋਫੈਸਰ ਅਤੇ ਵਪਾਰਕ ਮਾਹਰ ਬਿਸਵਾਜੀਤ ਧਰ ਨੇ ਕਿਹਾ ਕਿ ਦੋਹਾ ਗੇੜ ਨੂੰ ਜਾਰੀ ਰੱਖਣ 'ਤੇ ਆਮ-ਸਹਿਮਤੀ ਨਾ ਬਣਨ ਅਤੇ ਵਿਕਸਤ ਦੇਸ਼ਾਂ ਵੱਲੋਂ ਇਹ ਸਪੱਸ਼ਟ ਪੁਜੀਸ਼ਨ ਲੈਣ ਕਿ ਉਹ ਦੋਹਾ ਗੇੜ ਹੋਰ ਅੱਗੇ ਨਹੀਂ ਲਮਕਾਉਣਾ ਚਾਹੁੰਦੇ, ਇਸ ਦਾ ਅਸਲੀ ਅਰਥ ਇਹ ਹੈ ਕਿ ਦੋਹਾ ਗੇੜ ਨੈਰੋਬੀ ਵਿੱਚ ਖ਼ਤਮ ਹੋ ਗਿਆ ਹੈ। ਟੱਫਟਸ ਯੂਨੀਵਰਸਿਟੀ ਦੇ ਟਿਮੋਥੀ ਏ ਵਾਈਜ਼ ਜੋ ਵਿਸ਼ਵ ਵਿਕਾਸ ਅਤੇ ਵਾਤਾਵਰਨ ਸੰਸਥਾ ਦਾ ਰਿਸਰਚ ਡਾਇਰੈਕਟਰ ਹੈ, ਨੇ ਕਿਹਾ ਹੈ ਕਿ ਨੈਰੋਬੀ ਮੰਤਰੀ ਪੱਧਰੇ ਐਲਾਨਾਮੇ ਨੇ .. ਅਮਰੀਕਾ ਦੇ ਬਜਿਦ ਸੁਝਾਵਾਂ ਅੱਗੇ ਝੁਕ ਕੇ ਦੋਹਾ ਦੇ ਮੁੱਦੇ ਵਿਸਾਰ ਦਿੱਤੇ ਗਏ ਹਨ। ਇਸ ਨੇ ਅਮਰੀਕਾ ਦੇ ਆਪਣੇ ਵਪਾਰਕ ਹਿੱਤਾਂ ਦੇ ਪੱਖ ਦੇ ਮੁੱਦਿਆਂ ਲਈ ਰਸਤਾ ਖੋਲ ਦਿੱਤਾ ਹੈ। ਅਸਲ 'ਚ ਵਿਕਾਸਸ਼ੀਲ ਅਤੇ ਗ਼ਰੀਬ ਦੇਸ਼ ਉਨਾਂ ਚਿਰ ਤੱਕ ਦੋਹਾ ਗੇੜ ਨੂੰ ਜਾਰੀ ਰੱਖਣਾ ਚਾਹੁੰਦੇ ਸਨ ਜਿਨਾਂ ਚਿਰ ਗ਼ਰੀਬ ਕਿਸਾਨਾਂ ਅਤੇ ਖਾਧ ਸਮੱਸਿਆ ਦੇ ਮੁੱਦੇ ਹੱਲ ਨਹੀਂ ਹੋ ਜਾਂਦੇ। ਪਰ ਅਮੀਰ ਦੇਸ਼ ਦੋਹਾ ਗੇੜ ਨੂੰ ਖ਼ਤਮ ਕਰਨਾ ਚਾਹੁੰਦੇ ਸਨ ਅਤੇ ਉਹ ਆਪਣੇ ਹਿੱਤਾਂ ਨੂੰ ਅੱਗੇ ਵਧਾਉਣ ਵਾਲੇ ਨਵੇਂ ਮੁੱਦੇ ਲਿਆਉਣੇ ਚਾਹੁੰਦੇ ਸਨ। ਇਸ ਕਰਕੇ ਅਮੀਰ ਦੇਸ਼ਾਂ ਨੇ ਵਿਕਾਸਸ਼ੀਲ਼ ਅਤੇ ਗ਼ਰੀਬ ਦੇਸ਼ਾਂ ਨਾਲ ਤਰਾਂ ਤਰਾਂ ਦੀਆਂ ਚਾਲਾਂ ਚੱਲ ਕੇ ਦੋਹਾ ਗੇੜ ਦਾ, ਬਿਨਾਂ ਵਿਕਾਸਸ਼ੀਲ ਅਤੇ ਗ਼ਰੀਬ ਦੇਸ਼ਾਂ ਦੀਆਂ ਸਮੱਸਿਆਵਾ ਨੂੰ ਸੰਬੋਧਿਤ ਹੋਇਆਂ, ਭੋਗ ਪਾ ਦਿੱਤਾ ਹੈ।

ਦਰਅਸਲ ਦੋਹਾ ਗੇੜ ਦਾ ਭੋਗ ਪਾਉਣ ਲਈ ਕੇਵਲ ਅਮੀਰ ਦੇਸ਼ ਹੀ ਜ਼ਿੰਮੇਂਵਾਰ ਨਹੀਂ ਹਨ। ਵਿਕਾਸਸ਼ੀਲ ਦੇਸ਼ਾਂ ਨੇ ਸਾਮਰਾਜੀ ਛਤਰਛਾਇਆ ਹੇਠ ਜੋ ਪੂੰਜੀਵਾਦੀ ਵਿਕਾਸ ਦਾ ਰਸਤਾ ਅਖਤਿਆਰ ਕੀਤਾ ਹੈ, ਇਹ ਮਾਡਲ ਉਨਾਂ ਨੇ ਅਮੀਰ ਮੁਲਕਾਂ ਦੀ ਨਕਲ ਕਰਕੇ ਅਪਣਾਇਆ ਹੈ। ਇਸ ਪੂੰਜੀਵਾਦੀ ਮਾਡਲ ਅਧੀਨ ਸ਼ਹਿਰੀਕਰਨ ਨੂੰ ਵਿਕਾਸ ਦਾ ਪੈਮਾਨਾ ਸਮਝਿਆ ਜਾਂਦਾ ਹੈ ਅਤੇ ਇਸ ਕਰਕੇ ਪਛੜੇ ਮੁਲਕ ਵੀ ਸ਼ਹਿਰੀਕਰਨ 'ਤੇ ਜ਼ੋਰ ਦੇ ਰਹੇ ਹਨ। ਉਦਾਹਰਨ ਲਈ ਭਾਰਤ ਅੰਦਰ ਯੂਪੀਏ ਅਤੇ ਐਨਡੀਏ ਸਰਕਾਰਾਂ ਸ਼ਹਿਰੀਕਰਨ 'ਤੇ ਜ਼ੋਰ ਦਿੰਦੀਆਂ ਹਨ ਅਤੇ ਮੋਦੀ ਸਰਕਾਰ ਤਾਂ ਵੱਡੇ ਪੈਮਾਨੇ 'ਤੇ ਸਮਾਰਟ ਸਿਟੀ ਦਾ ਸੰਕਲਪ ਲੈ ਕੇ ਚੱਲ ਰਹੀ ਹੈ। ਸ਼ਹਿਰੀਕਰਨ ਪੇਂਡੂ ਵਸੋ ਨੂੰ ਉਜਾੜੇ ਬਿਨਾਂ ਨਹੀਂ ਹੋ ਸਕਦਾ। ਪੇਂਡੂ ਵਸੋਂ ਦਾ ਉਜਾੜਾ ਖੇਤੀ ਦਾ ਉਜਾੜਾ ਕੀਤੇ ਬਿਨਾਂ ਨਹੀਂ ਹੋ ਸਕਦਾ। ਅਜਿਹਾ ਕਰਨ ਲਈ ਗ਼ਰੀਬ ਕਿਸਾਨੀ ਅਤੇ ਪੇਂਡੂ ਮਜ਼ਦੂਰਾਂ ਨੂੰ ਉਜਾੜਨਾ ਜ਼ਰੂਰੀ ਹੈ। ਇਹੀ ਕਾਰਨ ਭਾਰਤ ਦੀਆਂ ਹਾਕਮ ਜਮਾਤਾਂ ਇੱਕ ਪਾਸੇ ਗ਼ਰੀਬ ਕਿਸਾਨੀ ਅਤੇ ਪੇਂਡੂ ਮਜ਼ਦੂਰਾਂ ਲਈ ਹਾਅ ਦਾ ਨਾਹਰਾ ਮਾਰ ਰਹੀਆਂ ਹਨ ਅਤੇ ਦੂਜੇ ਪਾਸੇ ਸਰਕਾਰੀ ਅਨਾਜ ਭੰਡਾਰਨ, ਘਟੋ ਘੱਟ ਸਹਾਇਕ ਮੁੱਲ ਖ਼ਤਮ ਕਰਨ ਜਾਂ ਫਸਲਾਂ ਦੇ ਭਾਅ ਸਸਤੇ ਰੱਖ ਕੇ ਸਬਸਿਡੀਆਂ ਖ਼ਤਮ ਕਰ ਰਹੀ ਹੈ। ਜਿਸ ਦੇ ਸਿੱਟੇ ਵਜੋਂ ਕਿਸਾਨੀ ਦਿਨੋ ਦਿਨ ਕਰਜਾਈ ਹੋ ਰਹੀ ਹੈ ਅਤੇ ਕਿਸਾਨ-ਮਜ਼ਦੂਰ ਖੁਦਕੁਸ਼ੀਆਂ ਕਰ ਰਹੇ ਹਨ। ਹੁਣ ਨੈਰੋਬੀ ਕਾਨਫਰੰਸ ਅੰਦਰ ਤਾਂ ਕਿਸਾਨੀ ਮੁੱਦਿਆਂ ਅਤੇ ਸਮੱਸਿਆਵਾਂ ਨੂੰ ਵਿਸਾਰ ਦਿੱਤਾ ਗਿਆ ਹੈ। ਇਸ ਤਰਾਂ ਵਿਸ਼ਵ ਵਪਾਰ ਸੰਸਥਾ ਦੀ ਨੈਰੌਬੀ ਕਾਨਫਰੰਸ ਕਿਸਾਨਾਂ ਅਤੇ ਪੇਂਡੂ ਮਜ਼ਦੂਰਾਂ ਲਈ ਮਾਰੂ ਹੱਲਾ ਲੈ ਕੇ ਆਈ ਹੈ।

## ਵਿਦਿਆਰਥੀਆਂ 'ਚ ਸਾਹਿਤਕ ਰੁਚੀ ਵਿਕਸਤ ਕਰਨ ਦਾ ਸ਼ਲਾਘਾਯੋਗ ਯਤਨ




ਸੰਤ ਬਾਬਾ ਅਤਰ ਸਿੰਘ ਪਬਲਿਕ ਸੀਨੀ. ਸੈਕੰ. ਸਕੂਲ, ਹਰਿਆਊ (ਲਹਿਰਾਗਾਗਾ) ਵੱਲੋਂ ਮਾ. ਰਣਦੀਪ ਸੰਗਤਪੁਰਾ ਦੀ ਮੁੱਖ ਸੰਪਾਦਨਾ ਹੇਠ ਸਕੂਲ ਮੈਗਜ਼ੀਨ 'ਚਿਰਾਗ' ਦਾ ਸਾਲਾਨਾ ਅੰਕ ਪ੍ਰਕਾਸ਼ਿਤ ਕੀਤਾ ਗਿਆ ਹੈ। ਸਕੂਲ ਮੈਗਜ਼ੀਨ ਵਿਦਿਆਰਥੀਆਂ ਦੇ ਭਵਿੱਖ ਵਿੱਚ ਸਥਾਪਤ ਲੇਖਕ ਬਣਨ ਦਾ ਆਧਾਰ ਹੁੰਦਾ ਹੈ। ਆਪਣੀਆਂ ਭਾਵਨਾਵਾਂ ਅਤੇ ਵਿਚਾਰਾਂ ਨੂੰ ਲਿਖਤੀ ਰੂਪ ਦੇਣਾ ਵੀ ਇੱਕ ਕਲਾ ਹੈ। ਇਹ ਕਲਾ ਅਭਿਆਸ ਮੰਗਦੀ ਹੈ, ਅਭਿਆਸ ਨਾਲ ਹੁਨਰ ਬਣ ਜਾਂਦੀ ਹੈ। ਵਿਦਿਆਰਥੀ ਰਚਨਾਵਾਂ ਉਹਨਾਂ ਦੀ ਸੋਚ ਦਾ ਚਿੱਤਰ ਉਲੀਕਦੀਆਂ ਹਨ। ਵਿਦਿਆਰਥੀ ਆਪਣੀਆਂ ਰਚਨਾਵਾਂ ਦੇ ਖਰੜੇ ਵਿੱਚ ਜਦੋਂ ਸੋਧ ਕਰਦਿਆਂ ਉਹਨਾਂ ਨੂੰ ਹੋਰ ਉਚ ਪਾਏ ਦੀਆਂ ਬਣਾਉਣ ਦਾ ਯਤਨ ਕਰਦੇ ਹਨ, ਤਾਂ ਰਚਨਾਵਾਂ 'ਚ ਸੁਧਾਰ ਦੇ ਨਾਲ ਨਾਲ ਉਹਨਾਂ ਦਾ ਬੌਧਿਕ ਵਿਕਾਸ ਵੀ ਹੁੰਦਾ ਹੈ। ਇਸ ਮੈਗਜ਼ੀਨ ਵਿੱਚ ਸਕੂਲ ਦੇ ਵਿਦਿਆਰਥੀਆਂ ਦੀਆਂ ਰਚਨਾਵਾਂ ਛਾਪਕੇਉਹਨਾਂ ਵਿੱਚ ਸਾਹਿਤ ਪ੍ਰਤੀ ਪ੍ਰੇਮ ਪੈਦਾ ਕਰਨ ਦੀ ਕੋਸ਼ਿਸ ਕੀਤੀ ਗਈ ਹੈ। ਅਸਲ ਵਿੱਚ 'ਚਿਰਾਗ' ਦਾ ਸਬੰਧ ਹੀ ਚਾਨਣ ਨਾਲ ਹੈ, ਜੋ ਬੱਚਿਆਂ ਵਿੱਚ ਪੜ੍ਹਾਈ, ਖੇਡਾਂ, ਤੇ ਮਨੋਰੰਜਨ ਦੇ ਨਾਲ ਨਾਲ ਸਾਹਿਤਕ ਰੁਚੀਆਂ ਵੀ ਵਿਕਸਤ ਕਰ ਰਿਹਾ ਹੈ। ਇਸ ਵਿੱਚ ਬ੍ਹਾਰਵੀਂ ਸ਼੍ਰੇਣੀ ਤੱਕ ਦੇ ਵਿਦਿਆਰਥੀਆਂ ਦੀਆਂ ਕਵਿਤਾਵਾਂ, ਕਹਾਣੀਆਂ, ਬੁਝਾਰਤਾਂ, ਲੇਖ ਆਦਿ ਛਾਪੇ ਗਏ ਹਨ। ਵਿਦਿਆਰਥੀਆਂ ਦੀਆਂ ਰਚਨਾਵਾਂ ਨੂੰ ਪੜ੍ਹਕੇ ਪਤਾ ਲੱਗਦਾ ਹੈ ਕਿ ਬੱਚਿਆਂ ਵਿੱਚ ਰਚਨਾਤਮਕਤਾ ਦੇ ਨਾਲ ਨਾਲ ਸਮਾਜਿਕ ਸੂਝ ਵੀ ਹੈ। ਆਸ ਹੈ ਕਿ ਇਸ ਸਕੂਲ ਦੇ ਉਦੱਮ ਤੋਂ ਹੋਰ ਸਕੂਲ ਵੀ ਪ੍ਰੇਰਨਾ ਲੈ ਕੇ ਅਜਿਹੇ ਉਪਰਾਲੇ ਕਰਨਗੇ, ਜੋ ਵਿਦਿਆਰਥੀਆਂ ਵਿੱਚ ਸਾਹਿਤਕ ਰੁਚੀਆਂ ਪੈਦਾ ਕਰਨ ਲਈ ਲਾਹੇਵੰਦ ਹੋਣਗੇ।

– ਮਨਵੀਰ ਕੌਰ

# ਭਾਰਤੀ ਗਣਰਾਜ ਦੇ 66 ਵਰ੍ਹੇ ਅਤੇ ਪੇਂਡੂ ਵੱਸੋਂ ਦੀ ਹਾਲਤ





ਗੁਰਮੀਤ ਸਿੰਘ ਪਲਾਹੀ

26 ਜਨਵਰੀ 2016 ਨੂੰ ਭਾਰਤ 'ਚ ਗਣਤੰਤਰ ਲਾਗੂ ਹੋਇਆਂ 66 ਵਰ੍ਹੇ ਹੋ ਗਏ ਹਨ। 26 ਜਨਵਰੀ 1950 ਨੂੰ ਭਾਰਤ ਸਰਕਾਰ ਦੇ ਐਕਟ 1935 ਦੀ ਥਾਂ ਭਾਰਤੀ ਸੰਵਿਧਾਨ ਲਾਗੂ ਹੋਇਆ ਸੀ। ਇਸ ਸੰਵਿਧਾਨ ਨੂੰ 26 ਜਨਵਰੀ 1949 ਨੂੰ ਭਾਰਤੀ ਸੰਵਿਧਾਨ ਅਸੰਬਲੀ ਵੱਲੋਂ ਪ੍ਰਵਾਨ ਕੀਤਾ ਗਿਆ ਸੀ। ਸੰਵਿਧਾਨ ਵਿੱਚ ਹਰ ਨਾਗਰਿਕ ਨੂੰ ਬਰਾਬਰ ਦੇ ਅਧਿਕਾਰ ਦਿੱਤੇ ਗਏ। ਇਹ ਅਧਿਕਾਰ ਪੇਂਡੂਆਂ ਲਈ ਵੀ ਉਹੋ ਜਿਹੇ ਮਿੱਥੇ ਗਏ, ਜਿਹੋ ਜਿਹੇ ਸ਼ਹਿਰੀਆਂ ਲਈ। ਇਹ ਅਧਿਕਾਰ ਗ਼ਰੀਬ, ਅਮੀਰ, ਕਿਸੇ ਵੀ ਧਰਮ, ਕਿਸੇ ਵੀ ਜਾਤ-ਬਰਾਦਰੀ ਲਈ, ਹਰੇਕ ਔਰਤ-ਮਰਦ ਲਈ ਇੱਕੋ ਜਿਹੇ ਕਹੇ ਗਏ। ਹਰ ਇੱਕ ਦੇ ਵਧਣ-ਫੁੱਲਣ, ਬੋਲਣ, ਆਜ਼ਾਦ ਭਾਰਤ 'ਚ ਸਹੂਲਤਾਂ ਪ੍ਰਾਪਤ ਕਰਨ, ਕਨੂੰਨ ਅਨੁਸਾਰ ਇਨਸਾਫ ਪ੍ਰਾਪਤੀ ਦੀ ਗੱਲ ਭਾਰਤੀ ਸੰਵਿਧਾਨ ਦਾ ਧੁਰਾ ਮਿੱਥੀ ਗਈ। ਕੀ ਦੇਸ਼ ਦਾ ਪਿੰਡ, ਦੇਸ਼ ਦਾ ਪੇਂਡੂ ਮਰਦ-ਔਰਤ ਦੇਸ਼ ਦੇ ਗਣਤੰਤਰ ਦੇ ਲਾਗੂ ਹੋਣ ਦੇ 66 ਵਰ੍ਹਿਆਂ ਬਾਅਦ ਸਮਾਨਤਾ ਦੇ ਹੱਕ ਪ੍ਰਾਪਤ ਕਰ ਸਕਿਆ?

ਅੱਜ ਦੇਸ਼ ਦੇ ਵਿੱਚ 28 ਕਰੋੜ ਲੋਕ ਕੋਰੇ ਅਨਪੜ੍ਹ ਹਨ। ਦੇਸ਼ ਦੇ 46.5 ਫ਼ੀਸਦੀ ਲੋਕਾਂ ਦੇ ਘਰਾਂ ਦੀਆਂ ਫਰਸ਼ਾਂ ਕੱਚੀਆਂ ਹਨ ਅਤੇ ਸਿਰਫ਼ 29 ਫ਼ੀਸਦੀ ਲੋਕਾਂ ਦੇ ਘਰ ਕੰਕਰੀਟ ਵਾਲੇ ਹਨ। ਦੇਸ਼ 'ਚ 33.5 ਫ਼ੀਸਦੀ ਪਰਵਾਰਾਂ ਲਈ ਹਾਲੇ ਵੀ ਸਾਫ਼-ਸੁਥਰਾ ਪਾਣੀ ਉਪਲੱਬਧ ਨਹੀਂ। ਦੇਸ਼ ਦੇ 53.1 ਫ਼ੀਸਦੀ ਪਰਵਾਰਾਂ ਦੇ ਲੋਕ ਖੁੱਲ੍ਹੇ 'ਚ ਜੰਗਲ-ਪਾਣੀ ਜਾਂਦੇ ਹਨ। ਲੱਗਭੱਗ 31 ਫ਼ੀਸਦੀ ਘਰਾਂ 'ਚ ਰੋਸ਼ਨੀ ਲਈ ਮਿੱਟੀ ਦੇ ਤੇਲ ਦੀ ਵਰਤੋਂ ਕੀਤੀ ਜਾਂਦੀ ਹੈ। ਇਨ੍ਹਾਂ ਲੋਕਾਂ ਵਿੱਚ ਪੇਂਡੂ ਆਬਾਦੀ ਦੇ ਲੋਕ ਵੱਧ ਹਨ; ਉਹ ਪੇਂਡੂ ਆਬਾਦੀ, ਜਿਸ ਨੂੰ ਦੇਸ਼ ਦੇ ਨੇਤਾਵਾਂ, ਅਧਿਕਾਰੀਆਂ ਨੇ ਅਸਲੋਂ ਹੀ ਵਿਸਾਰ ਛੱਡਿਆ, ਅੱਖੋਂ-ਪਰੋਖੇ ਕਰ ਛੱਡਿਆ ਹੈ। ਕਾਗ਼ਜ਼ਾਂ ਵਿੱਚ ਵੱਡੇ ਅਧਿਕਾਰ ਦਿੱਤੇ, ਪਰ ਅਸਲੋਂ ਇਨ੍ਹਾਂ ਅਧਿਕਾਰਾਂ ਦੀ ਵਰਤੋਂ ਕਰਨ ਦੀ ਪੇਂਡੂਆਂ ਨੂੰ ਕਦੇ ਵੀ ਖੁੱਲ੍ਹ ਨਾ ਮਿਲੀ।

ਪਿੰਡ ਦੇ ਨਾਮ ਉੱਤੇ, ਪਿੰਡ ਦੇ ਵਿਕਾਸ ਦੇ ਨਾਮ ਉੱਤੇ ਦੇਸ਼ ਵਿੱਚ ਵੱਡੀਆਂ ਸਕੀਮਾਂ ਬਣੀਆਂ, ਪਰ ਪਿੰਡ ਨੂੰ ਵਧਣ-ਫੁੱਲਣ-ਪਲਰਣ ਦੀ ਕਦੇ ਵੀ ਖੁੱਲ੍ਹ ਨਾ ਦਿੱਤੀ ਗਈ। ਪਿੰਡ ਆਜ਼ਾਦੀ ਤੋਂ ਬਾਅਦ ਸੁੰਗੜ ਗਿਆ। ਪਿੰਡ ਦਾ ਆਪਣਾ ਨਿਆਂ ਢਾਂਚਾ ਉੱਖੜ ਗਿਆ। ਪਿੰਡ ਦੀ ਤਰਕ-ਸੰਗਤ ਅਰਥ-ਵਿਵਸਥਾ ਸਰਕਾਰੀ ਸੌੜੀਆਂ ਨੀਤੀਆਂ ਕਾਰਨ ਡਗਮਗਾ ਗਈ। ਖੇਤੀ ਰੁਲ-ਖੁਲ ਗਈ ਅਤੇ ਨਾਲ ਹੀ ਰੁਲ ਗਿਆ ਪੇਂਡੂ ਅਤੇ ਪੇਂਡੂ ਸੱਭਿਆਚਾਰ। ਪੇਂਡੂ ਖੇਤਾਂ ਉੱਤੇ ਜੋ ਮਾਣ ਕਰਦਾ ਸੀ, ਉਸ ਦਾ ਉਹ ਮਾਣ ਟੁੱਟ ਗਿਆ। ਗਿਰਵੀ ਰੱਖ ਲਿਆ ਪੇਂਡੂ ਨੂੰ, ਪਿੰਡ ਨੂੰ ਕਾਰਪੋਰੇਟ ਜਗਤ ਦੇ ਖੁੱਲ੍ਹੇ ਅਰਥਚਾਰੇ ਨੇ। ਖੁੱਲ੍ਹੇ-ਡੁੱਲ੍ਹੇ, ਖ਼ੁਸ਼ ਰਹਿਣੇ ਪੇਂਡੂ ਪਿੰਡ ਛੱਡਣ ਲਈ ਮਜਬੂਰ ਕਰ ਦਿੱਤੇ ਗਏ।

ਸਾਲ 2011 ਦੀ ਮਰਦਮ-ਸ਼ੁਮਾਰੀ ਦਰਸਾਉਂਦੀ ਹੈ ਕਿ 72.19 ਫ਼ੀਸਦੀ ਪੇਂਡੂ ਆਬਾਦੀ ਹੁਣ 68.84 ਫ਼ੀਸਦੀ ਰਹਿ ਗਈ ਹੈ ਅਤੇ 1991-2001 ਦੇ ਮੁਕਾਬਲੇ 2001 ਤੋਂ 2011 ਵਿੱਚ ਪੇਂਡੂ ਆਬਾਦੀ ਵਿੱਚ ਵਾਧਾ 5.9 ਫ਼ੀਸਦੀ ਘਟਿਆ ਹੈ। ਵਰਲਡ ਬੈਂਕ ਦੀ ਰਿਪੋਰਟ ਅਨੁਸਾਰ 2014 'ਚ ਦੇਸ਼ ਦੀ ਪੇਂਡੂ ਆਬਾਦੀ 67.63 ਫ਼ੀਸਦੀ ਰਹਿ ਗਈ। ਦੇਸ਼ ਦੇ 6,40,867 ਚਰਾਗ, ਬੇਚਿਰਾਗ ਪਿੰਡ ਹਨ, ਜਿੱਥੇ 2011 ਦੀ ਮਰਦਮ-ਸ਼ੁਮਾਰੀ ਅਨੁਸਾਰ 83, 30, 87, 662 ਲੋਕ ਰਹਿੰਦੇ ਸਨ।

ਦੇਸ਼ ਦੀ ਵੱਡੀ ਪੇਂਡੂ ਆਬਾਦੀ ਲਈ ਨਾ ਸ਼ਹਿਰਾਂ ਬਰਾਬਰ ਦੀ ਰੁਜ਼ਗਾਰ ਦੀ ਸੁਵਿਧਾ ਹੈ, ਨਾ ਪਿੰਡਾਂ ਵਿੱਚ ਸਾਵੀਆਂ ਸਿਹਤ, ਸਿੱਖਿਆ ਸਹੂਲਤਾਂ ਹਨ। ਪਿੰਡਾਂ 'ਚ ਨਾ ਸਾਫ਼-ਸੁਥਰੇ ਪੀਣ ਵਾਲੇ ਪਾਣੀ ਦਾ ਯੋਗ ਪ੍ਰਬੰਧ ਹੈ, ਨਾ ਗਲੀਆਂ, ਨਾਲੀਆਂ, ਰਸਤਿਆਂ ਦੀ ਸਫ਼ਾਈ ਦਾ। ਪਿੰਡਾਂ 'ਚ ਕੂੜੇ ਦੇ ਢੇਰ, ਸੀਵਰੇਜ ਦਾ ਖੁੱਲ੍ਹਾ ਪਾਣੀ ਬੀਮਾਰੀਆਂ ਦਾ ਕਾਰਨ ਬਣਦਾ ਹੈ। ਸਮੇਂ-ਸਮੇਂ ਸ਼ਹਿਰਾਂ ਦੇ ਬਰਾਬਰ ਦੀਆਂ ਸਹੂਲਤਾਂ ਪਿੰਡਾਂ ਨੂੰ ਦੇਣ ਦੀਆਂ ਸਕੀਮਾਂ ਸਰਕਾਰਾਂ ਵੱਲੋਂ ਬਣਾਈਆਂ ਗਈਆਂ, ਚਲਾਈਆਂ ਗਈਆਂ, ਪਰ ਕਦੇ ਵੀ ਸਿਰੇ ਨਹੀਂ ਚੜ੍ਹੀਆਂ। ਕੀ ਕਰੇਗਾ ਉਦੋਂ ਤੱਕ ਡਿਜੀਟਲ ਇੰਡੀਆ, ਜਦੋਂ ਤੱਕ ਪਿੰਡ 'ਚ ਬਿਜਲੀ ਹੀ ਨਹੀਂ? ਕੀ ਕਰੇਗਾ ਉਦੋਂ ਤੱਕ ਸਟਾਰਟ ਅੱਪ ਇੰਡੀਆ, ਜਦੋਂ ਪੇਂਡੂਆਂ ਦੇ ਪੱਲੇ ਕੋਈ ਵੀ ਛੋਟਾ-ਮੋਟਾ ਰੁਜ਼ਗਾਰ ਚਲਾਉਣ ਲਈ ਧਨ ਹੀ ਨਹੀਂ? ਕੀ ਕਰੇਗਾ ਸਵੱਛ ਇੰਡੀਆ, ਜਦੋਂ ਤੱਕ ਸਿਰ ਦੇ ਉੱਤੇ ਕੂੜਾ ਢੋਣ ਲਈ ਟੋਕਰੀ ਹੈ, ਹੱਥ 'ਚ ਸਿਰਫ਼ ਝਾੜੂ ਹਨ, ਸਫ਼ਾਈ ਲਈ ਕੋਈ ਮਸ਼ੀਨਰੀ ਹੀ ਨਹੀਂ?

ਕਹਿਣ ਨੂੰ ਤਾਂ ਪੇਂਡੂ ਵਿਕਾਸ ਲਈ ਪ੍ਰਧਾਨ ਮੰਤਰੀ ਗਰਾਮ ਵਿਕਾਸ ਸੜਕ ਯੋਜਨਾ, ਸਵਰਨ ਜਯੰਤੀ ਗ੍ਰਾਮ ਸਵਰਾਜ ਯੋਜਨਾ, ਇੰਦਰਾ ਅਵਾਸ ਯੋਜਨਾ, ਮਨਰੇਗਾ, ਅਜੀਵਿਕਾ ਜਿਹੀਆਂ ਯੋਜਨਾਵਾਂ ਪਿੰਡਾਂ 'ਚ ਰਿਹਾਇਸ਼ੀ ਘਰ, ਸੜਕਾਂ, ਰੁਜ਼ਗਾਰ ਦੇਣ ਲਈ ਬਣਾਈਆਂ ਗਈਆਂ, ਪਰ ਇਹ ਯੋਜਨਾਵਾਂ ਜ਼ਮੀਨੀ ਪੱਧਰ ਉੱਤੇ ਸਮੇਂ-ਸਮੇਂ ਬੁਰੀ ਤਰ੍ਹਾਂ ਫ਼ੇਲ੍ਹ ਹੋਈਆਂ। ਸਮਾਜਿਕ ਸੁਰੱਖਿਆ ਦੇ ਨਾਮ ਉੱਤੇ ਅਟਲ ਪੈਨਸ਼ਨ ਯੋਜਨਾ, ਆਮ ਆਦਮੀ ਬੀਮਾ ਯੋਜਨਾ, ਬੱਚਿਆਂ ਦੀ ਸਿਹਤ ਸੁਰੱਖਿਆ ਲਈ ਇੰਟੈਗਰੇਟਿਡ ਚਾਈਲਡ ਡਿਵੈਲਪਮੈਂਟ ਪ੍ਰੋਗਰਾਮ, ਸਮੂਹਿਕ ਪੇਂਡੂ ਵਿਕਾਸ ਲਈ ਸਮੂਹਿਕ ਪੇਂਡੂ ਵਿਕਾਸ ਪ੍ਰੋਗਰਾਮ ਦੇਸ਼ ਦੇ ਮਰ ਰਹੇ ਪਿੰਡ ਨੂੰ ਭੋਰਾ ਭਰ ਵੀ ਰਾਹਤ ਨਹੀਂ ਦੇ ਸਕੇ, ਕਿਉਂਕਿ ਕਦੇ ਵੀ ਪਿੰਡ ਦੀਆਂ ਮੁੱਢਲੀਆਂ ਲੋੜਾਂ ਉੱਤੇ ਆਧਾਰਤ, ਖਿੱਤੇ ਦੇ ਹਿਸਾਬ ਨਾਲ ਲੋੜੀਂਦੀਆਂ ਸਕੀਮਾਂ ਨਹੀਂ ਬਣਾਈਆਂ ਗਈਆਂ। ਕੀ ਦੁਨੀਆ ਦੀ ਦੂਜੀ ਸਭ ਤੋਂ ਵੱਡੀ ਕਾਮਾ-ਸ਼ਕਤੀ, ਜਿਸ ਵਿੱਚ ਵੱਡੀ ਗਿਣਤੀ ਪੇਂਡੂਆਂ ਦੀ ਹੈ, ਲਈ ਹੱਥੀਂ ਕਿੱਤਾ ਸਿਖਲਾਈ ਦਾ ਕੋਈ ਕਾਰਗਰ ਪ੍ਰੋਗਰਾਮ ਉਲੀਕਿਆ ਗਿਆ? ਕੀ ਪਿੰਡਾਂ 'ਚ ਲੋਕਾਂ ਲਈ ਸੌਖੀਆਂ, ਸਸਤੀਆਂ ਸਿਹਤ, ਸਿੱਖਿਆ ਸਹੂਲਤਾਂ ਦਾ ਪ੍ਰਬੰਧ ਕਦੇ ਸਰਕਾਰਾਂ ਵੱਲੋਂ ਕੀਤਾ ਗਿਆ? ਕੀ ਕਦੇ ਵੱਡੇ ਖੇਡ ਸਕੂਲ-ਕਾਲਜ ਪਿੰਡਾਂ ਦੇ ਨੌਜਵਾਨਾਂ ਦੀ ਸ਼ਕਤੀ ਦੀ ਸਹੀ ਸਰੀਰਕ ਵਰਤੋਂ ਲਈ ਖੋਲ੍ਹੇ ਗਏ? ਕੀ ਇੰਜ ਨਾ ਕਰਨਾ ਭਾਰਤੀ ਗਣਰਾਜ ਦੇ ਸੰਵਿਧਾਨ ਦੀ ਉਲੰਘਣਾ ਨਹੀਂ?

ਪਿੰਡਾਂ ਦੇ ਵਿਕਾਸ ਲਈ ਕਦੇ ਸਮਾਰਟ ਪਿੰਡ ਯੋਜਨਾ ਦਾ ਆਗਾਜ਼ ਕਰਨ ਦੀ ਗੱਲ ਕੀਤੀ ਗਈ, ਕਦੇ ਇੱਕ ਪਿੰਡ ਨੂੰ ਨਮੂਨੇ ਦਾ ਪਿੰਡ ਬਣਾ ਕੇ ਦੂਜੇ ਪਿੰਡਾਂ ਲਈ ਉਦਾਹਰਣ ਬਣਾਉਣਾ ਤੈਅ ਹੋਇਆ, ਕਦੇ ਸਾਂਸਦਾਂ ਵੱਲੋਂ ਹਲਕੇ ਦਾ ਇੱਕ ਪਿੰਡ ਚੁਣ ਕੇ ਉਸ ਨੂੰ ਆਦਰਸ਼ ਪਿੰਡ ਬਣਾਉਣ ਦਾ ਨਾਹਰਾ ਦਿੱਤਾ ਗਿਆ। ਕੀ ਇਨ੍ਹਾਂ ਨਾਹਰਿਆਂ ਨੂੰ ਅਮਲੀ ਜਾਮਾ ਪਹਿਨਾਇਆ ਜਾ ਸਕਿਆ? ਕੀ ਦੇਸ਼ ਦੇ ਪਿੰਡਾਂ ਦੀਆਂ ਬੁਨਿਆਦੀ ਲੋੜਾਂ, ਬੁਨਿਆਦੀ ਸਹੂਲਤਾਂ ਨੂੰ ਪੂਰਿਆਂ ਕਰਨ ਲਈ ਇੱਕਸਾਰਤਾ ਵਾਲੀ ਕੋਈ ਰਾਸ਼ਟਰੀ ਨੀਤੀ ਨਹੀਂ ਬਣਾਈ ਜਾ ਸਕਦੀ, ਜਿਸ ਦੀ ਮੁੱਢਲੀ ਇਕਾਈ ਪਿੰਡ ਹੋਵੇ, ਜਿਸ ਦੀ ਗ੍ਰਾਮ ਸਭਾ ਨੂੰ ਨਿਆਂਇਕ ਸ਼ਕਤੀਆਂ ਹਾਸਲ ਹੋਣ, ਯੋਜਨਾਵਾਂ ਨੂੰ ਪੂਰਿਆਂ ਕਰਨ ਲਈ ਲੋੜੀਂਦੇ ਸਥਾਨਕ ਜਾਂ ਸਰਕਾਰੀ ਫ਼ੰਡ ਉਸ ਨੂੰ ਮਿਲਣ ਅਤੇ ਜਿਨ੍ਹਾਂ ਉੱਤੇ ਅਫ਼ਸਰਸ਼ਾਹੀ ਅਤੇ ਮੁੱਠੀ ਭਰ ਲੋਕਾਂ ਦੀ ਵਿਸ਼ੇਸ਼ ਜਕੜ ਨਾ ਹੋਵੇ, ਜਿਵੇਂ ਕਿ ਹੁਣ ਪੰਚਾਇਤੀ ਰਾਜ ਲਾਗੂ ਕਰਨ ਦੇ ਨਾਮ ਉੱਤੇ ਕੀਤੀ ਗਈ ਹੈ, ਅਤੇ ਜਿਸ ਦਾ ਉਦੇਸ਼ ਰਾਜਨੀਤਕਾਂ ਵੱਲੋਂ ਪਿੰਡ ਦਾ ਵਿਕਾਸ ਕਰਨਾ ਨਹੀਂ, ਸਗੋਂ ਆਪਣਾ ਵੋਟ ਬੈਂਕ ਵਧਾਉਣਾ ਹੈ?

ਦੇਸ਼ ਦੀ ਮਜ਼ਬੂਤ ਇਕਾਈ ਪਿੰਡ ਅੱਜ ਟੁੱਟ ਰਿਹਾ ਹੈ। ਇਸ ਉੱਤੇ ਹੋਏ ਸਮਾਜਿਕ ਹਮਲਿਆਂ ਨੇ ਇਸ ਦਾ ਮੁੱਢਲਾ ਨਿਆਂਇਕ ਤਾਣਾ-ਬਾਣਾ ਤੋੜ ਦਿੱਤਾ ਹੈ। ਦੇਸ਼ ਦੇ ਪਿੰਡ ਦੇ ਵਿਕਾਸ ਦੀ ਕਹਾਣੀ ਹਾਲੇ ਸ਼ੁਰੂ ਹੀ ਨਹੀਂ ਹੋਈ, ਉਲਟਾ ਵਿਕਾਸ ਦੇ ਨਾਮ ਉੱਤੇ ਇਸ ਦਾ ਵਾਤਾਵਰਣ ਤਬਾਹ ਕੀਤਾ ਜਾ ਰਿਹਾ ਹੈ ਅਤੇ ਇਸ ਦੇ ਕੁਦਰਤੀ ਖ਼ਜ਼ਾਨਿਆਂ ਨੂੰ ਲੁੱਟਿਆ ਜਾ ਰਿਹਾ ਹੈ। ਅਨਪੜ੍ਹ ਪੇਂਡੂ ਲੋਕਾਂ ਦਾ ਬੁਰੀ ਤਰ੍ਹਾਂ ਸ਼ੋਸ਼ਣ ਹੋ ਰਿਹਾ ਹੈ ਅਤੇ ਸਰਕਾਰੀ ਤੰਤਰ ਤਮਾਸ਼ਬੀਨ ਬਣ ਕੇ ਇਹ ਸਭ ਵੇਖ ਰਿਹਾ ਹੈ। ਵੱਡੀਆਂ ਪੇਂਡੂ ਸਮਾਜਿਕ ਸਕੀਮਾਂ ਪੇਂਡੂ ਲੋਕਾਂ ਦੇ ਦਰ ਉੱਤੇ ਢੁੱਕਣ ਹੀ ਨਹੀਂ ਦਿੱਤੀਆਂ ਜਾ ਰਹੀਆਂ। ਇੰਜ ਭਾਰਤੀ ਗਣਤੰਤਰ ਵਿੱਚ ਪੇਂਡੂ ਲੋਕ ਵੱਡੀ ਬੇਇਨਸਾਫੀ ਦਾ ਸ਼ਿਕਾਰ ਹੋ ਰਹੇ ਹਨ। ਕੀ ਕੋਈ ਵੀ ਸਧਾਰਨ ਪੇਂਡੂ ਇਸ ਵੇਲੇ ਦੇਸ਼ ਦੀ ਉੱਚ ਅਦਾਲਤ ਵਿੱਚ ਇਨਸਾਫ ਲੈਣ ਲਈ ਜਾਣ ਦੇ ਸਮਰੱਥ ਹੈ? ਕੀ ਕੋਈ ਸਧਾਰਨ ਪੇਂਡੂ ਵੱਡੇ ਅਫ਼ਸਰਾਂ ਦੇ ਦਰ 'ਤੇ ਜਾ ਕੇ ਆਪਣੇ ਹੱਕਾਂ ਲਈ ਗੁਹਾਰ ਲਾਉਣ ਦਾ ਹੀਆ ਕਰਨ ਦੇ ਯੋਗ ਹੋਇਆ ਹੈ? ਕੀ ਭਾਰਤੀ ਲੋਕਤੰਤਰ 'ਚ ਆਮ ਲੋਕਾਂ ਦੀ, ਖ਼ਾਸ ਕਰ ਕੇ ਸਧਾਰਨ ਪੇਂਡੂਆਂ ਦੀ, ਆਵਾਜ਼ ਕਿਧਰੇ ਸੁਣਨ ਯੋਗ ਹੋ ਰਹੀ ਹੈ?

ਅੱਜ ਵੀ ਪਿੰਡ ਆਜ਼ਾਦੀ ਦੇ ਪਹਿਲਾਂ ਜਿਹੇ ਪਿੰਡਾਂ ਦੀ ਦਸ਼ਾ ਨਾਲੋਂ ਕਿਧਰੇ ਵੀ ਭਿੰਨ ਨਹੀਂ ਹੋ ਸਕਿਆ। ਪਿੰਡ ਦੀ ਗੱਲ ਸਰਕਾਰੇ-ਦਰਬਾਰੇ ਉਸ ਤਰ੍ਹਾਂ ਨਹੀਂ ਸੁਣੀ ਜਾ ਰਹੀ, ਜਿਸ ਦੀ ਤਵੱਕੋ ਪਿੰਡ ਨੇ, ਪੇਂਡੂਆਂ ਨੇ ਆਜ਼ਾਦੀ ਪ੍ਰਾਪਤੀ ਤੋਂ ਬਾਅਦ ਕੀਤੀ ਸੀ।

ਅਫ਼ਸਰਸ਼ਾਹੀ, ਸਰਕਾਰੀ ਤੰਤਰ ਨੂੰ ਪਾਰਦਰਸ਼ੀ ਅਤੇ ਜਵਾਬਦੇਹ ਬਣਾ ਕੇ ਹੀ ਗਣਤੰਤਰ ਭਾਰਤ ਦੇ ਬਰਾਬਰੀ ਦੇ ਸੰਦੇਸ਼ ਨੂੰ ਲਾਗੂ ਕਰਨ ਵਾਲੇ ਰਾਜਨੀਤਕ ਨੇਤਾ ਪੇਂਡੂ ਸਮਾਜ ਨੂੰ ਕੁਝ ਰਾਹਤ ਦੇ ਸਕਦੇ ਹਨ।

98158-02070









Punjab Insurance Inc

ਪੰਜਾਬ ਇੰਸ਼ੋਰੈਂਸ ਵੱਲੋਂ ਵੁੱਡਬਰਿਜ ਵਿਖੇ ਇਨਵੈਸਟਮੈਂਟ ਕਰਨ ਦਾ ਸੁਨਹਿਰੀ ਮੌਕਾ






PROJECT FEATURES

- Old Market Lane is a development on just under an acre land located in a 130 year old heritage neighbourhood with a strong cultural identity.
- Cityzen Development Group and its partner company Fernbrook Homes are a multifaceted Real Estate Developer and Builder. The company's outstanding management team, with extensive backgrounds in construction and development management, are focused on delivering complex and challenging masterpiece projects on time and on budget.

INVESTMENT FEATURES


- Face amount of your investment is fully Registered / Secured via a charge against the property "Unique Feature"
- Your investment has a defined term & fixed return
- No tradable units like mutual funds, segregated funds or limited partnerships (LP's)
- Available for purchase through Cash, RRSP, LIRA, LIF, RIF, RESP & TFSA to residents of **Ontario and Nova Scotia**



"We have worked on projects of varying scales. All of these projects have one thing in common - Collaboration. Our company's success was built on a partnering model and we look forward to continuing that same success with our new partner, Fortress." **Sam Crignano, President of Cityzen Developments.**

INVESTMENT SUMMARY

- Estimated Returns: 36%
- Investment Term: 3+years
- Minimum Subscription: $30,000
- Annual Fixed Distribution: 8% (Paid quarterly)
- Developer: Cityzen - Fernbrook



●TFSA ●RRSP ●CASH

YOU CAN GET 8% FIXED ANNUAL RETURN

ਇਕ ਸਾਲ ਦਾ 8% ਵਿਆਜ ਲਓ

| Principal $100,000 | Year 1 | Year 2 | Year 3 | Totals |
|---|---|---|---|---|
| Interest Paid Quarterly | $8000 | $8000 | $8000 | $24,000 |
| Principal Repayment | - | - | - | $100,000 |
| Deferred Lender Fee | - | - | 12%* | $12,000 |
| Total Inflow | - | - | - | $136,000 |

cityzen Fernbrook

SHERJANG SINGH RANA
PRESIDENT / CEO
416-910-9000
www.punjabinsurance.ca


Hilton
HOTELS & RESORTS
Punjab
Insurance Inc
INVESTMENT SUMMARY
RATE OF RETURN
INVESTMENT EXAMPLE
Principal $100,000
Year 1
Year 2
Totals
Total Inflow
WELCOME REALTORS, INSURANCE ADVISORS, MORTGAGE BROKERS, FINANCIAL PLANNERS AND ACCOUNTANTS AN INCOME STREAM THROUGH IN RRSP SEASON!!!
FMP Mortgage Investment Inc.
FORTRESS





ਡਾ. ਹਰਦੀਪ ਸਿੰਘ, ਗੁਐਲਫ਼, ਓਂਟਾਰੀਓ

## ਮਸਲਾ ਕੈਨੇਡਾ ਵਿੱਚ ਇਲਾਜ ਲਈ ਲੰਬੀ ਉਡੀਕ ਸੂਚੀ ਦਾ

# ਕੈਨੇਡੀਅਨ ਸਿਹਤ ਸੇਵਾ ਜਾਂ ਅਮਰੀਕਨ ਵਪਾਰ ਮਾਡਲ

ਕੈਨੇਡਾ ਸਿਹਤ ਪ੍ਰਣਾਲੀ ਤਹਿਤ ਇਲਾਜ ਲਈ ਲੰਬੀ ਉਡੀਕ ਸੂਚੀ ਕਾਰਣ ਲੋਕਾਂ ਅੰਦਰ ਅਸੰਤੋਸ਼ ਦੀ ਭਾਵਨਾ ਵਿਚਾਰ-ਚਰਚਾ ਵਿਚ ਹੈ ਅਤੇ ਵੱਖ-ਵੱਖ ਵਰਗਾਂ ਵਲੋਂ, ਵੱਖ-ਵੱਖ ਮੰਤਵ ਲਈ ਸਰਕਾਰ ਉਪਰ ਨੀਤੀਗਤ ਤਬਦੀਲੀ ਲਈ ਦਬਾਅ ਪਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਸਿਹਤ ਪ੍ਰਣਾਲੀ ਨੂੰ ਬਗੈਰ ਕਿਸੇ ਆਰਥਿਕ ਭੇਦ ਭਾਵ ਦੇ ਸਾਰਿਆਂ ਨੂੰ ਸਮਾਨਤਾ ਵਾਲੀ, ਜ਼ਿਆਦਾ ਜ਼ਰੂਰਤਮੰਦ ਮਰੀਜ਼ਾਂ ਨੂੰ ਪਹਿਲ ਦੇ ਆਧਾਰ ਵਾਲੀ, ਹੋਰ ਜ਼ਿਆਦਾ ਚੁਸਤ ਦਰੁਸਤ, ਬਣਾਉਣ ਦੇ ਉਦੇਸ਼ ਨਾਲ ਉਸਾਰੂ ਵਿਚਾਰਾਂ ਦਾ ਸਮਰਥਨ ਕਰਨਾ ਬਹੁਤ ਜ਼ਰੂਰੀ ਹੈ। ਬਹੁਤ ਸਾਰੇ ਵਰਗਾਂ ਵਲੋਂ ਇਸ ਗੱਲ ਦੀ ਵੀ ਪ੍ਰੋੜਤਾ ਕੀਤੀ ਜਾ ਰਹੀ ਹੈ ਕਿ ਕੈਨੇਡਾ ਨੂੰ ਵੀ ਯੂ. ਐਸ. ਏ. ਅਮਰੀਕਾ ਦੇ ਸਿਹਤ ਪ੍ਰਬੰਧ ਦੇ ਮਾਡਲ ਦੇ ਰਾਹ ਪੈ ਕੇ ਸਿਹਤ ਪ੍ਰਬੰਧਾਂ ਦੀ ਮੂਲ ਰੂਪ ਵਿਚ ਤਬਦੀਲੀ ਕਰਨੀ ਚਾਹੀਦੀ ਹੈ ਪਰ ਅਮਰੀਕਨ ਮਾਡਲ ਦੇ ਸਿਹਤ ਪ੍ਰਬੰਧ ਦੀ ਵਿਸਥਾਰਤ ਅਧਿਐਨ ਕੀਤੇ ਬਗੈਰ ਨਕਲ ਕਰਨਾ ਚੰਗਾ ਕਦਮ ਨਹੀਂ ਬਣਦਾ ਜਦਕਿ ਇਸ ਮਾਡਲ ਦੇ ਬਹੁਤ ਸਾਰੇ ਨਾਂਪੱਖੀ ਪੱਖ ਸਾਬਤ ਹੋ ਚੁੱਕੇ ਹਨ।

ਕੈਨੇਡਾ ਦੇ ਸਿਹਤ ਪ੍ਰਬੰਧਾਂ ਵਿਚ ਲੋਕ ਪੱਖੀ ਸੁਧਾਰਾਂ ਦੇ ਮੰਤਵ ਨਾਲ, ਉਡੀਕ ਸੂਚੀ ਸਮਾਂ ਛੋਟਾ ਕਰਨ ਦੇ ਸੁਝਾਅ ਲਈ ਕੈਨੇਡਾ ਦੇ ਮਾਹਿਰ ਡਾਕਟਰਾਂ ਦੀਆਂ ਜਥੇਬੰਦੀਆਂ ਵਲੋਂ 'ਵੇਟ ਟਾਇਮ ਅਲਾਇੰਸ' ਨਾਮ ਦੀ ਸੰਸਥਾ ਦਾ ਗਠਨ ਕੀਤਾ ਗਿਆ ਹੈ ਅਤੇ ਸਿਹਤ ਪ੍ਰਬੰਧਾਂ ਦਾ ਸਰਵੇ ਕਰਕੇ ਅਧਿਐਨ ਕਰਕੇ ਇੱਕ ਰਿਪੋਰਟ ਜਾਰੀ ਕੀਤੀ ਗਈ ਹੈ ਜਿਸ ਦਾ ਨਾਮ ਹੈ "ਅਲੀਮੀਨੇਟਿੰਗ ਕੋਡ ਗਰਿਡਲੋਕ ਇਨ ਕੈਨੇਡਾਸ ਹੈਲਥ ਕੇਅਰ ਸਿਸਟਮ" ਇਹ ਰਿਪੋਰਟ ਕੈਨੇਡਾ ਦੇ ਸਿਹਤ ਸੰਭਾਲ ਨੀਤੀ ਦੀ ਆਲੋਚਨਾਤਮਿਕ ਅਧਿਐਨ ਦਸਤਾਵੇਜ਼ ਬਣਦਾ ਹੈ। ਇਸ ਰਿਪੋਰਟ ਵਿਚ ਸੁਧਾਰ ਲਈ ਸਲਾਹਾਂ ਨਾਲ, ਯੋਗ ਵਿਉਂਤਬੰਦੀ ਲਈ ਕਾਫ਼ੀ ਅਧਿਐਨ ਸ਼ਾਮਲ ਹੈ। ਇਸ ਵਿਚ ਲੰਬੀ ਉਡੀਕ ਸੂਚੀ ਤੇ ਚਿੰਤਾ ਦਾ ਪ੍ਰਗਟਾਵਾ ਕਰਦੇ ਹੋਏ, ਸਿਹਤ ਪ੍ਰਬੰਧਾਂ ਦੇ ਪਸਾਰਾ ਕਰਕੇ ਇਸਨੂੰ ਸਾਰੇ ਲੋਕਾਂ ਲਈ ਹੋਰ ਵਰਤਣਯੋਗ ਬਣਾਉਣ, ਹਸਪਤਾਲ ਪ੍ਰਬੰਧਾਂ ਨੂੰ ਹੋਰ ਤੱਤਪਰ ਬਣਾਉਣਾ, ਸਭ ਲਈ ਇਕੋ ਜਿਹਾ ਕਿਫਾਇਤੀ ਉਪਲੱਬਧ ਬਣਾਉਣਾ ਸ਼ਾਮਲ ਹੈ। ਇਸ ਰਿਪੋਰਟ ਵਿਚ ਦੱਸਿਆ ਗਿਆ ਹੈ ਕਿ ਕੈਨੇਡਾ ਦੇ "ਸਸਕੈਚਵੈਨ ਸੂਬੇ" ਵਲੋਂ ਪਬਲਿਕ ਹਸਪਤਾਲਾਂ ਉਪਰ ਹੋਰ ਜ਼ਿਆਦਾ ਸਰਕਾਰੀ ਫੰਡਾਂ ਵਿਚ ਵਾਧਾ ਕਰਕੇ ਇਲਾਜ ਦੀ ਉਡੀਕ ਸੂਚੀ ਸਮੇਂ ਨੂੰ ਬਹੁਤ ਛੋਟਾ ਕਰਨ ਦਾ ਕਾਮਯਾਬ ਤਜ਼ਰਬਾ ਕੀਤਾ ਗਿਆ ਹੈ। ਇਸ ਤਜ਼ਰਬੇ ਦੇ ਪ੍ਰਬੰਧਾਂ ਰਾਹੀਂ ਰੈਫਰਲ ਪ੍ਰਬੰਧਾਂ ਨੂੰ ਇਕਜੁਟ ਕੀਤਾ ਗਿਆ, ਨਰਸਾਂ/ਡਾਕਟਰਾਂ ਦੇ ਕੰਮ ਸਟੇਸ਼ਨਾਂ ਦਾ ਪਸਾਰਾ ਕੀਤਾ ਗਿਆ ਜਿਸ ਨਾਲ ਮਰੀਜ਼ਾਂ ਦੇ ਇਲਾਜ ਵਿਚ ਤਸੱਲੀਬਖਸ਼ ਸੁਧਾਰ ਹੋਣ ਦੇ ਨਾਲ ਨਾਲ ਉਡੀਕ ਸੂਚੀ ਸਮਾਂ ਵੀ ਘੱਟ ਹੋਇਆ। ਚਾਹੇ 'ਵੇਟ ਟਾਇਮ ਅਲਾਇੰਸ' ਰਿਪੋਰਟ ਦਾ ਮਕਸਦ ਸਿਹਤ ਪ੍ਰਣਾਲੀ ਅੰਦਰ ਅਸਰਦਾਇਕ ਸੁਧਾਰ ਕਰਨਾ ਅਤੇ ਸਾਰੇ ਨਾਗਰਿਕਾਂ ਲਈ ਸਿਹਤ ਪ੍ਰਬੰਧ ਕਰਨਾ ਹੈ ਪਰ ਇਸ ਦੇ ਆਲੋਚਨਾਤਮਿਕ ਪੱਖ ਨੂੰ ਨਿੱਜੀਕਰਨ ਅਤੇ ਮੁਨਾਫ਼ੇ ਵਾਲਾ ਕਾਰਪੋਰੇਟ ਸੈਕਟਰ ਆਪਣੇ ਹਿੱਤ ਲਈ ਵਰਤ ਕੇ ਲੋਕਾਂ ਨੂੰ ਗੁੰਮਰਾਹ ਕਰ ਸਕਦਾ ਹੈ ਜਿਹੜਾ ਕਿ ਪਹਿਲਾਂ ਹੀ ਅਮਰੀਕਨ ਮਾਡਲ ਦੀ ਵਕਾਲਤ ਕਰਕੇ ਸਰਕਾਰ ਉਪਰ ਦਬਾਅ ਬਣਾਉਣ ਦੀ ਕੋਸ਼ਿਸ਼ ਵਿਚ ਹੈ। ਇਸ ਕਰਕੇ ਇਹ ਗੱਲ ਬਹੁਤ ਜ਼ਰੂਰੀ ਹੈ ਕਿ ਸਾਰੇ ਸੰਸਾਰ ਦੀ ਸਰਮਾਏਦਾਰੀ ਵਲੋਂ ਅਮਰੀਕਨ ਮਾਡਲ ਦੇ ਸਿਹਤ ਪ੍ਰਬੰਧਾਂ ਦੀ ਨਿੱਜੀਕਰਨ ਅਤੇ ਮੁਨਾਫ਼ੇ ਲਈ ਨਕਲ ਵਾਲੇ ਪ੍ਰਚਾਰ ਦੇ ਉਲਟ ਅਮਰੀਕਨ ਸਿਹਤ ਪ੍ਰਬੰਧ ਦਾ ਵਿਸ਼ਲੇਸ਼ਣ ਕਰਨਾ ਬਹੁਤ ਜ਼ਰੂਰੀ ਹੈ। ਇਸ ਲੇਖ ਰਾਹੀਂ, ਕੈਨੇਡਾ ਦੇ ਨਾਗਰਿਕਾਂ ਅੰਦਰ ਚਲ ਰਹੀ ਬਹਿਸ ਲਈ ਕੈਨੈਡਾ ਦੇ ਸਿਹਤ ਪ੍ਰਬੰਧ ਨਾਲ ਅਮਰੀਕਨ ਸਿਹਤ ਮਾਡਲ ਦੀ ਤੁਲਨਾ ਕਰਦੇ ਹੋਏ, ਦੋਵਾਂ ਦੇ ਹਾਂਪੱਖੀਆਂ ਨਾਂਪੱਖੀ ਤਜਰਬਿਆਂ ਦਾ ਵਿਸ਼ਲੇਸ਼ਣ ਕਰਾਂਗੇ।

ਕੈਨੇਡਾ ਸਰਕਾਰ ਦੁਆਰਾ ਸਭ ਲਈ ਹਸਪਤਾਲਾਂ ਅਤੇ ਡਾਕਟਰਾਂ ਦਾ ਸਮਾਨਤਾ ਆਧਾਰ 'ਤੇ ਇਲਾਜ ਪ੍ਰਬੰਧ ਲਈ, ਸੰਨ 1972 ਵਿਚ "ਮੈਡੀਕਲ ਕੇਅਰ ਐਕਟ" ਲਾਗੂ ਕੀਤਾ ਗਿਆ। ਇਸ ਤੋਂ ਪਹਿਲਾਂ ਕੈਨੇਡਾ ਅਤੇ ਯੂ. ਐਸ. ਏ. ਅਮਰੀਕਾ ਦੇ ਸਿਹਤ ਪ੍ਰਬੰਧ ਇਕੋ ਜਿਹੇ ਸਨ-ਅੰਸ਼ਕ ਰੂਪ ਵਿਚ ਪਬਲਿਕ ਅਤੇ ਅੰਸ਼ਕ ਰੂਪ ਵਿਚ ਪ੍ਰਈਵੇਟ ਸੈਕਟਰ, ਅੰਸ਼ਕ ਰੂਪ ਵਿਚ ਗੈਰ-ਮੁਨਾਫ਼ੇ ਵਾਲਾ ਅਤੇ ਅੰਸ਼ਕ ਮੁਨਾਫ਼ਾ ਆਧਾਰਤ। ਪਰ ਦੋਹਾਂ ਦੇਸ਼ਾਂ ਦੇ ਬਹੁਤੇ ਲੋਕ ਉਸ ਸਮੇਂ ਤੱਕ ਸਿਹਤ ਬੀਮਾ ਕਵਚ ਤੋਂ ਅਣਸੁਰੱਖਿਅਤ ਰਹਿ ਰਹੇ ਸਨ। ਦੋਹਾਂ ਦੇਸ਼ਾਂ ਵਿਚ 1970 ਵਿਚ ਬੀਮਾ ਰੱਖਿਆ ਕੀਮਤ ਤਕਰੀਬਨ 300 ਅਮਰੀਕਨ ਡਾਲਰ ਸੀ ਜਦਕਿ ਅਮਰੀਕਨ ਨਾਗਰਿਕ ਦਾ ਔਸਤਨ ਜੀਵਨ ਸਾਲ, ਕੈਨੇਡੀਅਨ ਨਾਗਰਿਕ ਨਾਲੋਂ ਤਕਰੀਬਨ ਇਕ ਸਾਲ ਜ਼ਿਆਦਾ ਸੀ। 1972 ਤੋਂ ਬਾਅਦ ਕੈਨੇਡੀਅਨ ਮੈਡੀਕੇਅਰ ਐਕਟ ਲਾਗੂ ਹੋਣ ਨਾਲ ਦੋਹਾਂ ਦੇਸ਼ਾਂ ਦੇ ਸਿਹਤ ਪ੍ਰਬੰਧ ਅਲੱਗ-ਅਲੱਗ ਰਾਹਾਂ ਦੇ ਪਾਂਧੀ ਬਣ ਗਏ। ਅਮਰੀਕਨ ਸਿਹਤ ਪ੍ਰਬੰਧ ਲਗਾਤਾਰ ਹੋਰ ਮਹਿੰਗਾ ਹੁੰਦਾ ਗਿਆ ਅਤੇ ਅੱਜ ਤਕਰੀਬਨ 46 ਮਿਲੀਅਨ ਅਮਰੀਕਨ ਨਾਗਰਿਕ ਬੀਮਾ ਕਵਚ ਤੋਂ ਬਗੈਰ ਸਿਹਤ ਇਲਾਜ਼ ਤੋਂ ਵਾਂਝੇ ਹਨ। ਸੰਨ 2005 ਦੀ ਰਿਪੋਰਟ ਮੁਤਾਬਕ ਅਮਰੀਕਨ ਨਾਗਰਿਕ ਦਾ ਔਸਤਨ ਇਲਾਜ ਖਰਚਾ ਪਬਲਿਕ 6697 ਅਮਰੀਕਨ ਡਾਲਰ ਸੀ ਜਦਕਿ ਇਸ ਸਮੇਂ ਕੈਨੇਡਾ ਦਾ ਇਸ ਤੋਂ ਕਿੱਤੇ ਘੱਟ 3326 ਅਮਰੀਕਨ ਡਾਲਰ ਸੀ। ਇਸ ਸਾਲ ਕੈਨੇਡਾ ਦੀ ਸਾਰੀ ਦੀ ਸਾਰੀ 100% ਵਸੋਂ ਬੀਮਾ ਕਵਚ ਧਾਰਕ ਸੀ ਜਦਕਿ ਅਮਰੀਕਨ ਵਸੋਂ ਦਾ 15% ਹਿੱਸਾ ਬੀਮਾ ਸੁਰੱਖਿਆ ਕਵਚ ਤੋਂ ਬਗੈਰ ਸੀ ਅਤੇ ਜਿਹੜੇ ਅਮਰੀਕਨ ਬੀਮਾ-ਧਾਰਕ ਵੀ ਸਨ, ਉਨ੍ਹਾਂ ਨੂੰ ਵੀ ਕਾਫ਼ੀ ਸਾਰੇ ਵਾਧੂ ਇਲਾਜ ਖਰਚੇ ਆਪਣੀ ਜੇਬ ਵਿਚੋਂ ਕਰਨੇ ਪੈਂਦੇ ਸਨ। ਹੁਣੇ ਜਿਹੇ ਕੀਤੇ ਇਕ ਸਰਵੇ ਮੁਤਾਬਕ 37% ਅਮਰੀਕਨ ਵਸੋਂ ਗਰੀਬੀ ਕਰਕੇ ਖਰਚੇ ਤੋਂ ਅਸਮਰੱਥ ਹੋਣ ਕਾਰਨ ਇਲਾਜ ਤੋਂ ਸੱਖਣੀ ਹੀ ਰਹੀ ਜਦਕਿ ਇਹ ਗਿਣਤੀ ਕੈਨੇਡਾ ਵਾਸੀਆਂ ਲਈ ਸਿਰਫ਼ 12% ਹੀ ਸੀ।




**ਕੈਨੇਡਾ ਅਤੇ ਯੂ.ਐਸ.ਏ. (ਅਮਰੀਕਾ) ਦੇ ਸਿਹਤ ਪ੍ਰਬੰਧਾਂ ਦੀ ਤੁਲਨਾ**

| | ਕੈਨੇਡਾ | ਯੂ.ਐਸ.ਏ. (ਅਮਰੀਕਾ) |
|---|---|---|
| ਸਿਹਤ ਸੰਭਾਲ ਪ੍ਰਤੀ ਵਿਅਕਤੀ ਕੁਲ ਖਰਚਾ ( 2005) | US $ 3326 | US $ 6697 |
| ਸਰਕਾਰ ਵੱਲੋਂ ਪ੍ਰਤੀ ਵਿਅਕਤੀ ਕੁਲ ਖਰਚਾ (2005) | US $ 2322 | US $ 4048 |
| ਔਸਤਨ ਉਮਰ | 80.2+ | 77.8+ |
| ਇਕ ਸਾਲ ਤੋਂ ਘੱਟ ਸ਼ਿਸ਼ੂ ਮੌਤ ਦਰ ਪ੍ਰਤੀ 1000 ਜਨਮ | 5.3 | 6.8 |
| ਪ੍ਰਤੀ ਵਿਅਕਤੀ ਡਾਕਟਰ ਵਿਜ਼ਿਟ ਦਰ | 6.1 | 3.9 |
| ਹਸਪਤਾਲ ਗੰਭੀਰ ਸੰਭਾਲ ਬਿਸਤਰ ਪ੍ਰਤੀ 1000 | 3 | 2.8 |
| ਪ੍ਰਤੀ ਵਿਅਕਤੀ ਬਿਸਤਰ ਦਿਨ | 1 | 0.7 |
| ਪ੍ਰਤੀ 1000 ਵਿਅਕਤੀ ਡਾਕਟਰ ਦਰ | 2.2 | 2.4 |
| ਪ੍ਰਤੀ 1000 ਵਿਅਕਤੀ ਨਰਸ ਦਰ | 9.9 | 7.9 |

ਜੇ ਇਨ੍ਹਾਂ ਸਾਲਾਂ ਦੇ ਸਿਹਤ ਪ੍ਰਬੰਧਾਂ ਦੇ ਨਤੀਜਿਆਂ ਦੀ ਤੁਲਨਾ ਕਰੀਏ ਤਾਂ ਹੁਣ ਕੈਨੇਡਾ ਦੇ ਵਿਅਕਤੀ ਦੀ ਔਸਤਨ ਉਮਰ, ਅਮਰੀਕਾ ਦੇ ਵਿਅਕਤੀ ਨਾਲੋਂ ਸੁਧਰਕੇ 2.5 ਸਾਲ ਜ਼ਿਆਦਾ ਲੰਬੀ ਹੋ ਗਈ ਹੈ। ਅਮਰੀਕਾ ਦੇ ਲੋਕਾਂ ਲਈ ਡਾਕਟਰਾਂ ਲਈ ਉਪਲਬੱਧਤਾ ਸਮਾਂ ਵੀ ਘੱਟ ਰਿਹਾ ਅਤੇ ਕੈਨੇਡਾ ਦੇ ਮੁਕਾਬਲੇ ਹਸਪਤਾਲਾਂ ਦੀ ਵਰਤੋਂ ਲਈ ਸਮਾਂ ਵੀ ਘੱਟ ਹੀ ਰਿਹਾ। ਅਮਰੀਕਾ ਵਿਚ ਪ੍ਰਤੀ ਵਿਅਕਤੀ ਨਰਸਾਂ ਅਤੇ ਹਸਪਤਾਲ ਬਿਸਤਰਿਆਂ ਦੀ ਗਿਣਤੀ ਵੀ ਕੈਨੇਡਾ ਦੀ ਪ੍ਰਤੀ ਵਿਅਕਤੀ ਘੱਟ ਹੈ।

ਕੈਨੇਡਾ ਦੇ ਮੁਕਾਬਲੇ ਅਮਰੀਕਨ ਸਿਹਤ ਪ੍ਰਬੰਧਾਂ ਦਾ ਪ੍ਰਭਾਵਹੀਣ ਸਾਬਤ ਹੋਣਾ ਅਤੇ ਵੱਧ ਖਰਚ ਕੇ ਘੱਟ ਨਤੀਜੇ ਪ੍ਰਾਪਤ ਕਰਨ ਦਾ ਕਾਰਨ ਹੈ - ਸਿਹਤ ਪ੍ਰਬੰਧ ਲਈ ਹੋਰ ਸਰਮਾਏਦਾਰੀ ਦੇਸ਼ਾਂ ਦੀ ਤਰ੍ਹਾਂ ਨਿੱਜੀ ਨਿਵੇਸ਼ ਕਾਰਪੋਰੇਟ ਕੰਪਨੀਆਂ ਤੇ ਜ਼ਿਆਦਾ ਨਿਰਭਰ ਹੋਣਾ ਹੈ। ਇਹੀ ਸਰਮਾਏਦਾਰੀ ਦੇਸ਼ ਹਨ ਜਿਹੜੇ ਸਿਹਤ ਸੇਵਾਵਾਂ ਨੂੰ ਸੇਵਾ ਖੇਤਰ ਮੰਨਣ ਤੋਂ ਇਨਕਾਰੀ ਹੋ ਕੇ, ਇਸ ਨੂੰ ਬਾਜ਼ਾਰ ਦੀ ਜਿਣਸ ਦੀ ਤਰ੍ਹਾਂ ਮਨ ਰਹੇ ਹਨ। ਇਨ੍ਹਾਂ ਸਰਮਾਏਦਾਰੀ ਦੇਸ਼ਾਂ ਅੰਦਰ ਸਿਹਤ ਸੰਭਾਲ, ਇਲਾਜ ਇਕ ਜ਼ਰੂਰਤ ਲਈ ਨਹੀਂ, ਸਗੋਂ ਖਰੀਦ-ਯੋਗਤਾ ਅਨੁਸਾਰ ਵੰਡੀ ਜਾਣ ਵਾਲੀ ਜਿਨਸ ਹੈ, ਜਦਕਿ ਲੋਕਾਂ ਵਿਚ ਮੈਡੀਕਲ ਜ਼ਰੂਰਤ ਅਤੇ ਖਰੀਦ ਯੋਗਤਾ ਵਿਚ ਬਹੁਤ ਵੱਡਾ ਅੰਤਰ ਹੈ। ਇਲਾਜ ਸਿਹਤ ਸੰਭਾਲ ਲਈ ਸਭ ਤੋਂ ਜ਼ਿਆਦਾ ਜ਼ਰੂਰਤ ਵਾਲੀ ਵਸੋਂ, ਉਨ੍ਹੀਂ ਹੀ ਘੱਟ ਖਰੀਦ ਯੋਗਤਾ ਵਾਲੀ ਹੁੰਦੀ ਹੈ। ਸਰਮਾਏਦਾਰੀ ਬਾਜ਼ਾਰ, ਸਿਹਤ ਸੰਭਾਲ ਦੀ ਵੰਡ ਲਈ ਬੜਾ ਹੀ ਗੈਰ ਮਨੁੱਖੀ ਸਾਬਤ ਹੁੰਦਾ ਹੈ ਕਿਉਂਕਿ ਉਸਦਾ ਮੰਤਵ ਇਲਾਜ ਦੀ ਜ਼ਰੂਰਤ ਵਾਲੇ ਮਨੁੱਖ ਨੂੰ ਇਲਾਜ ਦੇਣਾ ਨਹੀਂ ਹੁੰਦਾ ਸਗੋਂ ਵਪਾਰਕ ਮੰਤਵ ਨਾਲ ਵੱਧ ਤੋਂ ਵੱਧ ਮੁਨਾਫ਼ਾ ਪ੍ਰਾਪਤ ਕਰਨਾ ਹੁੰਦਾ ਹੈ। ਅਮਰੀਕਾ ਦੇ ਹਸਪਤਾਲ ਅਕਸਰ ਸੇਵਾਵਾਂ ਲਈ ਇਸ਼ਤਿਹਾਰਬਾਜ਼ੀ ਕਰਦੇ ਹਨ। ਬਾਕੀ ਵਪਾਰਕ ਅਦਾਰਿਆਂ ਦੀ ਤਰ੍ਹਾਂ ਉਹ ਵੀ ਵੱਧ ਤੋਂ ਵੱਧ ਮਰੀਜ਼ ਗਾਹਕ ਖਿਚਨਾ ਚਾਹੁੰਦੇ ਹਨ ਪਰ ਸਿਰਫ਼ ਚੰਗੀ ਖਰੀਦ ਯੋਗਤਾ ਵਾਲੇ ਗਾਹਕ ਹੀ, ਜਿਹੜੇ ਵੱਧ ਖਰਚ ਕਰ ਸਕਦੇ ਹੋਣ, ਅਮੀਰ ਅਤੇ ਮਹਿੰਗੇ ਬੀਮਾ ਪਾਲਸੀ ਵਾਲੇ ਗਾਹਕ, ਜਿਹੜੇ ਮਹਿੰਗੇ ਡਾਇਗਨੋਸਟਿਕ ਟੈਸਟ ਕਰਵਾ ਸਕਦੇ ਹੋਣ, ਚਾਹੇ ਉਨ੍ਹਾਂ ਨੂੰ ਇਸ ਦੀ ਜ਼ਰੂਰਤ ਹੀ ਨਾ ਹੋਵੇ। ਬੀਮਾ ਰਹਿਤ ਜਾਂ ਸਸਤੀ ਬੀਮਾ ਪਾਲਿਸੀ ਵਾਲੇ ਮਰੀਜ਼ ਡਾਇਗਨੋਸਟਿਕ ਟੈਸਟਾਂ ਤੋਂ ਬਗੈਰ ਹੀ ਰਹਿ ਜਾਂਦੇ ਹਨ ਜਦਕਿ ਉਨ੍ਹਾਂ ਨੂੰ ਇਸ ਦੀ ਸਖ਼ਤ ਜ਼ਰੂਰ ਵੀ ਹੋਵੇ।

65 ਸਾਲ ਤੋਂ ਘੱਟ ਉਮਰ ਵਾਲੇ ਬਹੁਤੇ ਅਮਰੀਕਨ ਨਾਗਰਿਕਾਂ ਨੂੰ ਟੈਕਸ ਰਹਿਤ ਬੀਮਾ ਸਿਹਤ ਲਾਭ ਉਨ੍ਹਾਂ ਦੇ ਰੁਜ਼ਗਾਰਦਾਤਾ ਦੁਆਰਾ ਹੀ ਨੌਕਰੀ ਦੇ ਨਾਲ ਦਿੱਤਾ ਜਾਂਦਾ ਹੈ ਜਿਸ ਦੀ ਚੋਣ ਵੀ ਰੁਜ਼ਗਾਰ ਕੰਪਨੀ ਵਲੋਂ ਆਪ ਹੀ ਕੀਤੀ ਜਾਂਦੀ ਹੈ। ਬੀਮਾ ਕੰਪਨੀ ਦੀ ਚੋਣ ਵੇਲੇ ਰੁਜ਼ਗਾਰਦਾਤਾ ਘੱਟ ਤੋਂ ਘੱਟ ਕਿਸ਼ਤ ਵਾਲੀ ਬੀਮਾ ਪਾਲਿਸੀ ਦੀ ਚੋਣ ਕਰਦਾ ਹੈ, ਤਾਂਕਿ ਇਸ ਵਿਚ ਉਸਨੂੰ ਆਪਣੀ ਯੋਗਦਾਨ ਰਾਸ਼ੀ ਘੱਟ ਜਾਵੇ ਅਤੇ ਉਸਨੂੰ ਵੀ ਇਕਸੀਮਤਾਈ ਤੱਕ ਹੀ ਨਿਰਧਾਰਤ ਕਰਦਾ ਹੈ ਅਤੇ ਲਗਾਤਾਰ ਵਧਦੀ ਕਿਸ਼ਤ ਦਾ ਬੋਝ ਵੀ ਅਕਸਰ ਵਰਕਰ ਉਪਰ ਹੀ ਆ ਜਾਂਦਾ ਹੈ। ਆਪਣੀ ਉਮਰ ਨਾਲ ਲਗਾਤਾਰ ਮਹਿੰਗੀ ਹੋ ਰਹੀ ਬੀਮਾ ਕਿਸ਼ਤ ਨੂੰ ਘੱਟ ਰੱਖਣ ਲਈ, ਵਰਕਰ ਬੀਮੇ ਤੋਂ ਮਿਲਣ ਵਾਲੀ ਸਹੂਲਤ ਨੂੰ ਲਗਾਤਾਰ ਘਟਾਉਣਾ ਵਾਲੀ ਚੋਣ ਹੀ ਬਿਹਤਰ ਸਮਝਦਾ ਹੈ ਤਾਂ ਕਿ ਬੀਮਾ ਕਿਸ਼ਤ ਉਸਦੀ ਖਰੀਦਯੋਗਤਾ ਦੀ ਸੀਮਤਾਈ ਵਿਚ ਰਹੇ।

ਨਿੱਜੀ ਖੇਤਰ ਦੀਆਂ ਇਹ ਬੀਮਾ ਕੰਪਨੀਆਂ, ਜਿਨ੍ਹਾਂ ਨਾਲ ਰੋਜ਼ਗਾਰਦਾਤਾ ਦਾ ਠੇਕਾ ਹੁੰਦਾ ਹੈ, ਮੁਨਾਫ਼ੇ ਮੰਤਵ ਵਾਲੀਆਂ ਵਪਾਰਕ ਕੰਪਨੀਆਂ ਹੀ ਹੁੰਦੀਆਂ ਹਨ। ਇਹ ਕੰਪਨੀਆਂ ਸਸਤੇ ਬੀਮੇ ਕਰਕੇ ਮਹਿੰਗੇ ਇਲਾਜ ਦੀ ਜ਼ਰੂਰਤ ਵੇਲੇ ਮੁਨਕਰ ਹੀ ਹੋ ਜਾਂਦੀਆਂ ਹਨ, ਉਸ ਵੇਲੇ ਡਿਡਕਟੀਬਾਲ, ਕੋ-ਪੇਮੈਂਟਸ ਜਾਂ ਕਲੇਮ ਰਹਿਤ ਕਹਿ ਕੇ, ਇਲਾਜ ਦਾ ਬਹੁਤਾ ਬੋਝ ਮਰੀਜ਼ ਸਿਰ ਹੀ ਪਾ ਦਿੰਦੀਆਂ ਹਨ। ਸਾਰੇ ਸੰਸਾਰ ਵਿਚ ਅਮਰੀਕਾ ਹੀ ਅਜਿਹਾ ਮੁਲਕ ਹੈ ਜਿਸ ਦਾ ਸਿਹਤ ਪ੍ਰਬੰਧ ਅਸਰਦਾਰ ਇਸ਼ਤਿਹਾਰਬਾਜ਼ੀ ਨਾਲ ਅਮੀਰ ਅਤੇ ਸਿਹਤਮੰਦ ਲੋਕਾਂ ਨੂੰ ਲੁਭਾਉਂਦਾ ਅਤੇ ਗਰੀਬ ਬੀਮਾਰ ਲੋਕਾਂ ਨੂੰ ਧੋਖਾ ਦੇਣ ਦੇ ਕੰਮ ਨਾਲ ਚਲ ਰਿਹਾ ਹੈ।

ਆਓ ਜ਼ਰਾ ਦੇਖੀਏ ਕਿ ਬੀਮਾ ਕਿਸ਼ਤਾਂ ਨਾਲ ਇਕੱਠਾ ਕੀਤਾ ਗਿਆ ਸਿਹਤ ਸੰਭਾਲ ਡਾਲਰ ਕਿੰਨਾ ਕੁ ਨਰਸਾਂ, ਡਾਕਟਰ ਅਤੇ ਇਲਾਜ ਵਾਲੇ ਹਸਪਤਾਲਾਂ ਕੋਲ ਪਹੁੰਚਦਾ ਹੈ। ਸਭ ਤੋਂ ਪਹਿਲਾਂ-ਬੀਮਾ ਕਿਸ਼ਤ ਦਾ ਕਾਫ਼ੀ ਹਿੱਸਾ, ਤਕਰੀਬਨ 15% ਤੋਂ 25% ਬੀਮਾ ਕੰਪਨੀ ਦੇ

Home Life/Superstars
Real Estate Ltd., Brokerage
Each office is independently owned & operated
*Residential *Commercial
*Investment *Condominium
Cell : 416-274-1146
Email : sliddar@hotmail.com
*Office : 905-792-7800 *Fax : 905-792-9092

Sukdev Singh Liddar
*2555 Steeles Ave E. Unit 11 *Brampton *ON*L6T4L6

ਪ੍ਰਸ਼ਾਸਨਿਕ, ਵਪਾਰਕ ਅਤੇ ਇਸ਼ਤਿਹਾਰਬਾਜ਼ੀ ਖਰਚਿਆਂ ਲਈ ਰੱਖ ਲਿਆ ਜਾਂਦਾ ਹੈ। ਬਾਕੀ ਸਿਹਤ ਪ੍ਰਬੰਧ ਦੇ ਆਲੇ ਦੁਆਲੇ ਫੈਲੇ ਵਪਾਰਕ ਏਜੰਟਾਂ ਦੇ ਹਵਾਲੇ ਕਰ ਦਿੱਤਾ ਜਾਂਦਾ ਹੈ ਜਿਵੇਂ ਕਿ ਹਸਪਤਾਲਾਂ ਦੀਆਂ ਵਿਚੋਲੀਆਂ ਛੋਟੀਆਂ ਕੰਪਨੀਆਂ, ਆਡਿਟ ਕੰਪਨੀਆਂ, ਦਵਾਈਆਂ ਵਾਲੀਆਂ ਕੰਪਨੀਆਂ, ਕਾਨੂੰਨੀ ਸੇਵਾਵਾਂ ਅਤੇ ਮਾਰਕਿਟਿੰਗ ਕੰਪਨੀਆਂ, ਏਜੰਸੀਆਂ ਅਤੇ ਇਨਫਰਮੇਸ਼ਨ ਪ੍ਰਬੰਧ ਦੀਆਂ ਫਰਮਾਂ ਆਦਿ। ਬਹੁਤ ਘੱਟ ਹਿੱਸਾ ਹੀ ਇਲਾਜ ਸੰਸਥਾਵਾਂ ਕੋਲ ਪਹੁੰਚਦਾ ਹੈ। ਇਕ ਸਰਵੇ ਮੁਤਾਬਕ 1999 ਵਿਚ ਅਮਰੀਕਾ ਵਿਚ 31% ਹਿੱਸਾ ਪ੍ਰਸ਼ਾਸਨਿਕ ਖਰਚਾ ਸੀ ਜਿਹੜਾ ਕਿ ਕੈਨੇਡਾ ਦੇ 16.7% ਖਰਚੇ ਦੇ ਮੁਕਾਬਲੇ ਦੋਗੁਣਾ ਸੀ। ਇਸ ਤਰ੍ਹਾਂ ਅਮਰੀਕਾ ਦਾ ਸਿਹਤ ਸੰਭਾਲ ਸਿਸਟਮ ਪੂਰੀ ਉਲਝਣ ਦਾ ਸ਼ਿਕਾਰ ਹੈ। ਇਸ ਪ੍ਰਤੀ ਲੋਕਾਂ ਵਿਚ ਨਿਰਾਸ਼ਾ ਹੈ ਅਤੇ ਇਸ ਨੂੰ ਸਭ ਲਈ ਇਕ ਸਮਾਨ ਬਣਾਉਂਦੀ ਮੰਗ ਉਠਦੀ ਰਹਿੰਦੀ ਹੈ। ਅਮਰੀਕਨ ਨਾਗਰਿਕਾਂ ਵਿਚ ਇਕ ਪੋਲ-ਸਰਵੇਖਣ ਕੀਤਾ ਗਿਆ ਜਿਸ ਵਿਚ 2/3 ਹਿੱਸੇ ਨੇ ਇਸ ਨੂੰ ਕੈਨੇਡਾ ਦੀ ਤਰਜ 'ਤੇ ਬਦਲਨ ਦੇ ਹੱਕ ਵਿਚ ਵੋਟ ਦਿੱਤੀ ਹੈ ਚਾਹੇ ਬਹੁਤ ਸਾਰੀਆਂ ਬੀਮਾ ਕੰਪਨੀਆਂ ਅਤੇ ਹੋਰ ਵਪਾਰਕ ਅਦਾਰੇ ਲੋਕਾਂ ਵਿਚ ਕੈਨੇਡਾ ਸਿਹਤ ਪ੍ਰਬੰਧ ਬਾਰੇ ਬਹੁਤ ਭੁਲੇਖਾ ਪਾਊ ਪ੍ਰਚਾਰ ਕਰਦੇ ਰਹਿੰਦੇ ਹਨ।

ਸੰਨ 1972 ਵਿਚ ਕੈਨੇਡਾ ਅੰਦਰ "ਮੈਡੀਕਲ ਕੇਅਰ ਐਕਟ" ਲਾਗੂ ਹੋਣ ਨਾਲ ਸਾਰੇ ਲੋਕ ਡਾਕਟਰਾਂ ਅਤੇ ਹਸਪਤਾਲ ਸੇਵਾਵਾਂ ਲਈ ਬੀਮਾ ਯੁਕਤ ਹੋ ਗਏ ਪਰ ਸਿਹਤ ਸੰਭਾਲ ਲਈ ਘਰ ਅੰਦਰ ਮਰੀਜ਼ ਦਾ ਇਲਾਜ, ਲੰਬੇ ਸਮੇਂ ਵਾਲੇ ਰੋਗਾਂ ਦਾ ਇਲਾਜ ਅਤੇ ਡਾਕਟਰ ਦੀ ਪਰਚੀ ਵਾਲੀਆਂ ਦਵਾਈਆਂ ਅਤੇ ਹੋਰ ਲਾਭ, ਅਲੱਗ-ਅਲੱਗ ਸੂਬਿਆਂ ਦੇ ਫੈਸਲੇ ਉਪਰ ਛੱਡ ਦਿੱਤੇ ਗਏ ਕਿ ਜੇ ਉਹ ਦੇਣਾ ਚਾਹੁੰਦੇ ਹਨ ਤਾਂ ਦੇ ਸਕਦੇ ਹਨ। ਬਹੁਤ ਸਾਰੇ ਹਸਪਤਾਲਾਂ ਦੁਆਰਾ ਯੂਜ਼ਰ ਫੀਸਾਂ ਅਤੇ ਡਾਕਟਰਾਂ ਦੇ ਵਾਧੂ ਖਰਚੇ ਵਸੂਲ ਕਰਨੇ ਜਾਰੀ ਰਹੇ ਅਤੇ ਇਹ ਸਾਰੇ ਚਲਨ ਸੰਨ 1984 ਵਿਚ ਆ ਕੇ ਖ਼ਤਮ ਕੀਤੇ ਗਏ ਜਦੋਂ "ਕੈਨੇਡੀਅਨ ਸਿਹਤ ਐਕਟ" ਲਾਗੂ ਕੀਤਾ ਗਿਆ ਜਿਸ ਰਾਹੀਂ ਫੈਡਰਲ ਸਰਕਾਰ ਵਲੋਂ ਸੂਬਾ ਸਰਕਾਰ ਨੂੰ ਸਿਹਤ ਖਰਚੇ ਲਈ ਫੰਡ ਹਿੱਸਾ ਦੇਣ ਦੀ ਸ਼ਰਤ ਲਗਾਈ ਗਈ ਅਤੇ ਸਿਹਤ ਸੰਭਾਲ ਸਾਰਿਆਂ ਨੂੰ ਉਪਲਬਧ ਕਰਵਾਉਣੀ ਲਾਜ਼ਮੀ ਹੋਈ ਅਤੇ ਹਸਪਤਾਲਾਂ ਵਲੋਂ ਉਗਰਾਹੇ ਜਾਂਦੇ ਯੂਜ਼ਰ ਫੀਸ ਅਤੇ ਵਾਧੂ ਚਾਰਜ ਖਤਮ ਹੋਏ। ਇਸ ਨਾਲ ਕੁਝ ਵਾਧੂ ਸੇਵਾਵਾਂ ਜਿਵੇਂ ਕਿ ਐਸ. ਆਰ. ਆਈ. ਸਰਜੀਕਲ ਸਹੂਲਤਾਂ ਅਤੇ ਹੋਰ ਮਾਹਿਰ ਸੇਵਾਵਾਂ ਦੀਆਂ ਕੀਮਤਾਂ 'ਤੇ ਕੰਟਰੋਲ ਹੋਇਆ। ਸਾਰਿਆਂ ਨੂੰ ਇਕੋ ਜਿਹੀਆਂ ਸਿਹਤ ਇਲਾਜ ਮਿਲਣ ਨਾਲ ਹਸਪਤਾਲਾਂ ਅੰਦਰ ਮਰੀਜ਼ਾਂ ਦੀ ਗਿਣਤੀ ਵਿਚ ਵਾਧਾ ਹੋਇਆ ਪਰ ਇਸ ਨਾਲ ਮਰੀਜ਼ਾਂ ਲਈ ਉਡੀਕ ਸੂਚੀ ਸਮਾਂ ਲੰਬਾ ਹੋਣਾ ਸੁਭਾਵਕ ਹੀ ਸੀ। ਇਹ ਪ੍ਰਬੰਧ ਚਾਹੇ ਬਹੁਤ ਕਾਰਗਰ ਸਾਬਿਤ ਹੋਇਆ ਹੈ ਪਰ ਇਸ ਲੰਬੀ ਸਮੇਂ ਦੀ ਉਡੀਕ ਸੂਚੀ ਕਰਕੇ, ਲੋਕਾਂ ਵਿਚ ਹਰਮਨ ਪਿਆਰਾ ਨਾ ਹੋ ਸਕਿਆ।

ਸੰਨ 1990 ਵਿਚ ਕੈਨੇਡਾ ਦੇ ਆਰਥਿਕ ਮੰਦਵਾੜੇ ਦੇ ਦੌਰ ਵਿਚ, ਸਿਹਤ ਸੇਵਾਵਾਂ ਨੂੰ ਵੀ ਖਰਚੇ ਦੀ ਘਾਟ ਦਾ ਸਾਹਮਣਾ ਕਰਨਾ ਪਿਆ। ਇਸੇ ਦੌਰ ਅੰਦਰ ਸਿਹਤ ਸੇਵਾਵਾਂ ਦੀ ਹੋਰ ਲੰਬੀ ਹੋਈ ਉਡੀਕ ਸੂਚੀ, ਇਕ ਸਿਆਸੀ ਮੁੱਦਾ ਬਣ ਗਈ। 1990 ਤੋਂ ਬਾਅਦ, ਆਰਥਿਕ ਹਾਲਤ ਵਿਚ ਕੁਝ ਸੁਧਾਰ ਆਉਣ ਨਾਲ, ਸੂਬਿਆਂ ਵਲੋਂ ਸਿਹਤ ਸੇਵਾਵਾਂ ਉਪਰ ਜ਼ਿਆਦਾ ਫੰਡ ਖਰਚ ਕਰਨੇ ਸ਼ੁਰੂ ਹੋ ਗਏ ਅਤੇ ਉਡੀਕ ਸੂਚੀ ਸੰਭਲਕੇ ਕੁਝ ਘਟੀ, ਪਰ ਕੁਝ ਇਲਾਜਾਂ ਲਈ ਜਿਵੇਂ ਚੂਲ੍ਹੇ ਅਤੇ ਗੋਡੇ ਬਦਲਣ ਲਈ ਅਜੇ ਵੀ ਉਡੀਕ ਸੂਚੀ ਲੰਬੀ ਰਹੀ। ਸਿਹਤ ਸੇਵਾਵਾਂ ਵਿਚ ਵਧਾਏ ਗਏ ਪਬਲਿਕ ਫੰਡਾਂ ਵਿਚ ਵਾਧੇ ਦੇ ਬਾਵਜੂਦ ਹੋਰ ਸਹੂਲਤਾਂ ਅਤੇ ਮਾਹਿਰ ਸੇਵਾਵਾਂ ਦੇ ਸੁਧਾਰ ਵਿਚ ਕੁਝ ਵਧ ਸਮਾਂ ਲੱਗ ਸਕਦਾ ਸੀ।

ਲੰਬੀ ਉਡੀਕ ਸੂਚੀ ਦੇ ਮੁੱਦੇ ਨੂੰ ਲੈ ਕੇ, ਸਿਹਤ ਖੇਤਰ ਵਿਚ ਮੁਨਾਫ਼ਾ ਕਮਾਉਣ ਦੀ ਤਾਕ ਵਿਚ ਬੈਠੀਆਂ ਵਪਾਰਕ ਕੰਪਨੀਆਂ ਕੈਨੇਡਾ ਵਿੱਚ ਨਿੱਜੀਕਰਨ ਅਤੇ ਅਮਰੀਕਨ ਮਾਡਲ ਲਾਗੂ ਕਰਨ ਦਾ ਦਬਾਅ ਵਧਾਉਣਾ ਸ਼ੁਰੂ ਕਰ ਦਿੱਤਾ। ਕੈਨੇਡਾ ਦੀ ਫੈਡਰਲ ਅਤੇ ਸੂਬਾ ਪਰੋਵਿੰਨਸ਼ਿਲ ਸਰਕਾਰਾਂ ਵੀ ਸਿਹਤ ਸੇਵਾਵਾਂ ਵਿੱਚ ਹੋ ਰਹੇ ਸਰਕਾਰੀ ਖ਼ਰਚ ਨੂੰ ਬੋਝ ਮੰਨ ਰਹੀਆਂ ਹਨ ਅਤੇ ਇਸ ਦੇ ਫੰਡਾਂ ਵਿੱਚ ਕਟੌਤੀ ਕਰਨੀਆਂ ਚਾਹੁੰਦੀਆਂ ਸਨ। ਸੰਨ 2005 ਦੇ ਸੁਪਰੀਮ ਕੋਰਟ ਆਫ਼ ਕੈਨੇਡਾ ਦੇ 'ਚਾਉਲੀ ਬਨਾਮ ਕਿਉਬਕ' ਵਾਲੇ ਮੁਕੱਦਮੇ ਕਾਰਨ ਵੀ ਇਸ ਮੁੱਦੇ ਨੂੰ ਹੋਰ ਬਲ ਮਿਲਿਆ। ਜਿਸ ਵਿਚ ਇਕ ਸਾਲ ਤੋਂ ਚੂਲ੍ਹਾ ਬਦਲਨ ਦੇ ਇਲਾਜ ਦੀ ਦੇਰੀ ਨੂੰ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਮੰਨਿਆ ਗਿਆ ਅਤੇ ਕਿਊਬਿਕ ਸੂਬੇ ਦੀ ਸਰਕਾਰ ਨੂੰ ਹਦਾਇਤ ਕੀਤੀ ਗਈ ਕਿ ਜਾਂ ਤਾਂ ਸਿਹਤ ਸੇਵਾਵਾਂ ਦਾ ਸੁਧਾਰ ਕਰਕੇ ਉਡੀਕ ਸੂਚੀ ਘੱਟ ਕਰੇ ਜਾਂ ਮਰੀਜ਼ ਨੂੰ ਨਿੱਜੀ ਖੇਤਰ ਦੇ ਇਲਾਜ ਲਈ ਮਨਜ਼ੂਰੀ ਦੇਵੇ। ਚਾਹੇ ਇਸ ਫੈਸਲੇ ਤੋਂ ਬਾਅਦ ਕਿਊਬਿਕ ਸਰਕਾਰ ਨੇ ਸਿਹਤ ਪ੍ਰਬੰਧਾਂ ਵਿਚ ਹੋਰ ਫੰਡ ਲਗਾਕੇ ਸੁਧਾਰ ਕਰਨੇ ਸ਼ੁਰੂ ਕਰਕੇ, ਪਰ ਦੂਸਰੇ ਸੂਬੇ ਜਿਵੇਂ ਕਿ ਬ੍ਰਿਟਿਸ਼ ਕੋਲੰਬੀਆ ਅਤੇ ਐਲਬਰਟਾ ਸੂਬਿਆਂ ਨੇ ਸਿਹਤ ਸੇਵਾਵਾਂ ਨੂੰ ਨਿੱਜੀ ਵਪਾਰਕ ਬੀਮਾ ਕੰਪਨੀਆਂ ਲਈ ਖੋਲ੍ਹ ਦਿੱਤਾ। ਇਸ ਨਾਲ ਸਿਹਤ ਅਦਾਰਿਆਂ ਅਤੇ ਡਾਕਟਰਾਂ ਨੂੰ ਮਰੀਜ਼ ਤੋਂ ਇਲਾਜ ਲਈ ਵਾਧੂ ਫੀਸਾਂ ਵਸੂਲ ਕਰਨ ਦੀ ਖੁੱਲ੍ਹ ਮਿਲ ਗਈ।

ਇਸ ਤੋਂ ਬਾਅਦ ਸਾਰੇ ਕੈਨੇਡਾ ਵਿਚ ਸਿਹਤ ਖੇਤਰ ਵਿਚ ਪੂੰਜੀ ਨਿਵੇਸ਼ ਅਤੇ ਨਿੱਜੀਕਰਨ ਦੀ ਖੁਲ੍ਹ ਦੇ ਕੇ ਉਡੀਕ ਸੂਚੀ ਘਟਾਉਣਾ ਚਰਚਾ ਦਾ ਵਿਸ਼ਾ ਹੀ ਰਿਹਾ। ਇਹ ਗੱਲ ਵੀ ਗੰਭੀਰ ਹੈ ਕਿ ਕਿਹੜਾ ਮਰੀਜ਼ ਉਡੀਕ ਕਰ ਰਿਹਾ ਹੈ। ਉਦਾਹਰਣ ਦੇ ਤੌਰ 'ਤੇ ਚੂਲ੍ਹੇ ਬਦਲਣ ਅਮਰੀਕਾ ਵਿਚ ਰੱਜੇ-ਪੁੱਜੇ ਮਹਿੰਗੇ ਬੀਮਾਧਾਰਕ ਮਰੀਜ਼ ਲਈ ਉਡੀਕ ਸੂਚੀ ਸਮਾਂ ਬਹੁਤ ਛੋਟਾ ਹੋ ਸਕਦਾ ਹੈ ਪਰ ਅਮਰੀਕਾ ਦੇ ਹੀ ਮਹਿੰਗਾ ਬੀਮਾ ਕਵਚ ਪਾਲਿਸੀ ਖਰੀਦਣ ਤੋਂ ਅਸਮਰੱਥ 46 ਮਿਲੀਅਨ ਲੋਕਾਂ ਲਈ ਇਹ ਉਡੀਕ ਸੂਚੀ ਸਮਾਂ ਮੌਤ ਤੱਕ ਦਾ ਵੀ ਹੋ ਸਕਦਾ ਹੈ ਕਿਉਂਕਿ ਨਿੱਜੀ ਅਤੇ ਪਬਲਿਕ ਖੇਤਰ ਦੇ ਰਲਵੇਂ-ਮਿਲਵੇਂ ਸਿਹਤ ਪ੍ਰਬੰਧਾਂ ਅੰਦਰ ਨਿੱਜੀ ਵਪਾਰਕ ਖੇਤਰ, ਪਬਲਿਕ ਖੇਤਰ ਦੇ ਡਾਕਟਰਾਂ ਅਤੇ ਹੋਰ ਸਾਧਨਾਂ ਨੂੰ ਹੀ ਆਪਣੇ ਵੱਲ ਖਿੱਚ ਲੈਂਦਾ ਹੈ। ਪ੍ਰਾਈਵੇਟ ਨਿੱਜੀ ਖੇਤਰ ਦੇ ਹਸਪਤਾਲਾਂ ਦੀ ਉਡੀਕ ਸੂਚੀ ਛੋਟੀ ਤੋਂ ਛੋਟੀ ਹੋ ਸਕਦੀ ਹੈ ਪਰ ਇਸਦੇ ਨਤੀਜੇ ਵਜੋਂ, ਪਬਲਿਕ ਖੇਤਰ ਦੇ ਹਸਪਤਾਲਾਂ ਦੇ ਲੋੜਵੰਦ ਮਰੀਜ਼ਾਂ ਲਈ ਉਡੀਕ ਸੂਚੀ ਹੋਰ ਵੀ ਲੰਬੀ ਹੋ ਜਾਂਦੀ ਹੈ। ਸਿਹਤ ਸੇਵਾਵਾਂ ਸਿਰਫ ਖਰੀਦਣ ਵਾਲੇ ਅਮੀਰ ਲੋਕਾਂ ਦੀ ਧਰੋਹਰ ਬਣਕੇ ਰਹਿ ਜਾਂਦੀਆਂ ਹਨ ਅਤੇ ਜ਼ਰੂਰਤ ਵਾਲੇ ਮਰੀਜ਼ ਇਸ ਤੋਂ ਵਾਂਝੇ ਰਹਿ ਜਾਂਦੇ ਹਨ। ਸਭ ਦੇ ਭਲੇ ਅਤੇ ਜਰੂਰਤਮੰਦ ਮਰੀਜ਼ਾਂ ਦੀ ਲੋੜ ਮੁਤਾਬਿਕ ਕੈਨੇਡੀਅਨ ਲੋਕਾਂ ਨੂੰ ਲੰਬੀ ਉਡੀਕ ਸੂਚੀ ਵਾਲੇ ਗੁੰਮਰਾਹਕੁੰਨ ਪ੍ਰਚਾਰ ਤੋਂ ਸੁਚੇਤ ਹੋਣ ਦੀ ਲੋੜ ਹੈ। ਉਡੀਕ ਸੂਚੀ ਨੂੰ ਛੋਟਾ ਕਰਨ ਅਤੇ ਸਾਰਿਆਂ ਨੂੰ ਬਗੈਰ ਕਿਸੇ ਆਰਥਿਕ ਭੇਦਭਾਵ ਦੇ ਅਤੇ ਲੋੜਵੰਦ ਮਰੀਜ਼ਾਂ ਨੂੰ ਪਹਿਲ ਦੇ ਆਧਾਰ 'ਤੇ, ਚੁਸਤ-ਦਰੁਸਤ ਸਿਹਤ ਪ੍ਰਬੰਧ ਸੁਧਾਰਾਂ ਲਈ ਇਕੋ ਇਕ ਹੱਲ ਇਹ ਹੈ ਕਿ ਫੈਡਰਲ ਅਤੇ ਸੂਬਾ ਸਰਕਾਰਾਂ ਵਲੋਂ ਸਿਹਤ ਪ੍ਰਬੰਧ ਲਈ ਵੱਧ ਤੋਂ ਵੱਧ ਫੰਡਾਂ ਦਾ ਪ੍ਰਬੰਧ ਕੀਤਾ ਜਾਵੇ। ਇਸ ਤਰ੍ਹਾਂ ਪੂਰੇ ਕੈਨੇਡਾ ਦੀ ਪ੍ਰਤੀ ਵਿਅਕਤੀ ਵਜੋਂ ਲਈ ਡਾਕਟਰਾਂ, ਨਰਸਾਂ, ਹਸਪਤਾਲਾਂ ਦੇ ਗਿਣਨਯੋਗ ਲੋੜੀਂਦੇ ਅਨੁਪਾਤ ਵਾਲੀਆਂ ਸਿਹਤ ਸੇਵਾਵਾਂ ਦਾ ਪਸਾਰਾ ਕਰਕੇ, ਸਾਰਿਆਂ ਨੂੰ ਬਰਾਬਰ ਸਿਹਤ ਸਹੂਲਤਾਂ ਦੇ ਪ੍ਰਬੰਧ ਨਾਲ ਉਡੀਕ ਸੂਚੀ ਨੂੰ ਬਹੁਤ ਛੋਟਾ ਕੀਤਾ ਜਾ ਸਕਦਾ ਹੈ।

# ਵਿਸ਼ਵ ਪ੍ਰਸਿੱਧ ਵਿਗਿਆਨੀ ਸਰ ਆਈਜ਼ਕ ਨਿਊਟਨ ਨੂੰ ਯਾਦ ਕਰਦਿਆਂ

**ਜਸਵੰਤ ਜੀਰਖ**



ਦੁਨੀਆ ਵਿਚ ਇਸ ਤਰ੍ਹਾਂ ਦੇ ਬਹੁਤ ਹੀ ਘੱਟ ਲੋਕ ਪੈਦਾ ਹੁੰਦੇ ਹਨ, ਜਿਨ੍ਹਾਂ ਨੇ ਆਪਣੀ ਜ਼ਿੰਦਗੀ ਦੇ ਹਨੇਰਿਆਂ ਨੂੰ ਚੀਰ ਕੇ ਇਸ ਸਮਾਜ ਨੂੰ ਨਵੀਂ ਰੌਸ਼ਨੀ ਵਿਖਾਕੇ ਆਪਣਾ ਨਾਂ ਸਥਾਪਤ ਕੀਤਾ ਹੋਵੇ। ਸਰ ਆਈਜ਼ਕ ਨਿਊਟਨ ਅਜਿਹੇ ਸਿਰੜੀ ਲੋਕਾਂ ਵਿਚੋਂ ਇਕ ਸਨ ਜਿਨ੍ਹਾਂ ਦੇ ਜਨਮ ਤੋਂ ਪਹਿਲਾਂ ਹੀ ਪਿਤਾ ਦਾ ਸਾਇਆ ਖਤਮ ਹੋ ਗਿਆ ਸੀ। ਮੁਢਲੇ ਤਿੰਨ ਸਾਲ ਤਾਂ ਨਿਊਟਨ ਦੀ ਮਾਂ ਉਸ ਨੂੰ ਪਾਲਦੀ ਰਹੀ, ਪਰ ਜਦੋਂ ਉਸ ਨੇ ਦੂਜੀ ਸ਼ਾਦੀ ਕਰ ਲਈ ਤਾਂ ਮਾਂ ਵੀ ਉਸ ਨੂੰ ਦਾਦੀ ਦੇ ਹਵਾਲੇ ਕਰ ਗਈ। ਦਾਦੀ ਇਸ ਬੱਚੇ ਨਾਲ ਬਹੁਤ ਹੀ ਲਾਡ-ਪਿਆਰ ਕਰਦੀ ਸੀ, ਇਸ ਕਰਕੇ ਨਿਊਟਨ ਪੜ੍ਹਾਈ ਵਿਚ ਕਮਜ਼ੋਰ ਅਤੇ ਸਰੀਰਕ ਪੱਖੋਂ ਵੀ ਮਾੜੂਆ ਜਿਹਾ ਅਤੇ ਸਰਮਾਊ ਸੁਭਾਅ ਦਾ ਬਣ ਗਿਆ। ਨਿਊਟਨ ਦਾ ਜਨਮ 25 ਦਸੰਬਰ 1642 ਈ. ਨੂੰ ਹੋਣ ਪਿਛੋਂ 1654 ਵਿਚ ਜਦੋਂ ਉਸ ਨੂੰ ਗਰੈਂਲਮ ਦੇ ਗਰੈਮਰ ਦੇ ਸਕੂਲ ਵਿਚ ਦਾਖ਼ਲ ਕਰਵਾਇਆ ਗਿਆ ਤਾਂ ਉਹ ਉਥੇ ਨਾ ਪੜ੍ਹਾਈ ਵਿਚ ਤੇ ਨਾ ਸਰੀਰਕ ਤੌਰ 'ਤੇ ਤਕੜਾ ਹੋਇਆ। ਇਕ ਦਿਨ ਸਕੂਲ ਦਾ ਇਕ ਲੜਕਾ ਜੋ ਸਰੀਰਕ ਤੌਰ 'ਤੇ ਚੰਗਾ ਤਕੜਾ ਸੀ, ਨਿਊਟਨ ਦੇ ਗਲ ਆ ਪਿਆ। ਦੋਵੇਂ ਗੁਥਮ-ਗੁੱਥਾ ਹੋ ਪਏ। ਇਸ ਸਮੇਂ ਹੋਰ ਵੇਖ ਰਹੇ ਬੱਚਿਆਂ ਨੂੰ ਉਦੋਂ ਬਹੁਤ ਹੈਰਾਨੀ ਹੋਈ ਜਦੋਂ ਨਿਊਟਨ ਨੇ ਉਸ ਤਕੜੇ ਦਿਖ ਵਾਲੇ ਲੜਕੇ ਨੂੰ ਧੜੱਮ ਕਰਕੇ ਧਰਤੀ 'ਤੇ ਪਟਕਾ ਦਿੱਤਾ। ਇਸ ਘਟਨਾ ਨਾਲ ਨਿਊਟਨ ਦਾ ਜਿਥੇ ਸਾਥੀਆਂ 'ਤੇ ਰੋਹਬ ਪੈ ਗਿਆ, ਉਥੇ ਆਪਣੇ ਆਪ 'ਤੇ ਵੀ ਸਵੈਵਿਸ਼ਵਾਸ ਹੋ ਗਿਆ। ਇਸ ਘਟਨਾ ਨੇ ਨਿਊਟਨ ਦੇ ਜੀਵਨ 'ਚ ਇਕ ਨਵਾਂ ਮੋੜ ਲੈ ਆਂਦਾ। ਹੁਣ ਉਹ ਪੜ੍ਹਾਈ ਵਿਚ ਵੀ ਬਹੁਤ ਦਿਲਚਸਪੀ ਲੈਣ ਲੱਗ ਪਿਆ ਜਿਸ ਸਦਕਾ ਇਕ ਸਾਲ ਵਿਚ ਹੀ ਉਹ ਆਪਣੀ ਜਮਾਤ ਵਿਚ ਪਹਿਲੇ ਨੰਬਰ 'ਤੇ ਆ ਗਿਆ।

ਹਿਸਾਬ ਦੇ ਮਜ਼ਮੂਨ ਵਿਚ ਨਿਊਟਨ ਨੂੰ ਜ਼ਿਆਦਾ ਦਿਲਚਸਪੀ ਹੋ ਗਈ ਸੀ, ਇਸ ਸਮੇਂ ਤੱਕ ਉਸ ਦੀ ਮਾਂ ਦੂਜੀ ਵਾਰ ਵਿਧਵਾ ਹੋ ਗਈ ਜੋ ਫਿਰ ਤੋਂ ਵਾਪਸ ਨਿਊਟਨ ਕੋਲ ਆ ਗਈ। ਉਨ੍ਹਾਂ ਦਾ ਗੁਜ਼ਾਰਾ ਜ਼ਮੀਨ 'ਤੇ ਹੀ ਸੀ ਜਿਸ ਕਰਕੇ ਉਸ ਨੇ ਨਿਊਟਨ ਦੀ ਪੜ੍ਹਾਈ ਛਡਾਕੇ ਵਾਹੀ ਦੇ ਕੰਮ ਵਿਚ ਲਾ ਦਿੱਤਾ। ਪਰ ਹੁਣ ਨਿਊਟਨ ਵਾਹੀ ਦੇ ਕੰਮ ਅਤੇ ਡੰਗਰਾਂ ਦੀ ਸੰਭਾਲ ਵਿਚ ਦਿਲਚਸਪੀ ਨਹੀਂ ਸੀ ਲੈਂਦਾ ਜਿਸ ਕਰਕੇ ਮਾਂ-ਪੁੱਤ ਰੁੱਸੇ ਹੀ ਰਹਿੰਦੇ ਸਨ। ਉਸ ਦੀ ਮਾਤਾ ਟਰਿਨੇਟੀ ਕਾਲਜ ਕੈਂਬਰਜ ਦੀ ਮੈਂਬਰ ਸੀ। ਨਿਊਟਨ ਦੀ ਪੜ੍ਹਾਈ ਵਿਚ ਦਿਲਚਸਪੀ ਵੇਖ ਕੇ ਉਸ ਨੇ ਆਪਣੀ ਭੈਣ (ਨਿਊਟਨ ਦੀ ਮਾਂ) ਤੇ ਜ਼ੋਰ ਪਾਇਆ ਕਿ ਨਿਊਟਨ ਨੂੰ ਪੜ੍ਹਾਇਆ ਜਾਵੇ। ਦੁਬਾਰਾ ਸਕੂਲ ਵਿਚ ਦਾਖ਼ਲ ਹੋ ਕੇ ਉਸ ਨੇ ਪੜ੍ਹਾਈ ਵਿਚ ਚੰਗੀ ਮਿਹਨਤ ਕੀਤੀ। 1665 ਵਿਚ ਉਸ ਨੇ ਬੀ. ਏ. ਦੀ ਡਿਗਰੀ ਪ੍ਰਾਪਤ ਕਰ ਲਈ। ਕਾਲਜ ਵਿਚ ਪੜ੍ਹਦਿਆਂ ਨਿਊਟਨ ਦੇ ਹਿਸਾਬ ਵਾਲੇ ਪ੍ਰੋਫੈਸਰ ਬੈਰੋ ਨਾਲ ਡੂੰਘੇ ਸਬੰਧ ਬਣ ਗਏ ਜਿਸ ਪਾਸੋਂ ਨਿਊਟਨ ਨੂੰ ਚੰਗੀ ਹੱਲਾਸ਼ੇਰੀ ਮਿਲੀ। ਇਕ ਦਿਨ ਨਿਊਟਨ ਬਾਗ ਵਿਚ ਟਹਿਲ ਰਿਹਾ ਸੀ ਜਦੋਂ ਉਸ ਨੇ ਵੇਖਿਆ ਕਿ ਇਕ ਸੇਬ ਦਰਖਤ ਨਾਲੋਂ ਟੁੱਟਕੇ ਧਰਤੀ 'ਤੇ ਗਿਰ ਗਿਆ। ਬੱਸ ਇਸੇ ਘਟਨਾ ਨੇ ਨਿਊਟਨ ਨੂੰ ਸੋਚਣ ਲਾ ਦਿੱਤਾ ਕਿ ਇਹ ਸੇਬ ਧਰਤੀ ਵੱਲ ਨੂੰ ਕਿਉਂ ਆਇਆ ਹੈ? ਉਸ ਦੀਆਂ ਇਨ੍ਹਾਂ ਸੋਚਾਂ ਵਿਚਾਰਾਂ ਕਰਕੇ ਹੀ ਕੁਦਰਤ ਦਾ ਇਹ ਨਿਯਮ ਨਿਕਲਿਆ ਜਿਸ ਨੂੰ ਮਾਦੇ ਦੀ ਆਕਰਸ਼ਣ ਸ਼ਕਤੀ ਕਿਹਾ ਜਾਂਦਾ ਹੈ।

1667 ਵਿਚ ਨਿਊਟਨ ਕੈਂਬਰਜ ਯੂਨੀਵਰਸਿਟੀ ਦਾ ਫੈਲੋ ਬਣਿਆ ਅਤੇ ਕਈ ਸਾਲ ਪ੍ਰਕਾਸ਼ ਸ਼ਕਤੀ ਤੇ ਖੋਜ ਕਰਦਾ ਰਿਹਾ। ਇਨ੍ਹਾਂ ਖੋਜਾਂ ਦੇ ਆਧਾਰ 'ਤੇ ਉਸ ਨੇ ਦੂਰਬੀਨ ਬਣਾਈ ਅਤੇ ਨਾਲ ਬਰਹਸਪਤ ਦੇ ਦੁਆਲੇ ਘੁੰਮਦੇ ਚੰਦਾਂ ਨੂੰ ਵੇਖਿਆ। ਉਦੋਂ ਹੀ ਨਿਊਟਨ ਨੇ ਰੌਸ਼ਨੀ ਨੂੰ ਤ੍ਰਿਕੋਨੀ ਸ਼ੀਸ਼ੇ ਵਿਚੋਂ ਲੰਘਾਕੇ ਦੱਸਿਆ ਕਿ ਰੌਸ਼ਨੀ ਸੱਤ ਰੰਗਾਂ ਦੀ ਬਣੀ ਹੋਈ ਹੈ। 1669 ਵਿਚ ਨਿਊਟਨ ਦੇ ਮਿੱਤਰ ਪ੍ਰੋਫੈਸਰ ਬੈਰੋ ਨੇ ਆਪਣੀ ਨੌਕਰੀ ਤੋਂ ਅਸਤੀਫ਼ਾ ਦੇ ਦਿੱਤਾ ਅਤੇ ਨਿਊਟਨ ਨੂੰ ਉਨ੍ਹਾਂ ਦੀ ਥਾਂ ਹਿਸਾਬ ਦਾ ਪ੍ਰੋਫੈਸਰ ਬਣਾਇਆ ਗਿਆ। ਨਿਊਟਨ ਦੀਆਂ ਕਾਢਾਂ ਨੇ ਉਸ ਨੂੰ ਸਾਇੰਸ ਦੇ ਹਲਕਿਆਂ ਵਿਚ ਬਹੁਤ ਉਚਾ ਬਣਾ ਦਿੱਤਾ ਜਿਸ ਕਰਕੇ 1671 ਵਿਚ ਉਹ ਸੰਸਾਰ ਪ੍ਰਸਿੱਧ ਰਾਇਲ ਸੁਸਾਇਟੀ ਦਾ ਮੈਂਬਰ ਚੁਣਿਆ ਗਿਆ।

1684 ਵਿਚ ਨਿਊਟਨ ਨੇ ਆਪਣੇ ਮਿੱਤਰ ਹੈਲੀ ਦੀ ਪ੍ਰੇਰਣਾ ਸਦਕਾ ਮਾਦੇ ਦੀ ਆਕਰਸ਼ਣ ਸ਼ਕਤੀ ਉਤੇ ਕੀਤੇ ਆਪਣੇ ਖੋਜ ਕੰਮਾਂ ਨੂੰ ਪ੍ਰਕਾਸ਼ਤ ਕੀਤਾ। 1703 ਵਿਚ ਉਹ ਰਾਇਲ ਸੁਸਾਇਟੀ ਦੇ ਪ੍ਰਧਾਨ ਬਣੇ ਅਤੇ ਲਗਾਤਾਰ 25 ਸਾਲ ਤੱਕ ਉਹ ਹਰ ਸਾਲ ਪ੍ਰਧਾਨ ਚੁਣੇ ਜਾਂਦੇ ਰਹੇ।

1705 ਵਿਚ ਮਲਕਾਂ 'ਐਨ' ਕੈਂਬਰਜ ਯੂਨੀਵਰਸਿਟੀ ਦਾ ਮੁਲਾਹਜ਼ਾ ਕਰਨ ਗਈ ਤਾਂ ਉਥੇ ਨਿਊਟਨ ਨੂੰ 'ਸਰ' ਦਾ ਖਿਤਾਬ ਦੇ ਆਈ। ਇਥੇ ਇਹ ਵੀ ਵਰਨਣਯੋਗ ਹੈ ਕਿ ਜਿਹੜਾ ਅਮਰੀਕਨ ਸਭ ਤੋਂ ਪਹਿਲਾਂ ਚੰਨ 'ਤੇ ਉਤਰਿਆ ਸੀ, ਜਦੋਂ ਉਹ ਬੰਬਈ ਆਇਆ ਤਾਂ ਉਸ ਨੂੰ ਪੁੱਛਿਆ ਗਿਆ ਕਿ ਕਿਹੜੇ-ਕਿਹੜੇ ਸਾਇੰਸਦਾਨਾਂ ਦੀਆਂ ਖੋਜਾਂ ਨੇ ਉਸ ਨੂੰ ਚੰਨ 'ਤੇ ਪਹੁੰਚਣ ਵਿਚ ਸਹਾਇਤਾ ਕੀਤੀ ਤਾਂ ਉਸਨੇ ਪਹਿਲਾ ਨਾਂ ਨਿਊਟਨ ਦਾ ਲਿਆ। ਨਿਊਟਨ ਦੀ ਇਕ ਹੋਰ ਪ੍ਰਾਪਤੀ ਇਹ ਵੀ ਹੈ ਕਿ ਉਸਨੇ ਰੌਸ਼ਨੀ ਦੀ ਰਫ਼ਤਾਰ (ਪ੍ਰਕਾਸ਼ ਗਤੀ) ਬਾਰੇ ਸਿੱਧ ਕੀਤਾ ਕਿ ਰੌਸ਼ਨੀ ਨਿੱਕੇ-ਨਿੱਕੇ ਕਿਣਕਿਆਂ ਦੀ ਬਾਣੀ ਹੁੰਦੀ ਹੈ। ਇਹ ਕਿਣਕੇ ਇਕ ਲੱਖ ਨੱਬੇ ਹਜ਼ਾਰ ਮੀਲ ਫੀ ਸੈਕਿੰਡ ਦੀ ਰਫ਼ਤਾਰ ਨਾਲ ਚਲਦੇ ਹਨ।

ਨਿਊਟਨ ਜਿਹੇ ਮਹਾਨ ਪੁਰਸ਼ਾਂ ਦੀਆਂ ਜੀਵਨੀਆਂ ਤੋਂ ਮੁੱਖ ਤੌਰ 'ਤੇ ਸਿੱਖਣ ਵਾਲੀ ਇਹ ਗੱਲ ਹੈ ਕਿ ਜੀਵਨ ਦੀ ਸਫ਼ਲਤਾ ਇਲਮ (ਗਿਆਨ) ਦੇ ਪੁਜਾਰੀ ਬਣਨ ਵਿਚ ਹੈ ਨਾ ਕਿ ਮਾਇਆ ਦੇ ਪੁਜਾਰੀ ਬਣਨ ਵਿਚ। ਸਰੀਰਕ ਤੌਰ 'ਤੇ ਭਾਵੇਂ ਨਿਊਟਨ 20 ਮਾਰਚ 1727 ਨੂੰ ਹਮੇਸ਼ਾ ਲਈ ਦੁਨੀਆ ਤੋਂ ਵਿਛੜ ਗਏ ਪਰ ਉਨ੍ਹਾਂ ਨੇ ਆਪਣੀਆਂ ਖੋਜਾਂ ਦੁਆਰਾ ਜੋ ਕੁਝ ਮਨੁੱਖਤਾ ਨੂੰ ਸੌਂਪਿਆ ਉਹ ਕਦੀ ਵੀਸਾਡੇ ਕੋਲੋਂ ਵਿਛੜਨ ਵਾਲਾ ਨਹੀਂ, ਜਿਸ ਕਰਕੇ ਨਿਊਟਨ ਦਾ ਨਾਂ ਹਮੇਸ਼ਾ ਹੀ ਦੁਨੀਆ ਵਿਚ ਇਕ ਰਾਹ ਦਿਸਾਵੇ ਦੇ ਤੌਰ 'ਤੇ ਜਾਣਿਆ ਜਾਂਦਾ ਰਹੇਗਾ।

98151-69825

# ਇੰਡੋ ਅਮੈਰਕਨ ਹੈਰੀਟੇਜ਼ ਫੋਰਮ ਫਰਿਜ਼ਨੋ ਦਾ ਵਫ਼ਦ ਦੇਸ਼ ਭਗਤ ਯਾਦਗਾਰ ਹਾਲ ਪੁੱਜਾ



ਜਲੰਧਰ: ਬਲਦੇਵ ਸਿੰਘ ਧਾਲੀਵਾਲ ਦੀ ਅਗਵਾਈ ਵਿਚ ਇੰਡੋ ਅਮੈਰਕਨ ਹੈਰੀਟੇਜ ਫੋਰਮ ਫਰਿਜ਼ਨੋ ਦਾ ਵਫ਼ਦ ਦੇਸ਼ ਭਗਤ ਯਾਦਗਾਰ ਹਾਲ ਵਿਖੇ ਪੁੱਜਾ ਜਿਥੇ ਕਮੇਟੀ ਦੇ ਜਨਰਲ ਸਕੱਤਰ ਡਾ. ਰਘਬੀਰ ਕੌਰ, ਖਜਾਨਚੀ ਸੀਤਲ ਸਿੰਘ ਸੰਘਾ, ਟਰੱਸਟੀ ਕੁਲਵੰਤ ਸਿੰਘ ਸੰਧੂ, ਕਮੇਟੀ ਮੈਂਬਰ ਦੇਵ ਰਾਜ ਨਯੀਅਰ ਤੇ ਹੋਰਾਂ ਵੱਲੋਂ ਉਨ੍ਹਾਂ ਨੂੰ ਜੀ ਆਇਆਂ ਆਖਿਆ ਗਿਆ।

ਜ਼ਿਕਰਯੋਗ ਹੈ ਕਿ ਇੰਡੋ ਅਮੈਰਕਨ ਹੈਰੀਟੇਜ ਫੋਰਮ ਫਰਿਜ਼ਨੋ ਨੇ ਬਲਦੇਵ ਸਿੰਘ ਧਾਲੀਵਾਲ ਦੇ ਪਿਤਾ ਗੁਰਬਖਸ਼ ਸਿੰਘ ਧਾਲੀਵਾਲ ਦੀ ਅਗਵਾਈ ਵਿਚ ਅਮਰੀਕਾ ਦੀ ਧਰਤੀ ਫਰਿਜ਼ਨੋ ਵਿਖੇ 2001 ਵਿਚ ਪਹਿਲਾ 'ਮੇਲਾ ਗ਼ਦਰੀ ਬਾਬਿਆਂ ਦਾ' ਦਾ ਲਗਾਉਣ ਦੀ ਪਿਰਤ ਪਾਈ ਸੀ। ਜਿਸ ਸਦਕਾ ਅੱਜ ਅਮਰੀਕਾ ਦੇ ਕੋਨੇ-ਕੋਨੇ ਗ਼ਦਰੀ ਬਾਬਿਆਂ ਦੀ ਯਾਦ ਵਿਚ ਅਣਗਿਣਤ ਮੇਲੇ ਲੱਗਣੇ ਸ਼ੁਰੂ ਹੋ ਚੁੱਕੇ ਹਨ। ਇਸ ਮੌਕੇ ਬਲਦੇਵ ਸਿੰਘ ਧਾਲੀਵਾਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇੰਡੋ ਅਮੈਰਕਨ ਹੈਰੀਟੇਜ ਫੋਰਮ ਫਰਿਜ਼ਨੋ ਵੱਲੋਂ ਸਾਲ ਵਿਚ ਇਕ ਮੇਲੇ ਤੋਂ ਸ਼ੁਰੂ ਕਰਕੇ ਚਾਰ ਸਮਾਗਮ ਕਰਵਾਏ ਜਾਂਦੇ ਹਨ ਜਿਹੜੇ ਸਾਡੇ ਦੇਸ਼ ਦੇ ਕੌਮੀ ਸ਼ਹੀਦ ਕਰਤਾਰ ਸਿੰਘ ਸਰਾਭਾ, ਸ਼ਹੀਦ ਭਗਤ ਸਿੰਘ ਅਤੇ ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਨ 'ਤੇ ਕਰਵਾਏ ਜਾਂਦੇ ਹਨ। ਇਨ੍ਹਾਂ ਮੇਲਿਆਂ ਜਿੱਥੇ ਦੇਸ਼ ਭਗਤੀ ਦੇ ਨਾਟਕ ਕਰਵਾਏ ਜਾਂਦੇ ਹਨ, ਉਥੇ ਨੌਜੁਆਨ ਪੀੜ੍ਹੀ ਨੂੰ ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਤੋਂ ਜਾਣੂ ਕਰਵਾਉਣ ਲਈ ਬੱਚਿਆਂ ਦੀਆਂ ਕਲਾ ਕਿਰਤਾਂ ਦੇ ਮੁਕਾਬਲੇ ਵੀ ਕਰਵਾਏ ਜਾਂਦੇ ਹਨ। ਯਾਦ ਰਹੇ ਇਸ ਸਮੇਂ ਇੰਡੋ ਅਮੈਰਕਨ ਹੈਰੀਟੇਜ ਫੋਰਮ ਫਰਿਜ਼ਨੋ ਦੇ ਪ੍ਰਧਾਨ ਗ਼ਦਰੀ ਬਾਬਾ ਬਚਨ ਸਿੰਘ ਘੋਲੀਆਂ ਕਲਾਂ ਦੇ ਪੋਤਰੇ ਸ. ਗੁਰਦੀਪ ਸਿੰਘ ਅਤੇ ਜਨਰਲ ਸਕੱਤਰ ਸੁਰਿੰਦਰ ਸਿੰਘ ਬਦੇਸ਼ਾ ਹਨ, ਜੋ ਕਿ ਇਲਾਕੇ ਦੇ ਉੱਘੇ ਕਮਿਊਨਿਸਟ ਆਗੂ ਅਤੇ ਪਿੰਡ ਮੰਢਾਲੀ ਸਾਬਕਾ ਸਰਪੰਚ ਸਵਰਗੀ ਗੁਰਬਚਨ ਸਿੰਘ ਮੰਢਾਲੀ ਦੇ ਪੁੱਤਰ ਹਨ। ਇਸ ਮੌਕੇ ਬਲਦੇਵ ਸਿੰਘ ਧਾਲੀਵਾਲ ਤੋਂ ਇਲਾਵਾ ਕਾ. ਗੁਰਬਖਸ਼ ਸਿੰਘ ਦੇ ਪੁੱਤਰ ਅਤੇ ਗ਼ਦਰੀ ਬਾਬਾ ਬਚਨ ਸਿੰਘ ਘੋਲੀਆਂ ਦੇ ਪੋਤਰੇ ਸੁਖਦੇਵ ਸਿੰਘ ਟੋਰਾਂਟੋ ਅਤੇ ਪੋਤ ਨੂੰਹਾਂ ਬਲਵਿੰਦਰ ਕੌਰ, ਸੁਖਦੇਵ ਸਿੰਘ ਟੋਰਾਂਟੋ ਅਤੇ ਨਛੱਤਰ ਕੌਰ ਅਤੇ ਇੰਡੋ ਕੈਨੇਡੀਅਨ ਵਰਕਰਜ਼ ਐਸੋਸੀਏਸ਼ਨ ਕੈਨੇਡਾ ਦੇ ਆਰਗੇਨਾਈਜ਼ਰ ਕੁਲਵੰਤ ਸਿੰਘ ਢੇਸੀ, ਵਿਰਾਸਤ ਫਾਊਂਡੇਸ਼ਨ ਦੇ ਕਾ. ਭੁਪਿੰਦਰ ਸਿੰਘ ਮੱਲ੍ਹੀ, ਪ੍ਰੋ. ਗੋਪਾਲ ਸਿੰਘ ਬੁੱਟਰ, ਕਾਮਰੇਡ ਸ਼ਾਮ ਲਾਲ, ਕੇਸਰ, ਮਨਜੀਤ ਕੇਸਰ, ਗੁਰਦੀਪ ਸਿੰਘ ਸੰਧਰ ਆਦਿ ਸਾਥੀ ਵੀ ਹਾਜ਼ਰ ਸਨ।

# ਭਾਰਤੀ ਵਿਦਿਆਰਥੀਆਂ ਦੀਆਂ ਅਮਰੀਕਾ ਵੱਲ ਨੂੰ ਵਹੀਰਾਂ



ਡਾ. ਚਰਨਜੀਤ ਸਿੰਘ ਗੁਮਟਾਲਾ
001-937-573-9812

ਇਕ ਸਮਾਂ ਸੀਜਦੋਂ ਭਾਰਤ ਵਿਚ ਪੇਸ਼ਾਵਰ ਕਾਲਜ ਨਹੀਂ ਸਨ ਹੁੰਦੇ ਤੇ ਵਿਦਿਆਰਥੀ ਇੰਗਲੈਂਡ ਵਿੱਚ ਪੜ੍ਹਨ ਲਈ ਜਾਂਦੇ ਸਨ। ਹੁਣ ਭਾਰਤ ਵਿਚ ਵੱਡੀ ਪੱਧਰ 'ਤੇ ਵਿਦਿਅਕ ਅਦਾਰੇ ਹੋਣ ਦੇ ਬਾਵਜੂਦ ਵੀ ਵਿਦਿਆਰਥੀਆਂ ਵਿਚ ਵਿਦੇਸ਼ਾਂ ਵਿਚ ਜਾਣ ਦਾ ਰੁਝਾਨ ਵੱਧ ਰਿਹਾ ਹੈ ਤੇ ਹੁਣ ਅਮਰੀਕਾ ਭਾਰਤੀ ਵਿਦਿਆਰਥੀਆਂ ਦੀ ਪਹਿਲੀ ਪਸੰਦ ਹੈ। ਵਿੱਤੀ ਸਾਲ 2014 ਵਿਚ 56653 ਵਿਦਿਆਰਥੀ ਪੜ੍ਹਾਈ ਦਾ ਵੀਜ਼ਾ ਲੈ ਕੇ ਅਮਰੀਕਾ ਗਏ। ਇਹ ਗਿਣਤੀ ਉਸ ਤੋਂ ਪਹਿਲੇ ਵਿੱਤੀ ਸਾਲ ਨਾਲੋਂ 20500 ਵੱਧ ਸੀ। ਵਿੱਤੀ ਸਾਲ 2015 ਵਿੱਚ 90,000 ਤੋਂ ਵੱਧ ਵਿਦਿਆਰਥੀਆਂ ਨੇ ਭਾਰਤੀ ਸਫ਼ਾਰਤਖਾਨੇ ਨੂੰ ਪੜ੍ਹਾਈ ਦੇ ਵੀਜ਼ੇ ਲਈ ਬਿਨੈਪੱਤਰ ਭੇਜੇ ਸਨ, ਇਨ੍ਹਾਂ ਵਿਚੋਂ ਕਿੰਨੇ ਵਿਦਿਆਰਥੀ ਅਮਰੀਕਾ ਗਏ, ਇਹ ਆਉਂਦੇ ਦਿਨਾਂ ਵਿਚ ਪਤਾ ਲੱਗ ਜਾਵੇਗਾ।

ਭਾਰਤੀਆਂ ਦਾ ਵਿਦੇਸ਼ਾਂ ਨੂੰ ਜਾਣ ਦਾ ਰੁਝਾਨ ਲਗਾਤਾਰ ਵੱਧ ਰਿਹਾ ਹੈ। 2000 ਵਿਚ 53000 ਵਿਦਿਆਰਥੀ ਵਿਦੇਸ਼ ਗਏ ਤੇ 2009 ਵਿਚ ਇਹ ਗਿਣਤੀ ਵੱਧ ਕੇ 190000 ਹੋ ਗਈ। ਅਮਰੀਕਾ ਤੋਂ ਬਾਦ ਇੰਗਲੈਂਡ ਦੂਜੇ ਸਥਾਨ 'ਤੇ ਹੈ। 2009 ਵਿਚ 17% ਵਿਦਿਆਰਥੀ ਇੰਗਲੈਂਡ ਗਏ। ਇੰਗਲੈਂਡ ਵੱਲੋਂ ਵੀਜ਼ੇ ਦੀਆਂ ਸ਼ਰਤਾਂ ਸਖ਼ਤ ਕਰਨ ਕਰਕੇ ਵਿਦਿਆਰਥੀਆਂ ਦਾ ਰੁਝਾਨ ਹੁਣ ਉੱਥੇ ਜਾਣ ਲਈ ਘੱਟ ਰਿਹਾ ਹੈ।2000 ਵਿਚ 3348 ਵਿਦਿਆਰਥੀ ਯੂਰਪ ਗਏ ਤੇ ਇਹ ਗਿਣਤੀ 2009 ਵਿਚ ਵੱਧ ਕੇ 51556 ਹੋ ਗਈ। ਇਨ੍ਹਾਂ ਵਿਚੋਂ ਜ਼ਿਆਦਾਤਰ ਜਰਮਨ ਤੇ ਫਰਾਂਸ ਗਏ। ਇੰਗਲੈਂਡ ਜਾਣ ਵਾਲਿਆਂ ਦੀ ਗਿਣਤੀ ਇਨ੍ਹਾਂ ਤੋਂ ਵੱਖਰੀ ਹੈ। ਆਸਟਰੇਲੀਆ ਤੋਂ ਇਲਾਵਾ ਵਿਦਿਆਰਥੀ ਹੁਣ ਕੈਨੇਡਾ, ਨਿਊਜੀਲੈਂਡ, ਸਵੀਡਨ, ਡੈਨਮਾਰਕ, ਇਟਲੀ ਤੇ ਆਇਰਲੈਂਡ ਵੱਲ ਵੀ ਜਾ ਰਹੇ ਹਨ। ਵਿਦਿਆਰਥੀ ਉਨ੍ਹਾਂ ਥਾਵਾਂ ਨੂੰ ਪਹਿਲ ਦੇਣ ਲੱਗੇ ਹਨ ਜਿੱਥੇ ਵਿਦਿਆ ਸਸਤੀ ਹੋਵੇ ਤੇ ਪਾਰਟ ਟਾਇਮ ਕੰਮ ਕਰਨ ਨੂੰ ਮਿਲ ਜਾਵੇ ਕਿਉਂਕਿ ਅਮਰੀਕਾ ਸਮੇਤ ਬਹੁਤੇ ਮੁਲਕਾਂ ਵਿਚ ਵਿਦਿਆਰਥੀਆਂ ਨੂੰ ਕੰਮ ਕਰਨ ਦਾ ਪ੍ਰਮਿਟ ਨਹੀਂ ਮਿਲਦਾ।

ਜਿੱਥੋਂ ਤੀਕ ਅਮਰੀਕਾ ਵਿਚ ਆਉਂਦੇ ਵਿਦਿਆਰਥੀਆਂ ਦਾ ਸਬੰਧ ਹੈ, 74 ਮੁਲਕਾਂ ਤੋਂ ਅਮਰੀਕਾ ਆਉਣ ਵਾਲੇ ਵਿਦਿਆਰਥੀਆਂ ਵਿਚੋਂ ਚੀਨ ਪਹਿਲੇ ਅਤੇ ਭਾਰਤ ਦੂਜੇ ਸਥਾਨ 'ਤੇ ਰਹੇ ਹਨ। 2008 ਤੋਂ 2012 ਤੀਕ ਪੂਰਾ ਸਮਾਂ ਪੜ੍ਹਾਈ ਕਰਨ ਵਾਲੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ 168034 ਸੀ, ਜਦ ਕਿ ਚੀਨ ਦੀ 284179 ਸੀ। ਦੱਖਣੀ ਕੋਰੀਆ ਤੀਜੇ ਸਥਾਨ 'ਤੇ ਸੀ। ਇਸ ਦੇ ਵਿਦਿਆਰਥੀਆਂ ਦੀ ਗਿਣਤੀ 110000 ਸੀ। ਸਾਊਦੀ ਅਰਬ ਜੋ ਕਿ ਅਮਰੀਕਾ ਵਿਚ ਅਤਿਵਾਦੀ 11 ਸਤੰਬਰ ਦੇ ਹਮਲੇ ਲਈ ਜ਼ੁੰਮੇਵਾਰ ਹੈ ਦਾ ਚੌਥਾ ਸਥਾਨ ਸੀ। ਇਸ ਦੇ ਵਿਦਿਆਰਥੀਆਂ ਦੀ ਗਿਣਤੀ 53528 ਸੀ। ਨੇਪਾਲ ਦੀ ਗਿਣਤੀ 20000, ਸ੍ਰੀ ਲੰਕਾ ਦੀ 4113, ਇਜ਼ਰਾਇਲ ਦੀ 4588 ਪਾਕਿਸਤਾਨ ਦੀ ਕੇਵਲ 5767 ਸੀ। ਦੁਨੀਆਂ ਭਰ ਦੇ ਵਿਦੇਸ਼ਾਂ ਵਿਚ ਜਾਣ ਵਾਲੇ ਵਿਦਿਆਰਥੀਆਂ ਵਿਚੋਂ 21% ਵਿਦਿਆਰਥੀ ਅਮਰੀਕਾ ਜਾਂਦੇ ਹਨ। 2008-2012 ਦੇ ਪੰਜ ਸਾਲਾ ਵਿਚ ਵਿਦੇਸ਼ੀ ਵਿਦਿਆਰਥੀਆਂ ਤੋਂ ਅਮਰੀਕਾ ਨੂੰ 21.8 ਅਰਬ ਡਾਲਰ ਬਤੌਰ ਟਿਊਸ਼ਨ ਫੀਸ ਕਮਾਈ ਹੋਈ ਤੇ ਉਨ੍ਹਾਂ ਦੇ ਰਹਿਣ ਸਹਿਣ ਤੋਂ 12.8 ਅਰਬ ਡਾਲਰ ਪ੍ਰਾਪਤ ਹੋਏ।

ਜਿੱਥੋਂ ਤੀਕ ਭਾਰਤੀਆਂ ਦਾ ਸੰਬੰਧ ਹੈ ਹੈਦਰਾਬਾਦ ਦਾ ਪਹਿਲਾ ਸਥਾਨ ਸੀ। ਹੈਦਰਾਬਾਦ ਤੋਂ 26220 ਵਿਦਿਆਰਥੀ ਅਮਰੀਕਾ ਗਏ ਤੇ ਜੇ ਸਕੰਦਰਾਬਾਦ ਨੂੰ ਸ਼ਾਮਲ ਕਰ ਦੇਈਏ ਤਾਂ ਇਹ ਗਿਣਤੀ 30000 ਦੇ ਕ੍ਰੀਬ ਹੋ ਜਾਂਦੀ ਹੈ। ਮੁੰਬਈ ਤੋਂ 17294, ਪੂਨੇ ਤੋਂ 5551, ਦਿੱਲੀ ਤੋਂ 8728, ਚੈਨਈ ਤੋਂ 9141, ਬੰਗਲੌਰ ਤੋਂ 8835 ਅਹਿਮਦਾਬਾਦ ਤੇ ਵਦੋਦਰਾ ਨੂੰ ਮਿਲਾਕੇ 9000 ਵਿਦਿਆਰਥੀਆਂ ਨੂੰ ਵੀਜ਼ਾ ਮਿਲਿਆ ਹੈ। ਕਲਕੱਤੇ ਦੇ ਕੇਵਲ 3881 ਵਿਦਿਆਰਥੀ ਅਮਰੀਕਾ ਗਏ ਪਰ ਇਨ੍ਹਾਂ ਦੀ ਵਿਸ਼ੇਸ਼ਤਾ ਇਹ ਸੀ ਕਿ ਇਨ੍ਹਾਂ ਵਿਚ 44% ਪੀ ਐਚ ਡੀ ਕਰਨ ਵਾਸਤੇ ਗਏ ਜਦ ਕਿ ਬਾਕੀ ਸੂਬਿਆਂ ਦੇ ਡਾਕਟਰੇਟ ਕਰਨ ਵਾਲਿਆਂ ਦੀ ਗਿਣਤੀ ਬਹੁਤ ਘੱਟ ਸੀ। ਹੈਦਰਾਬਾਦ ਦੇ 5% ਤੇ ਚੈਨਈ ਦੇ 14% ਵਿਦਿਆਰਥੀ ਹੀ ਪੀ ਐਚ ਡੀ ਕਰਨ ਗਏ। ਪੰਜਾਬ ਦੇ ਅੰਕੜੇ ਨਹੀਂ ਮਿਲੇ। ਅਮਰੀਕਾ ਜਾਣ ਵਾਲੇ ਵਿਦਿਆਰਥੀਆਂ ਵਿਚੋਂ ਦੋ ਤਿਹਾਈ ਪਾਸ ਸਾਇੰਸ, ਤਕਨਾਲੋਜੀ, ਇੰਜਨੀਰਿਗ, ਹਿਸਾਬ, ਬਿਜ਼ਨਸ ਮੈਨਜਮੈਂਟ ਜਾਂ ਮਾਰਕੀਟ ਨਾਲ ਸੰਬੰਧਿਤ ਵਿਸ਼ੇ ਸਨ ਜਦ ਕਿ ਇਨ੍ਹਾਂ ਦੇ ਮੁਕਾਬਲੇ 'ਤੇ ਕੇਵਲ 48% ਅਮਰੀਕੀ ਵਿਦਿਆਰਥੀ ਇਨ੍ਹਾਂ ਵਿਚ ਵਿਸ਼ਿਆਂ ਵਿਚ ਗਏ। ਵਿਦਿਆਰਥੀਆਂ ਦੀ ਪਹਿਲੀ ਪਸੰਦ ਅਮਰੀਕਾ ਦੇ ਮੈਟਰੋ ਸ਼ਹਿਰ ਹਨ। ਬਹੁਤੀ ਆਬਾਦੀ ਵਾਲੇ ਸ਼ਹਿਰ ਜਿਵੇਂ ਨਿਊਯਾਰਕ, ਬੋਸਟਨ, ਲਾਸ ਏਂਜਲਸ ਵਿਚ ਸਭ ਤੋਂ ਵੱਧ ਵਿਦਿਆਰਥੀਆਂ ਨੇ ਦਾਖਲਾ ਲਿਆ ਹੈ।ਅਮਰੀਕਾ ਵਿਚ ਕੁਲ ਵਿਦੇਸ਼ੀ ਵਿਦਿਆਰਥੀਆਂ ਵਿਚੋਂ 11.8% ਭਾਰਤੀ ਹਨ। ਇਸ ਤੋਂ ਭਾਵ ਹੈ, ਭਾਰਤ ਦੇ ਹੁਸ਼ਿਆਰ ਵਿਦਿਆਰਥੀਆਂ ਦੀ ਪਹਿਲੀ ਪਸੰਦ ਅਮਰੀਕਾ ਹੈ।

ਅਮਰੀਕਾ ਸਭ ਤੋਂ ਮਹਿੰਗਾ ਮੁਲਕ ਹੈ। ਅਮਰੀਕਾ ਵਿਚ ਪੜ੍ਹਾਈ ਦਾ ਸਾਲਾਨਾ ਖਰਚਾ 15000 ਡਾਲਰ ਤੋਂ 70000 ਡਾਲਰ ਹੈ ਤੇ ਇਹ ਕੋਰਸ ਅਤੇ ਯੂਨੀਵਰਸਿਟੀ 'ਤੇ ਨਿਰਭਰ ਕਰਦਾ ਹੈ। ਯੂਰਪ ਵਿਚ ਜਾਣ ਦਾ ਰੁਝਾਨ ਵੀ ਵਧਿਆ ਹੈ। ਸੁਆਲ ਪੈਦਾ ਹੁੰਦਾ ਹੈ ਕਿ ਅਮਰੀਕਾ ਭਾਰਤੀਆਂ ਦੀ ਪਹਿਲੀ ਪਸੰਦ ਕਿਉਂ ਹੈ? ਇਸ ਦੇ ਕਈ ਕਾਰਨ ਹਨ। ਅਮਰੀਕੀ ਵਿਦਿਆ ਦਾ ਪੱਧਰ ਬਹੁਤ ਉੱਚਾ ਹੈ। ਪੜ੍ਹਾਈ ਦੀਆਂ ਵਿਧੀਆਂ ਦਾ ਕੋਈ ਮੁਕਾਬਲਾ ਨਹੀਂ। ਖੋਜ ਲਈ ਬਹੁਤ ਸਹੂਲਤਾਂ ਹਨ, ਜੋ ਕਿ ਭਾਰਤ ਵਿਚ ਨਹੀਂ। ਪ੍ਰੈਕਟੀਕਲ ਟ੍ਰੇਨਿੰਗ 'ਤੇ ਬਹੁਤ ਜੋਰ ਦਿੱਤਾ। ਖੋਜ ਦੀਆਂ ਸੰਭਾਵਨਾਵਾਂ ਬਹੁਤ ਹਨ। ਵਿਦਿਆਰਥੀਆਂ ਨੂੰ ਨੋਬਲ ਪੁਰਸਕਾਰ ਪ੍ਰਾਪਤ ਵਿਦਵਾਨਾਂ ਨਾਲ ਕੰਮ ਕਰਨ ਦਾ ਮੌਕਾ ਮਿਲਦਾ ਹੈ। ਲਚਕਤਾ ਬਹੁਤ ਹੈ ਜੋ ਕਿ ਭਾਰਤ ਵਿਚ ਨਹੀਂ। ਵਿਦਿਆਰਥੀ ਇਕ ਵਿਸ਼ੇ ਨੂੰ ਮੁੱਖ ਵਿਸ਼ੇ ਵੱਜੋਂ ਲੈ ਕੇ ਹੋਰ ਵਿਸ਼ਿਆਂ ਨੂੰ ਛੋਟੇ ਵਿਸ਼ਿਆਂ ਵਾਂਗ ਲੈ ਸਕਦਾ ਹੈ। ਗ੍ਰੈਜੂਏਸ਼ਨ 4 ਸਾਲ ਦੀ ਹੈ। ਤੁਸੀਂ ਜ਼ਿਆਦਾ ਕੋਰਸ ਲੈ ਕੇ ਇਹ ਡਿਗਰੀ 4 ਸਾਲ ਤੋਂ ਪਹਿਲਾਂ ਵੀ ਪ੍ਰਾਪਤ ਕਰ ਸਕਦੇ ਹੋ ਤੇ ਘੱਟ ਕੋਰਸ ਲੈ ਕੇ ਵੱਧ ਸਮਾਂ ਵੀ ਲਾ ਸਕਦੇ ਹੋ। ਇਸ ਤਰ੍ਹਾਂ ਦੀਆਂ ਬਹੁਤ ਸਾਰੀਆਂ ਸਹੂਲਤਾਂ ਹਨ ਜੋ ਭਾਰਤ ਵਿਚ ਨਹੀਂ। ਸਭ ਤੋਂ ਵੱਡੀ ਗੱਲ ਇਹ ਹੈ ਕਿ ਯੂਨੀਵਰਸਿਟੀਆਂ ਸਮੇਂ ਦੀਆਂ ਹਾਣੀ ਹਨ। ਸਮੇਂ ਦੀ ਮੰਗ ਅਨੁਸਾਰ ਇਹ ਕੋਰਸ ਤਿਆਰ ਕਰਦੀਆਂ ਹਨ। ਕਮਿਊਨਿਟੀ ਕਾਲਜਾਂ ਤੇ ਤਕਨੀਕੀ ਕਾਲਜਾਂ ਵਿਚ ਕੋਰਸ ਕਰਨ ਤੋਂ ਬਾਦ ਫ਼ੌਰੀ ਨੌਕਰੀ ਮਿਲ ਜਾਂਦੀ ਹੈ। ਇੱਥੋਂ ਦੀਆਂ ਯੂਨੀਵਰਸਿਟੀਆਂ ਦੁਨੀਆਂ ਦੇ ਪਹਿਲੇ ਸਥਾਨ 'ਤੇ ਹਨ ਪਰ ਭਾਰਤ ਦੀ ਕੋਈ ਵੀ ਯੂਨੀਵਰਸਿਟੀ ਪਹਿਲੀਆਂ 200 ਯੂਨੀਵਰਸਿਟੀਆਂ ਵਿਚ ਸ਼ਾਮਲ ਨਹੀਂ। ਇਨ੍ਹਾਂ ਦੇ ਕੈਂਪਸ ਦਾ ਜੀਵਨ ਬਹੁਤ ਵਧੀਆ ਹੈ। ਭਾਰਤ ਵਿਚ ਖਾਸ ਕਰਕੇ ਪੰਜਾਬ ਵਿਚ ਨੌਕਰੀਆਂ ਦੇ ਮੌਕੇ ਬਹੁਤ ਹੀ ਘੱਟ ਸਮਝੋ ਨਾ ਮਾਤਰ ਹੀ ਹਨ, ਇਸ ਲਈ ਵਿਦਿਆਰਥੀ ਵਿਦੇਸ਼ਾਂ ਨੂੰ ਜਾ ਰਹੇ ਹਨ।



ਭਾਰਤ ਨੇ ਜੇ ਤਰੱਕੀ ਕਰਨੀ ਹੈ ਤਾਂ ਭਾਰਤ ਨੂੰ ਵਿਦਿਆ ਦੇ ਖੇਤਰ ਵਿਚ ਕ੍ਰਾਂਤੀਕਾਰੀ ਤਬਦੀਲੀਆਂ ਕਰਨ ਦੀ ਲੋੜ ਹੈ। ਅਮਰੀਕਾ ਵਿਚ ਯੂਨੀਵਰਸਿਟੀਆਂ ਆਜ਼ਾਦ ਹਨ। ਭਾਵ ਸਿਆਸਤਦਾਨਾਂ ਤੋਂ ਮੁਕਤ ਹਨ ਜਦ ਕਿ ਭਾਰਤ ਵਿਚ ਯੂਨੀਵਰਸਿਟੀਆਂ ਨੂੰ ਸਿਆਸਤਦਾਨ ਚਲਾ ਰਹੇ ਹਨ ਜਿਨ੍ਹਾਂ ਨੂੰ ਵਿਦਿਅਕ ਖੇਤਰ ਦਾ ਕੋਈ ਤਜ਼ਰਬਾ ਨਹੀਂ। ਕਈ ਸਿੱਖਿਆ ਮੰਤਰੀਆਂ ਨੇ ਕਾਲਜਾਂ ਦਾ ਮੂੰਹ ਵੀ ਨਹੀਂ ਵੇਖਿਆ । ਹੁਣ ਅਜਿਹੇ ਸਿਖਿਆ ਮੰਤਰੀ ਸਿੱਖਿਆ ਵਿਭਾਗ ਨੂੰ ਕਿਵੇਂ ਚਲਾ ਸਕਦੇ ਹਨ? ਇਸ ਲਈ ਯੂਨੀਵਰਸਿਟੀਆਂ ਨੂੰ ਖੁਦ ਮੁਖਤਾਰੀ ਦੇਣ ਦੀ ਲੋੜ ਹੈ। ਅਮਰੀਕਾ ਵਿਚ ਪ੍ਰੋਫ਼ੈਸਰਾਂ ਨੂੰ ਕੰਮ ਦੇ ਆਧਾਰ 'ਤੇ ਤਰੱਕੀ ਦਿੱਤੀ ਜਾਂਦੀ ਹੈ, ਜਦ ਕਿ ਭਾਰਤ ਵਿਚ ਪ੍ਰੋਫ਼ੈਸਰਾਂ ਦੀ ਕੋਈ ਜੁਆਬ ਦੇਹੀ ਨਹੀਂ। ਇਨ੍ਹਾਂ ਨੂੰ ਜੁਆਬਦੇਹ ਬਨਾਉਣ ਦੀ ਲੋੜ ਹੈ। ਅਰਬਾਂ ਰੁਪਏ ਦਾ ਸਰਮਾਇਆ ਬਾਹਰ ਜਾ ਰਿਹਾ ਹੈ ਪੜ੍ਹੀ ਲਿਖੀ ਪੀੜ੍ਹੀ ਦਾ ਵਿਦੇਸ਼ੀ ਲਾਭ ਉਠਾ ਰਹੇ ਹਨ ਜੋ ਕਿ ਭਾਰਤ ਲਈ ਨਮੋਸ਼ੀ ਦੀ ਗੱਲ ਹੈ। ਇਸ ਨੂੰ ਬੌਧਿਕ ਨਿਕਾਸ (ਬ੍ਰੇਨ ਡਰੇਨ) ਕਹਿੰਦੇ ਹਨ, ਜਿਸ ਨੂੰ ਰੋਕਣ ਦੀ ਲੋੜ ਹੈ।


## ਸੰਤਾਂ, ਬਾਬਿਆਂ, ਜੋਤਸ਼ੀਆਂ ਅਤੇ ਤਾਂਤਰਿਕਾਂ ਨੂੰ ਚੁਣੌਤੀ





ਤਰਕਸ਼ੀਲ ਸੁਸਾਇਟੀ ਪੰਜਾਬ ਰਜਿ. ਐਲਾਨ ਕਰਦੀ ਹੈ ਕਿ ਪੰਜ ਲੱਖ ਰੁਪਏ ਦਾ ਇਨਾਮ ਦੁਨੀਆ ਦੇ ਕਿਸੇ ਅਜਿਹੇ ਵਿਅਕਤੀ ਨੂੰ ਦੇਣ ਲਈ ਤਿਆਰ ਹੈ, ਜਿਹੜਾ ਧੋਖਾ-ਰਹਿਤ ਹਾਲਤਾਂ ਵਿੱਚ, ਕੋਈ ਚਮਤਕਾਰੀ ਜਾਂ ਅਲੌਕਿਕ ਸ਼ਕਤੀ ਦਾ ਵਿਖਾਵਾ ਕਰ ਸਕਦਾ ਹੋਵੇ। ਇਹ ਪੇਸ਼ਕਸ਼ ਸੁਸਾਇਟੀ ਨੂੰ ਪਹਿਲਾ ਇਨਾਮ ਮੰਤੂ ਮਿਲਣ ਤੱਕ ਖੁੱਲ੍ਹੀ ਹੋਵੇਗੀ। ਦੇਵ-ਪੁਰਸ਼, ਜੋਤਸ਼ੀ ਗੁਰੂ ਸਵਾਮੀ ਅਤੇ ਹੋਰ ਦੂਸਰੇ ਹੇਠ ਲਿਖੇ ਵਿੱਚੋਂ ਕਿਸੇ ਇੱਕ ਦਾ ਵਿਖਾਵਾ ਕਰਕੇ ਜਿੱਤ ਸਕਦੇ ਹਨ.

1. ਜਿਹੜਾ ਸੀਲਬੰਦ ਕਰੰਸੀ ਨੋਟ ਦੀ ਲੜੀ ਨੰਬਰ ਪੜ੍ਹ ਸਕਦਾ ਹੋਵੇ 2. ਜਿਹੜਾ ਕਿਸੇ ਕਰੰਸੀ ਨੋਟ ਦੀ ਠੀਕ ਨਕਲ ਪੈਦਾ ਕਰ ਸਕਦਾ ਹੋਵੇ, 3. ਜਿਹੜਾ ਬਲਦੀ ਹੋਈ ਅੱਗ 'ਤੇ ਅੱਧੇ ਮਿੰਟ ਲਈ ...

### ਇਹ ਚੁਣੌਤੀ ਹੇਠ ਲਿਖੀਆਂ ਸ਼ਰਤਾਂ ਨਾਲ ਲਾਗੂ ਹੋਵੇਗੀ

ਮਾਸਟਰ ਭਜਨ ਸਿੰਘ : 403-455-4220, ਪ੍ਰੋ: ਗੋਪਾਲ ਕਾਉਂਕੇ : 403-970-3588

# ਤੁਰ ਗਿਆ ਚਲਦਾ ਫਿਰਦਾ ਇਤਿਹਾਸ ਕਾ. ਚੈਨ ਸਿੰਘ ਚੈਨ

ਡਾ. ਰਘਬੀਰ ਕੌਰ





ਕਾਮਰੇਡ ਚੈਨ ਸਿੰਘ ਚੈਨ ਦੇ ਰੂਪ ਵਿੱਚ ਤੁਰਦਾ ਫਿਰਦਾ ਸਾਹ ਲੈਂਦਾ ਇਤਿਹਾਸ 8 ਜਨਵਰੀ 2016 ਨੂੰ ਸਾਨੂੰ ਸਦੀਵੀ ਵਿਛੋੜਾ ਦੇ ਗਿਆ। ਸਾਰੀ ਉਮਰ ਲੋਕ ਸੇਵਾ ਵਿੱਚ ਅਰਪਣ ਕਰਨ ਵਾਲੇ ਲੋਕ ਸੰਘਰਸ਼ਾਂ ਦੇ ਜੀਵਨ-ਭਰ ਸਾਥੀ ਰਹੇ ਚੈਨ ਸਿੰਘ ਚੈਨ ਦਾ ਸੰਗਰਾਮੀ ਜੀਵਨ ਸਾਡੇ ਸਾਹਮਣੇ ਅਨੇਕਾਂ ਦਿਸ਼ਾਵਾਂ ਨੂੰ ਰੌਸ਼ਨ ਕਰਦਾ ਹੈ। ਉਸਦੇ ਤੁਰ ਜਾਣ ਨਾਲ ਦੇਸ਼ ਭਗਤਾਂ ਦੀ ਹੌਲੀ ਹੌਲੀ ਅਲੋਪ ਹੁੰਦੀ ਜਾ ਰਹੀ ਵੱਡੀ ਪੀੜ੍ਹੀ ਦਾ ਇੱਕ ਹੋਰ ਵੱਡਾ ਥੰਮ ਖਿਸਕ ਗਿਆ ਹੈ।

25 ਸਤੰਬਰ 1917 ਨੂੰ ਜ਼ਿਲ੍ਹਾ ਜਲੰਧਰ ਦੇ ਪਿੰਡ ਦਾਦੂਵਾਲ ਦੇ ਇਕ ਗਰੀਬ ਕਿਸਾਨ ਪਰਿਵਾਰ ਵਿੱਚ ਜਨਮ ਲੈਣ ਵਾਲੇ ਕਾਮਰੇਡ ਚੈਨ ਦੇ ਪਿਤਾ ਸ. ਦਲੇਲ ਸਿੰਘ ਤੇ ਮਾਂ ਭਾਨੀ ਕੌਰੇ ਅਨਪੜ੍ਹ ਸਨ, ਪਰ ਉਨ੍ਹਾਂ ਦੇ ਮਨ ਵਿੱਚ ਆਪਣੇ ਬੱਚੇ ਨੂੰ ਸਿੱਖਿਆ ਦਿਵਾਉਣ ਦੀ ਚਾਹ ਬੜੀ ਪ੍ਰਬੱਲ ਸੀ। ਇਸ ਕਰਕੇ ਉਨ੍ਹਾਂ ਨੇ ਚੈਨ ਹੁਰਾਂ ਨੂੰ ਮੁੱਢਲੀ ਸਿੱਖਿਆ ਹਾਸਲ ਕਰਨ ਲਈ ਪਿੰਡ ਪਾਸਲਾ ਦੇ ਪ੍ਰਾਇਮਰੀ ਸਕੂਲ ਦਾਖਲ ਕਰਵਾ ਦਿੱਤਾ। ਮਿਡਲ ਸਕੂਲ ਦੀ ਸਿੱਖਿਆ ਪ੍ਰਾਪਤ ਕਰਨ ਉਨ੍ਹਾਂ ਨੇ ਆਪਣੇ ਨਾਨਕੇ ਪਿੰਡ ਛੋਕਰਾ ਵਿੱਚ ਨਿਵਾਸ ਕਰ ਲਿਆ ਤੇ ਅਪਰਾ ਦੇ ਸਕੂਲ ਵਿਚੋਂ ਅਗਲੀ ਸਿੱਖਿਆ ਪ੍ਰਾਪਤ ਕੀਤੀ। ਬਚਪਨ ਤੋਂ ਮਿਹਨਤੀ ਤੇ ਪੜ੍ਹਨ ਵਿੱਚ ਹੁਸ਼ਿਆਰ ਚੈਨ ਸਿੰਘ ਨੂੰ ਪ੍ਰਾਇਮਰੀ ਸਕੂਲ ਤੋਂ ਹੀ ਵਜ਼ੀਫਾ ਪ੍ਰਾਪਤ ਹੋ ਗਿਆ ਸੀ। ਉਹ ਜਦੋਂ ਆਪਣੇ ਪਿੰਡ ਦੰਦੂਵਾਲ ਤੋਂ ਪਾਸਲੇ ਨੂੰ ਪੈਦਲ ਸਕੂਲ ਜਾਂਦੇ ਸਨ ਤਾਂ ਉਨ੍ਹਾਂ ਦੀ ਸੰਗਤ ਇੱਕ ਸਾਧੂ ਨਾਲ ਹੋ ਗਈ। ਉਨ੍ਹਾਂ ਦੇ ਮਨ ਵਿੱਚ ਗਿਆਨ ਪ੍ਰਾਪਤੀ ਦੀ ਤੀਬਰ ਚਾਹ ਨੇ ਜਿਥੇ ਉਸ ਸਾਧੂ ਦੀ ਸਿੱਖਿਆਵਾਂ ਨਾਲ ਜੋੜਿਆ, ਉਥੇ ਗਿਆਨ ਪ੍ਰਾਪਤੀ ਦੀ ਚੇਸ਼ਟਾ ਅਗਲੇਰੀ ਸਿੱਖਿਆ ਹਾਸਲ ਕਰਨ ਲਈ ਉਨ੍ਹਾਂ ਨੂੰ ਪਿੰਡ ਤੋਂ ਸ਼ਹਿਰ ਖਿੱਚ ਕੇ ਲੈ ਆਈ ਅਤੇ ਉਨ੍ਹਾਂ ਖਾਲਸਾ ਹਾਈ ਸਕੂਲ ਜਲੰਧਰ ਦਾਖਲਾ ਲੈ ਲਿਆ। ਉਹ ਆਪਣੇ ਜੀਵਨ ਦੇ ਆਰੰਭਲੇ ਸਾਲਾਂ ਵਿੱਚ ਸਿੱਖ ਇਤਿਹਾਸ ਅਤੇ ਜੀਵਨ ਜਾਂਚ ਤੋਂ ਬਹੁਤ ਪ੍ਰੇਰਿਤ ਤੇ ਪ੍ਰਭਾਵਿਤ ਹੋਏ। ਉਨ੍ਹਾਂ ਨੂੰ ਹਰੀ ਸਿੰਘ ਨਲੂਏ ਦੀ ਜੀਵਨੀ ਨੇ ਵੀ ਬਹੁਤ ਪ੍ਰਭਾਵਿਤ ਕੀਤਾ। ਆਨੰਦਪੁਰ ਸਾਹਿਬ ਦੇ ਹੋਲੇ ਮਹੱਲੇ ਮੌਕੇ ਉਨ੍ਹਾਂ ਨੇ ਪ੍ਰਿੰਸੀਪਲ ਗੰਗਾ ਸਿੰਘ ਦੇ ਭਾਸ਼ਨ ਤੋਂ ਪ੍ਰਭਾਵਿਤ ਹੋ ਕੇ ਨਸ਼ਿਆਂ ਦਾ ਤਿਆਗ ਕਰ ਦਿੱਤਾ ਤੇ ਜ਼ਿੰਦਗੀ ਦਾ ਇਹ ਨਿਸ਼ਾਨਾ ਮਿੱਥ ਲਿਆ ਕਿ ਉਹ ਨਰੋਏ ਸਮਾਜ ਸਿਰਜਣਾ ਵਿੱਚ ਆਪਣੀ ਜ਼ਿੰਦਗੀ ਨੂੰ ਸਮਰਪਿਤ ਕਰ ਦੇਣਗੇ। ਸਿੱਖੀ ਜੀਵਨ ਜਾਚ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਨੇ ਅੰਮ੍ਰਿਤ ਵੀ ਛਕ ਲਿਆ ਤੇ ਪੂਰਨ ਸਿੱਖੀ ਰੂਪ ਧਾਰਨ ਕਰ ਲਿਆ।

ਬੇਇਨਸਾਫ਼ੀ ਦੇ ਵਿਰੁੱਧ ਲੜਣ ਦਾ ਜ਼ਜਬਾ ਉਨ੍ਹਾਂ ਦੇ ਮਨ ਵਿੱਚ ਵਿਦਿਆਰਥੀ ਜੀਵਨ ਤੋਂ ਹੀ ਪ੍ਰਚੱਲ ਸੀ। ਇਕ ਵਾਰ ਜਲੰਧਰ ਦੇ ਖਾਲਸਾ ਹਾਈ ਸਕੂਲ ਦੇ ਅਧਿਆਪਕਾ ਵਲੋਂ ਵਿਦਿਆਰਥੀਆਂ ਨਾਲ ਦੁਰਵਿਵਹਾਰ ਕਰਨ 'ਤੇ ਕੀਤੀ ਗਈ ਰੋਸ ਹੜਤਾਲ ਵਿਚ ਵੀ ਉਨ੍ਹਾਂ ਸਰਗਰਮ ਹਿੱਸਾ ਲਿਆ। ਪਰ ਮਾਪਿਆਂ ਨੂੰ ਫ਼ਿਕਰ ਪੈ ਗਿਆ ਕਿ ਜੇਕਰ ਸਾਡਾ ਬੱਚਾ ਇਸ ਤਰ੍ਹਾਂ ਦੀਆਂ ਬਾਗ਼ੀਆਨਾ ਹਰਕਤਾਂ ਕਰਦਾ ਰਿਹਾ ਤਾਂ ਉਹ ਪਰਿਵਾਰ ਦੇ ਸੁਪਨੇ ਪੂਰੇ ਨਹੀਂ ਕਰ ਸਕੇਗਾ। ਇਸ ਲਈ ਉਨ੍ਹਾਂ ਨੇ ਕਾਲਜ ਦਾਖ਼ਲ ਕਰਾਉਣ ਦੀ ਥਾਂ ਪਿੰਡ ਵਿਚ ਹੀ ਇਕ ਛੋਟੀ ਜਿਹੀ ਹੱਟੀ ਖੋਲ੍ਹ ਦਿੱਤੀ।

ਇਹ ਉਹ ਸਮਾਂ ਸੀ ਜਦੋਂ ਗ਼ਦਰੀ ਬਾਬਿਆਂ ਵੱਲੋਂ ਦੇਸ਼ ਦੇ ਸੁਤੰਤਰਤਾ ਸੰਗਰਾਮ ਲਈ ਕੀਤੇ ਗ਼ਦਰ ਦੇ ਅਸਫ਼ਲ ਰਹਿ ਜਾਣ ਕਾਰਨ ਸੈਂਕੜੇ ਦੇਸ਼ ਭਗਤਾਂ ਨੂੰ ਫਾਂਸੀਆਂ, ਉਮਰ ਕੈਦਾਂ ਅਤੇ ਜੂਹ ਬੰਦ ਕਰ ਦਿੱਤਾ ਗਿਆ ਸੀ। ਇਨ੍ਹਾਂ ਸਿਰੜੀ ਦੇਸ਼ ਭਗਤਾਂ ਨੇ ਹਿੰਮਤ ਨਾ ਹਾਰੀ ਤੇ ਆਜ਼ਾਦੀ ਲਈ ਬਾਲੀ ਸ਼ਮ੍ਹਾਂ ਦੀ ਲਾਟ ਨੂੰ ਮਘਦੀ ਰੱਖਣ ਲਈ ਆਪਣਾ ਸੰਘਰਸ਼ ਜਾਰੀ ਰੱਖਿਆ। 1926 ਵਿਚ ਗ਼ਦਰੀ ਭਾਈ ਸੰਤੋਖ ਸਿੰਘ ਦੀ ਸੰਪਾਦਨਾ ਅਧੀਨ 'ਕਿਰਤੀ' ਅਖ਼ਬਾਰ ਸ਼ੁਰੂ ਕੀਤੀ। ਗ਼ਦਰ ਪਾਰਟੀ ਵਾਲੇ ਦੇਸ਼ ਭਗਤ, ਕਿਰਤੀ ਪਾਰਟੀ ਅਤੇ ਹਿੰਦ ਕਮਿਊਨਿਸਟ ਪਾਰਟੀ ਦੇ ਮੈਂਬਰ ਬਣ ਕੇ ਸਾਂਝੇ ਤੌਰ 'ਤੇ ਕੰਮ ਕਰਦੇ ਸਨ। ਇਹ ਦੇਸ਼ ਭਗਤ ਪਿੰਡਾਂ ਦੇ ਨੌਜਵਾਨਾਂ ਨੂੰ ਆਪਣੇ ਨਾਲ ਜੋੜਨ ਲਈ ਆਪ ਪਿੰਡਾਂ ਵਿਚ ਜਾਂਦੇ ਰਹਿੰਦੇ ਸਨ। ਇਸ ਇਲਾਕੇ ਵਿਚੋਂ ਬਿਲਗਾ, ਚੀਮਾ, ਸ਼ੰਕਰ ਜੰਡਿਆਲਾ, ਬੁੰਡਾਲਾ, ਰੁੜਕਾ, ਸ਼ੰਕਰ, ਉਪਲਭੂਪਾ ਦੇ ਦੇਸ਼ ਭਗਤ ਕਾਫੀ ਸਰਗਰਮ ਹਨ। ਗ਼ਦਰੀ ਬਾਬਿਆਂ ਦੀਆਂ ਕੁਰਬਾਨੀਆਂ ਤੇ ਕੰਮਾਂ ਤੋਂ ਚੈਨ ਸਿੰਘ ਚੈਨ ਬਹੁਤ ਪ੍ਰਭਾਵਿਤ ਸਨ ਤੇ ਉਹ ਹੋਲੀ ਹੋਲੀ ਇਸ ਲਹਿਰ ਦੇ ਨਾਲ ਜੁੜ ਗਏ। ਕਿਰਤੀ ਪਾਰਟੀ ਨਾਲ ਚੈਨ ਸਿੰਘ ਚੈਨ ਨੂੰ ਜੋੜਨ ਦੀ ਅਹਿਮ ਭੂਮਿਕਾ ਨਿਭਾਉਣ ਵਾਲੇ ਪਿੰਡ ਰੁੜਕਾ ਦੇ ਚੈਨ ਸਿੰਘ ਤੇ ਸ਼ੰਕਰ ਤੋਂ ਕਾਮਰੇਡ ਜੀਵਨ ਸਿੰਘ ਦੁੱਖੀ, ਬਿਲਗੇ ਤੋਂ ਭਾਈ ਉਜਾਗਰ ਸਿੰਘ, ਜਵਾਲਾ ਸਿੰਘ ਤੇ ਕਰਮ ਸਿੰਘ ਸਨ।

ਹੁਣ ਚੈਨ ਸਿੰਘ ਚੈਨ ਦਾ ਜੀਵਨ ਰੁੱਖ ਬਦਲ ਗਿਆ। ਕਾਮਰੇਡ ਭਗਤ ਸਿੰਘ ਬਿਲਗਾ ਤੇ ਕਾਮਰੇਡ ਬੂਝਾ ਸਿੰਘ ਨੇ ਉਨ੍ਹਾਂ ਨੂੰ ਮਾਰਕਸਵਾਦ ਦਾ ਮੁੱਢਲਾ ਪਾਠ ਪੜ੍ਹਾਇਆ ਅਤੇ ਉਹ ਛੇਤੀ ਹੀ ਕਿਰਤੀ ਪਾਰਟੀ ਵਿੱਚ ਸਨਮਾਨਯੋਗ ਸਥਾਨ ਪ੍ਰਾਪਤ ਕਰ ਗਏ। 1937 ਵਿਚ ਕਾ. ਚੈਨ ਸਿੰਘ ਨੇ ਕਿਰਤੀ ਪਾਰਟੀ ਦੇ ਸਕੱਤਰ ਬਣ ਕੇ ਆਪਣੀਆਂ ਜ਼ਿੰਮੇਵਾਰੀਆਂ ਨਿਭਾਈਆਂ। 1938 ਦੇ ਸਾਲ ਵਿੱਚ ਪੰਜਾਬ ਵਿਚ ਕੁਦਰਤੀ ਕਰੋਪੀ ਐਸੀ ਵਾਪਰੀ ਕਿ ਮੀਂਹ ਨਾ ਪੈਣ ਕਾਰਨ ਖੂਹਾਂ ਤੇ ਛੱਪੜਾਂ ਦੇ ਪਾਣੀ ਸੁੱਕ ਗਏ। ਆਮ ਜਨਤਾ ਤੇ ਖਾਸ ਕਰ ਕਿਸਾਨੀ ਵਿਚ ਹਾਹਾਕਾਰ ਮੱਚ ਗਈ। ਦੁਆਬੇ ਵਿਚ ਨਹਿਰ ਕੱਢਣ ਦੀ ਮੰਗ ਨੂੰ ਲੈ ਕੇ 1937 ਵਿੱਚ ਪੰਜਾਬ ਕਿਸਾਨ ਕਮੇਟੀ ਦਾ ਗਠਨ ਹੋਇਆ, ਜਿਸਦੇ ਪਹਿਲੇ ਪ੍ਰਧਾਨ ਬਾਬਾ ਜਵਾਲਾ ਸਿੰਘ ਠੱਠੀਆਂ ਬਣੇ ਤੇ ਜਲੰਧਰ ਜ਼ਿਲੇ ਦੇ ਪ੍ਰਧਾਨ ਬਾਬਾ ਕਰਮ ਸਿੰਘ ਚੀਮਾ ਤੇ ਸਕੱਤਰ ਚੈਨ ਸਿੰਘ ਚੈਨ ਬਣੇ। ਹੁਣ ਉਨ੍ਹਾਂ ਨੇ ਪੂਰੀ ਤਰ੍ਹਾਂ ਆਪਣਾ ਜੀਵਨ ਲੋਕ ਸੰਘਰਸ਼ਾਂ ਨੂੰ ਅਰਪਿਤ ਕਰ ਦਿੱਤਾ ਸੀ ਅਤੇ ਕਿਸਾਨੀ ਤੋਂ ਇਲਾਵਾ ਮਜ਼ਦੂਰ, ਵਿਦਿਆਰਥੀ ਤੇ ਇਸਤਰੀ ਫਰੰਟ ਕਾਇਮ ਕਰਨ ਵਿਚ ਵੀ ਮੁੱਖ ਭੂਮਿਕਾ ਨਿਭਾਈ।

ਕਾ. ਚੈਨ ਲੋਕਾਂ ਨਾਲ ਧੁਰ ਨੇੜਿਓ ਜੁੜੇ ਹੋਏ ਆਗੂ ਸਨ। ਇਸੇ ਕਰਕੇ ਉਨ੍ਹਾਂ ਦੇ ਪਿੰਡ ਵਾਲਿਆਂ ਨੇ ਉਨ੍ਹਾਂ ਨੂੰ 12 ਸਾਲ ਸਰਪੰਚ ਹੋਣ ਦਾ ਮਾਣ ਵੀ ਬਖਸ਼ਿਆ। ਇਹ ਆਜ਼ਾਦ ਭਾਰਤ ਦੀ ਪਹਿਲੀ ਪੰਚਾਇਤ ਸੀ। ਉਹ ਇੰਨੇ ਦੂਰ ਅੰਦੇਸ਼ ਸਨ ਕਿ ਉਨ੍ਹਾਂ ਨੇ ਉਸ ਸਮੇਂ ਦੌਰਾਨ ਪਿੰਡ ਦੀਆਂ ਗਲੀਆਂ ਤੇ ਨਾਲੀਆਂ ਪੱਕੀਆਂ ਕਰਵਾ ਕੇ ਗੰਦੇ ਪਾਣੀ ਦੇ ਨਿਕਾਸ ਦਾ ਪ੍ਰਬੰਧ ਕਰਵਾਇਆ। ਪਿੰਡ ਦੇ ਆਦਿਧਰਮੀਆਂ ਦੇ ਬੈਠਣ ਲਈ ਇਕ ਥੜਾ ਬਣਵਾਇਆ। ਬਗੈਰ ਜਾਤ-ਪਾਤ, ਊਚ-ਨੀਚ ਤੋਂ ਸਾਂਝੀਆਂ ਥਾਵਾਂ ਨੂੰ ਸਾਂਝੇ ਤੌਰ 'ਤੇ ਵਰਤਣ ਦਾ ਅਧਿਕਾਰ ਪਾਸ ਕਰਵਾਇਆ।

ਕਾ. ਚੈਨ ਸਿੰਘ ਚੈਨ ਸਾਰੀ ਉਮਰ ਹਿੰਦ ਕਮਿਊਨਿਸਟ ਪਾਰਟੀ ਨਾਲ ਜੁੜੇ ਰਹੇ। ਵੱਖ ਵੱਖ ਜ਼ਿੰਮੇਵਾਰ ਅਹੁਦੇਦਾਰੀਆਂ ਵੀ ਨਿਭਾਈਆਂ। ਉਹ ਹਮੇਸ਼ਾਂ ਹੀ ਪਾਰਟੀ ਅਨੁਸ਼ਾਸਨ ਵਿਚ ਰਹਿ ਕੇ ਪਾਰਟੀ ਦੇ ਹੁਕਮਾਂ ਦੀ ਕੱਟੜਤਾ ਨਾਲ ਪਾਲਣਾ ਕਰਦੇ ਰਹੇ। ਪਾਰਟੀ ਦੇ ਹੁਕਮ ਅਨੁਸਾਰ ਇਸਤਰੀ ਵਿੰਗ ਨੂੰ ਮਜ਼ਬੂਤ ਕਰਨ ਲਈ ਸੁਸ਼ੀਲਾ ਨਾਲ ਫਰਜ਼ੀ ਵਿਆਹ ਕਰਵਾਇਆ, ਜੋ ਕੁਝ ਸਾਲਾਂ ਬਾਅਦ ਹਕੀਕਤ ਵਿਚ ਬਦਲ ਗਿਆ। ਪਾਰਟੀ ਦੇ ਹੁਕਮ ਅਨੁਸਾਰ ਸਮੇਂ ਤੇ ਪਰਿਸਥਿਤਿਆ ਅਨੁਸਾਰ ਆਪਣਾ ਹੁਲੀਆ ਬਦਲ ਕੇ ਚੈਨ ਸਿੰਘ ਤੋਂ ਪ੍ਰਕਾਸ਼ ਸਿੰਘ ਵੀ ਬਣੇ। ਮੌਕਾ ਆਉਣ 'ਤੇ ਨਵਾਂ ਜ਼ਮਾਨਾ ਅਖ਼ਬਾਰ ਪ੍ਰਤੀ ਸੌਂਪੀ ਗਈ ਕਠਿਨ ਜ਼ਿੰਮੇਵਾਰੀ ਵੀ ਬੜੀ ਤਨਦੇਹੀ ਨਾਲ ਨਿਭਾਈ। ਹੁਕਮਾਂ ਦੀ ਪਾਲਣਾ ਕਰਦੇ ਹੋਏ ਫਿਲੌਰ ਅਸੈਂਬਲੀ ਸੀਟ ਦੀ ਚੋਣ ਵੀ ਲੜੀ ਭਾਵੇਂ ਕਿ ਸਫ਼ਲਤਾ ਪ੍ਰਾਪਤ ਨਹੀਂ ਹੋਈ।

ਕਾ. ਚੈਨ ਸਿੰਘ ਚੈਨ ਨੇ ਕੁਰਬਾਨੀ ਵਾਲੇ ਦੇਸ਼ ਭਗਤਾਂ ਨੂੰ ਇਕੱਠੇ ਕੀਤਾ ਅਤੇ ਉਨ੍ਹਾਂ ਨੂੰ ਫਰੀਡਮ ਫਾਈਟਰਾਂ ਦੇ ਅਧਿਕਾਰ ਤੇ ਰਿਆਇਤਾਂ ਦਿਵਾਉਣ ਵਾਸਤੇ ਫਰੀਡਮ ਫਾਈਟਰ ਸੰਸਥਾ ਦੀ ਸਥਾਪਨਾ ਵੀ ਕੀਤੀ ਤੇ ਲੰਮਾ ਸਮਾਂ ਇਸ ਦੇ ਜਨਰਲ ਸਕੱਤਰ ਵੀ ਰਹੇ। ਦੇਸ਼ ਭਗਤਾਂ ਨੂੰ ਸੁਤੰਤਰਤਾ ਸੈਨਾਨੀਆਂ ਦਾ ਦਰਜਾ ਦੁਆਉਣ ਲਈ 1960 ਵਿਚ ਵਫ਼ਦ ਦੀ ਅਗਵਾਈ ਕੀਤੀ ਅਤੇ ਤੱਤਕਾਲੀ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਅਤੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਆਪਣਾ ਮੰਗ ਪੱਤਰ ਪੇਸ਼ ਕੀਤਾ।

ਕਾ. ਚੈਨ ਸਿੰਘ ਚੈਨ ਗ਼ਦਰੀ ਬਾਬਿਆਂ ਵਲੋਂ ਸਥਾਪਿਤ ਕੀਤੀ ਹੋਈ ਦੇਸ਼ ਭਗਤ ਯਾਦਗਾਰ ਕਮੇਟੀ ਦੇ ਲੰਮਾ ਸਮਾਂ ਮਾਣਯੋਗ ਮੈਂਬਰ ਵੀ ਰਹੇ ਅਤੇ ਸਹਾਇਕ ਸਕੱਤਰ, ਟਰੱਸਟੀ ਅਤੇ ਇਤਿਹਾਸ ਸਬ-ਕਮੇਟੀ ਦੇ ਮੈਂਬਰ ਦੀ ਜ਼ਿੰਮੇਵਾਰੀਆਂ ਵੀ ਨਿਭਾਈਆਂ। ਦੇਸ਼ ਭਗਤ ਯਾਦਗਾਰ ਕਮੇਟੀ ਨੇ ਗ਼ਦਰੀ ਬਾਬਿਆਂ ਦੇ ਨੌਂਵੇਂ ਮੇਲੇ ਉਤੇ ਝੰਡਾ ਲਹਿਰਾਉਣ ਦੀ ਰਸਮ ਅਦਾ ਕਰਨ ਅਤੇ ਸਰੋਤਿਆਂ ਨੂੰ ਸੰਬੋਧਨ ਕਰਨ ਦਾ ਮਾਣ ਵੀ ਕਾ. ਚੈਨ ਨੂੰ ਦਿੱਤਾ।

ਦੇਸ਼ ਭਗਤ ਯਾਦਗਾਰ ਹਾਲ ਦੇ ਅੰਦਰ ਗ਼ਦਰੀ ਮਿਊਜ਼ਿਅਮ ਬਣਾਉਣ ਅਤੇ ਇਸ ਵਿਚ ਗ਼ਦਰੀਆਂ ਦੀਆਂ ਉਪਲੱਭਧ ਤਸਵੀਰਾਂ ਲਾਉਣ ਵਿੱਚ ਵੀ ਉਨ੍ਹਾਂ ਦਾ ਪ੍ਰਮੁੱਖ ਯੋਗਦਾਨ ਸੀ। ਜਿਹੜੀਆਂ ਤਸਵੀਰਾਂ ਉਪਲੱਭਧ ਨਹੀਂ ਸਨ, ਉਹਨਾਂ ਦਾ ਹੁਲੀਆ ਦੱਸ ਕੇ ਪੇਂਟਿੰਗਜ਼ ਬਣਾਉਣ ਅਤੇ ਲਗਵਾਉਣ ਵਿੱਚ ਬਾਬਾ ਭਗਤ ਸਿੰਘ ਬਿਲਗਾ, ਕਾ. ਗੰਧਰਵ ਸੈਨ ਕੋਛੜ ਦੇ ਨਾਲ-ਨਾਲ ਕਾ. ਚੈਨ ਸਿੰਘ ਚੈਨ ਦਾ ਯੋਗਦਾਨ ਵੀ ਬਹੁਮੁੱਲਾ ਹੈ।

ਜਦੋਂ ਦੇਸ਼ ਭਗਤ ਯਾਦਗਾਰ ਕਮੇਟੀ ਨੇ ਵੱਖ ਵੱਖ ਇਲਾਕਿਆਂ ਤੇ ਪਿੰਡਾਂ ਵਿੱਚ ਗ਼ਦਰੀ ਬਾਬਿਆਂ ਦੀ ਯਾਦ ਵਿੱਚ ਮਨਾਏ ਜਾਣ ਵਾਲੇ ਦਿਹਾੜਿਆਂ ਵਿੱਚ ਸ਼ਿਰਕਤ ਕਰਨ ਦਾ ਫੈਸਲਾ ਕੀਤਾ ਤਾਂ ਕਾਮਰੇਡ ਚੈਨ ਸਿੰਘ ਚੈਨ ਨੇ ਵੀ ਪੰਜਾਬ ਵਿੱਚ ਵੱਖ ਵੱਖ ਥਾਵਾਂ ਵਿੱਚ ਗ਼ਦਰੀ ਬਾਬਿਆਂ ਦਾ ਸੁਨੇਹਾ ਪਹੁੰਚਾਉਣ ਵਿੱਚ ਆਪਣਾ ਸਾਰਥਕ ਰੋਲ ਨਿਭਾਇਆ। ਦੇਸ਼ ਤੋਂ ਇਲਾਵਾ ਉਹ ਦੋ ਵਾਰ ਕਨੇਡਾ ਵਿੱਚ ਮਨਾਏ ਜਾਣ ਵਾਲੇ ਗ਼ਦਰੀ ਬਾਬਿਆਂ ਦੇ ਮੇਲੇ ਵਿੱਚ ਵੀ ਸ਼ਾਮਲ ਹੋਏ। ਗ਼ਦਰ ਪਾਰਟੀ ਦੀ ਜਨਮ ਸ਼ਤਾਬਦੀ (2013) ਮੌਕੇ ਕਮੇਟੀ ਵਲੋਂ ਮਨਾਏ ਗਏ ਸ਼ਤਾਬਦੀ ਸਮਾਰੋਹ ਵੇਲੇ ਝੰਡਾ ਲਹਿਰਾਉਣ ਦੀ ਰਸਮ ਕਾ. ਚੈਨ ਸਿੰਘ ਚੈਨ ਅਤੇ ਕਾ. ਗੰਧਰਵ ਸੈਨ ਕੋਛੜ ਨੇ ਸਾਂਝੇ ਤੌਰ 'ਤੇ ਕੀਤੀ। ਹਰ ਸਾਲ ਲੱਗਣ ਵਾਲੇ ਗ਼ਦਰੀ ਬਾਬਿਆਂ ਦੇ ਮੇਲੇ ਵਿੱਚ ਅਤੇ ਟਰੱਸਟ ਦੀਆਂ ਮੀਟਿੰਗਾਂ ਵਿਚ ਵੀ ਕਮਜ਼ੋਰ ਸਿਹਤ ਹੋਣ ਦੇ ਬਾਵਜੂਦ ਉਹ ਆਪਣੀ ਹਾਜ਼ਰੀ ਲੁਆਉਂਦੇ ਸਨ। ਸੰਨ 2015 ਦੇ ਗ਼ਦਰੀ ਬਾਬਿਆਂ ਦੇ ਮੇਲੇ ਵਿੱਚ 30 ਅਕਤੂਬਰ ਨੂੰ ਹੋਏ ਭਾਸ਼ਨ ਮੁਕਾਬਲਿਆਂ ਦੇ ਜੇਤੂਆਂ ਨੂੰ ਇਨਾਮ ਵੀ ਕਾ. ਚੈਨ ਸਿੰਘ ਚੈਨ ਹੋਰਾਂ ਨੇ ਆਪਣੇ ਹੱਥੀਂ ਵੰਡੇ ਸਨ। ਇਹ ਉਨ੍ਹਾਂ ਦੀ ਦੇਸ਼ ਭਗਤ ਯਾਦਗਾਰ ਦੇ ਵਿਹੜੇ ਵਿੱਚ ਆਖਰੀ ਫੇਰੀ ਸੀ।

ਸੰਘਰਸ਼ ਅਤੇ ਕੁਰਬਾਨੀ ਦੇ ਮੁਜਸੱਮੇ ਕਾਮਰੇਡ ਚੈਨ ਸਿੰਘ ਚੈਨ ਬੜੀਆ ਸੂਖਮ ਤੇ ਸਾਹਿਤਕ ਰੁਚੀਆਂ ਦੇ ਮਾਲਕ ਵੀ ਸਨ। ਸਾਹਿਤ ਅਤੇ ਸ਼ਾਸਤਰੀ ਸੰਗੀਤ ਦੇ ਪ੍ਰਤੀ ਉਨ੍ਹਾਂ ਦਾ ਉਚੇਚਾ ਮੋਹ ਸੀ। ਇਸ ਤੋਂ ਇਲਾਵਾ ਉਨ੍ਹਾਂ ਨੇ ਸਾਡੇ ਇਨਕਲਾਬੀ ਇਤਿਹਾਸ ਨੂੰ ਆਪਣੀ ਕਲਮ ਦੀ ਛੋਹ ਨਾਲ ਵੀ ਜ਼ਿੰਦਾ ਰੱਖਣ ਦੀ ਸਾਰਥਕ ਕੋਸ਼ਿਸ ਕੀਤੀ। ਜਿਥੇ ਵੱਖ ਵੱਖ ਰਾਜਨੀਤਕ, ਇਤਿਹਾਸਕ ਤੇ ਸਮਾਜਿਕ ਮਸਲਿਆਂ ਬਾਰੇ ਉਨ੍ਹਾਂ ਦੇ ਲੇਖ ਰੋਜ਼ਾਨਾ ਅਖਬਾਰਾਂ ਅਤੇ ਮੈਗਜ਼ੀਨਾ ਵਿੱਚ ਕਦੀ ਉਨ੍ਹਾਂ ਦੇ ਨਾਂਅ ਹੇਠ ਅਤੇ ਕਦੇ ਲੋੜ ਪੈਣ 'ਤੇ ਫ਼ਰਜ਼ੀ ਨਾਂਵਾਂ ਹੇਠ ਛਪਦੇ ਰਹੇ, ਉਥੇ ਉਨ੍ਹਾਂ ਨੇ 'ਕਿਰਤੀ ਪਾਰਟੀ ਦੂਜੀ ਸੰਸਾਰ ਜੰਗ ਸਮੇਂ', 'ਨੇਤਾ ਜੀ ਸੁਭਾਸ਼ ਚੰਦਰ ਬੋਸ', 'ਹਰਫਨ ਮੌਲਾ ਕਾਮਰੇਡ ਤੇਜਾ ਸਿੰਘ ਸੁਤੰਤਰ' ਤੇ 'ਮੇਰਾ ਰਾਜਸੀ ਸਫ਼ਰ' ਕਿਤਾਬਾਂ ਦੀ ਸਿਰਜਣਾ ਵੀ ਕੀਤੀ। ਇਸ ਤੋਂ ਇਲਾਵਾ 'ਗ਼ਦਰ ਲਹਿਰ ਦੀ ਕਹਾਣੀ, ਗ਼ਦਰੀ ਬਾਬਿਆਂ ਦੀ ਜ਼ੁਬਾਨੀ' ਅਤੇ 'ਆਪਣਾ ਫਰਜ਼' ਮਾਸਕ ਅਖ਼ਬਾਰ ਦੀ ਸੰਪਾਦਨਾ ਵੀ ਕੀਤੀ।


9 ਜਨਵਰੀ 2016 ਨੂੰ ਅੰਤਿਮ ਦਰਸ਼ਨਾਂ ਲਈ ਇਨ੍ਹਾਂ ਦੀ ਮ੍ਰਿਤਕ ਦੇਹ ਦੇਸ਼ ਭਗਤ ਯਾਦਗਾਰ ਦੇ ਵਿਹੜੇ ਵਿਚ ਰੱਖੀ ਗਈ। ਕਮੇਟੀ ਵੱਲੋਂ ਇਨ੍ਹਾਂ ਦੀ ਦੇਹ ਉਤੇ ਫੁੱਲ ਮਾਲਾਵਾਂ ਅਤੇ ਗ਼ਦਰੀ ਪਾਰਟੀ ਦਾ ਝੰਡਾ ਪਾ ਕੇ ਬੜੇ ਸਤਿਕਾਰ ਨਾਲ ਅੰਤਿਮ ਵਿਦਾਇਗੀ ਦਿੱਤੀ ਗਈ।

ਪਿਛਲੇ ਕੁਝ ਸਾਲਾਂ ਤੋਂ ਜਦੋਂ ਕਾ. ਚੈਨ ਦਿਲ ਦੀ ਬਿਮਾਰੀ ਕਾਰਨ ਅਸਵੱਸਥ ਸਨ ਤੇ ਉਨ੍ਹਾਂ ਦੀ ਪਤਨੀ ਸੁਸ਼ੀਲਾ ਚੈਨ ਵੀ ਬੀਮਾਰ ਰਹਿੰਦੀ ਸੀ। ਉਨ੍ਹਾਂ ਦੀ ਇਕਲੌਤੀ ਸੰਤਾਨ ਉਨ੍ਹਾਂ ਦੀ ਬੇਟੀ ਸਵਿਤਾ ਨੇ ਚੰਗੀ ਧੀ ਦਾ ਫ਼ਰਜ਼ ਨਿਭਾਉਂਦਿਆਂ ਆਪਣੇ ਆਪ ਨੂੰ ਆਪਣੇ ਮਾਂ-ਪਿਉ ਦੀ ਸੇਵਾ ਵਿੱਚ ਸਮਰਪਤ ਕਰ ਦਿੱਤਾ। ਉਹ ਬਰਤਾਨੀਆਂ ਦਾ ਸੁੱਖ ਸੁਵਿਧਾ ਵਾਲਾ ਜੀਵਨ ਤਿਆਗ ਕੇ ਆਪਣੇ ਮਾਤਾ ਪਿਤਾ ਦੀ ਦੇਖ ਭਾਲ ਵਿੱਚ ਜੁੱਟ ਗਈ। ਸੁਸ਼ੀਲਾ ਚੈਨ ਤਾਂ ਕੁਝ ਸਾਲ ਪਹਿਲਾ ਸੁਰਗਵਾਸ ਹੋ ਗਏ ਪਰ ਬੇਟੀ ਸਵਿਤਾ ਲਗਾਤਾਰ ਪਿਛਲੇ 6 ਸਾਲ ਤੋਂ ਆਪਣੀ ਪਿਤਾ ਜੀ ਦੀ ਦੇਖ ਭਾਲ ਵਿੱਚ ਲੱਗੀ ਰਹੀ। ਇਹ ਸਵਿਤਾ ਤੇ ਉਸਦੇ ਪਤੀ ਵਾਟੁਕ ਰਾਵਲ ਦੀ ਸੇਵਾ ਹੀ ਸੀ ਜਿਸ ਸਦਕਾ ਕਾ. ਚੈਨ ਸਿੰਘ ਚੈਨ ਨੇ ਆਪਣੇ ਜੀਵਨ ਦਾ ਇਹ ਅੰਤਿਮ ਸਫ਼ਰ ਬੜੇ ਆਰਾਮ ਨਾਲ ਤੈਅ ਕੀਤਾ।

ਅੱਜ ਅਸੀਂ ਦੇਸ਼ ਭਗਤ ਯਾਦਗਾਰ ਕਮੇਟੀ ਨਾਲ ਲੰਮਾ ਸਮਾਂ ਜੁੜੇ ਰਹੇ ਆਪਣੇ ਮਾਣਯੋਗ ਟਰੱਸਟੀ ਕਾ. ਚੈਨ ਸਿੰਘ ਚੈਨ ਨੂੰ ਉਨ੍ਹਾਂ ਦੀ ਇਤਿਹਾਸ ਨੂੰ ਦਿੱਤੀ ਲਾਸਾਨੀ ਦੇਣ ਲਈ ਨਤਮਸਤਕ ਹਾਂ।

**ਜਨਰਲ ਸਕੱਤਰ**
**ਦੇਸ਼ ਭਗਤ ਯਾਦਗਾਰ ਕਮੇਟੀ,**
**ਜਲੰਧਰ।**

# ਕੀ ਬਾਬਾ ਨਾਨਕ ਤਰਕਸ਼ੀਲ ਸੀ ?



ਗੁਰਮੇਲ ਗਿੱਲ

ਸਿਖ ਧਰਮ ਨੂੰ ਮੰਨਣ ਵਾਲੇ ਇਹ ਗੱਲ ਆਮ ਹੀ ਕਹਿੰਦੇ ਹਨ ਕਿ ਸੱਭ ਤੋਂ ਵੱਡਾ ਤਰਕਸ਼ੀਲ ਬਾਬਾ ਨਾਨਕ ਸੀ ਤੇ ਕੁਝ ਤਰਕਸ਼ੀਲ ਜਾਂ ਪ੍ਰੋਗਰੈਸਿਵ ਲੋਕ ਵੀ ਇਸ ਗੱਲ ਨਾਲ ਸਹਿਮਤ ਹੋ ਜਾਂਦੇ ਹਨ। ਕੀ ਬਾਬਾ ਨਾਨਕ ਸਚਮੁਚ ਤਰਕਸ਼ੀਲ ਸੀ ? ਇਸ ਗੱਲ ਨੂੰ ਵਿਚਾਰਨ ਲਈ ਪਹਿਲਾਂ ਬਾਬੇ ਨਾਨਕ ਨੂੰ 500 ਸਾਲ ਪਹਿਲਾਂ ਦੇ ਸਮੇਂ ਦੇ ਸੰਧਰਵ ਵਿੱਚ ਰਖ ਕੇ ਵਿਚਾਰ ਕਰਦੇ ਹਾਂ। ਜਦੋਂ ਤੋਂ ਮਨੁਖ ਨੇ ਚਾਰ ਪੈਰਾਂ ਤੋਂ ਦੋ ਪੈਰਾਂ ਤੇ ਤੁਰਨਾ ਸ਼ੁਰੂ ਕੀਤਾ ਉਦੋਂ ਤੋਂ ਹੀ ਉਸ ਵਿੱਚ ਚੇਤਨਾ ਦਾ ਪਸਾਰਾ ਹੋਣਾ ਸ਼ੁਰੂ ਹੋ ਗਿਆ। ਉਸ ਨੇ ਗਿਆਨ ਤੋਂ ਅਮਲ ਤੇ ਅਮਲ ਤੋਂ ਗਿਆਨ ਦੀ ਪ੍ਰਕਿਰਿਆ ਰਾਹੀਂ ਆਪਣੇ ਗਿਆਨ ਵਿੱਚ ਵਾਧਾ ਕਰਕੇ ਆਪਣੀਆਂ ਅਗਲੀਆਂ ਪੀੜ੍ਹੀਆਂ ਨੂੰ ਦਿਤਾ ਜਿਨਾਂ ਨੇ ਇਸ ਵਿੱਚ ਹੋਰ ਵਾਧਾ ਕੀਤਾ ਤੇ ਇਹ ਗਿਆਨ ਦੇ ਵਾਧੇ ਦਾ ਅਮਲ ਜਾਰੀ ਰਿਹਾ, ਜਾਰੀ ਹੈ ਤੇ ਰਹਿੰਦੀ ਦੁਨੀਆ ਤੱਕ ਰਹੇਗਾ ਕਿਉਂਕਿ ਕੋਈ ਵੀ ਗਿਆਨ ਜਾਂ ਸੱਚ ਆਖਰੀ ਨਹੀਂ। ਹਾਸਲ ਕੀਤੇ ਗਿਆਨ ਰਾਹੀਂ ਮਨੁਖ ਆਪਣੀਆਂ ਜਿਉਣ ਦੀਆਂ ਹਾਲਤਾਂ ਚੰਗੀਆਂ ਤੋਂ ਚੰਗੀਆਂ ਬਣਾਉਂਦਾ ਰਿਹਾ ਤੇ ਬਣਾ ਰਿਹਾ ਹੈ। ਇਸ ਇਤਿਹਾਸਕ ਅਮਲ ਵਿੱਚ ਕੁਝ ਲੋਕ ਇਹੋ ਜਿਹੇ ਵੀ ਪੈਦਾ ਹੁੰਦੇ ਰਹੇ ਜੋ ਬਾਕੀਆਂ ਨਾਲੋਂ ਜ਼ਿਆਦਾ ਸੂਝਵਾਨ, ਗਿਆਨਵਾਨ, ਦਲੇਰ ਤੇ ਸਮਾਜ ਨੂੰ ਸੇਧ ਦੇਣ ਵਾਲੇ ਸੀ। ਉਨ੍ਹਾਂ ਨੇ ਆਪਣੀਆਂ ਜ਼ਿੰਦਗੀਆਂ ਸਮਾਜ ਨੂੰ ਵਧੀਆ ਬਣਾਉਣ ਦੇ ਲੇਖ ਲਾ ਦਿਤੀਆਂ। ਬਾਬਾ ਨਾਨਕ ਉਨ੍ਹਾਂ ਵਿਚੋਂ ਇਕ ਸੀ ਜਿਸ ਨੇ ਮੌਕੇ ਦੇ ਹਾਕਮਾਂ ਦੇ ਜ਼ੁਲਮਾਂ ਦੀ ਵਿਰੋਧਤਾ ਕੀਤੀ, ਸਮਾਜ ਦੀਆਂ ਕਈ ਰੂੜੀਵਾਦੀ ਰਸਮਾਂ ਤੇ ਪਖੰਡਾਂ ਖਿਲਾਫ਼ ਆਵਾਜ਼ ਉਠਾਈ ਤੇ ਆਪਣੀ ਜਿੰਦਗੀ ਮਨੁਖਤਾ ਦੇ ਲੇਖੇ ਲਾ ਦਿਤੀ। ਉਹ ਬਹੁਤ ਗਿਆਨਵਾਨ ਸੀ ਜਿਸ ਨੂੰ ਕੁਦਰਤ ਵਾਰੇ ਕਾਫੀ ਜਾਣਕਾਰੀ ਸੀ ਉਸ ਨੇ ਆਪਣੇ ਜੀਵਨ ਕਾਲ ਵਿੱਚ ਚਾਰ ਉਦਾਸੀਆਂ ਰਾਹੀਂ ਬਹੁਤ ਦੂਰ 2 ਤੱਕ ਯਾਤਰਾ ਕੀਤੀ ਤੇ ਬਹੁਤ ਲੋਕਾਂ ਨਾਲ ਸੰਵਾਦ ਰਚਾਇਆ ਜਿਸ ਨਾਲ ਉਸ ਦੇ ਗਿਆਨ ਵਿੱਚ ਹੋਰ ਵਾਧਾ ਹੋਇਆ। ਉਸ ਨੇ ਬਹੁਦੇਵਵਾਦ ਤੇ ਖਿਲਾਫ਼ ਇਕ ਦੇਵਵਾਦ (ਇਕ ਰੱਬ) ਦਾ ਸਿਧਾਂਤ ਦਿਤਾ ਤੇ ਦੇਵੀ ਦੇਵਤਿਆਂ ਦੀ ਮੂਰਤੀ ਪੂਜਾ ਤੇ ਹੋਰ ਕਈ ਕਰਮਕਾਂਡਾਂ ਦਾ ਵਿਰੋਧ ਕੀਤਾ ਜੋ ਉਨ੍ਹਾਂ ਸਮਿਆਂ ਵਿੱਚ ਇਕ ਇਨਕਲਾਬੀ ਕਦਮ ਸੀ। ਇਸ ਲਈ ਅੱਜ ਤੋਂ 500 ਸਾਲ ਪਹਿਲਾਂ ਦੇ ਸਮਾਜਿਕ ਵਿਕਾਸ ਦੇ ਪੜਾਅ ਦੇ ਚੌਖਟੇ ਵਿੱਚ ਬਾਬੇ ਨੂੰ ਰਖ ਕੇ ਦੇਖਣਾ ਹੋਵੇ ਤਾਂ ਜੇ ਬਾਬੇ ਨਾਨਕ ਨੂੰ ਇਕ ਗਿਆਨਵਾਨ, ਸਮਾਜ ਸੁਧਾਰਕ, ਇਨਕਲਾਬੀ ਤੇ ਤਰਕਸ਼ੀਲ ਮਨੁਖ ਕਿਹਾ ਜਾਵੇ ਤਾਂ ਇਹ ਕੋਈ ਅਤਕਥਨੀ ਨਹੀਂ ਹੋਵੇਗੀ।

ਕਿਸੇ ਸਮੇਂ ਦੇ ਸਮਾਜ ਦੇ ਗਿਆਨ ਦੀਆਂ ਆਪਣੀਆਂ ਇਤਿਹਾਸਕ ਸੀਮਿਤਾਵਾਂ ਹੁੰਦੀਆਂ ਹਨ। ਆਪਣੇ ਸਮੇਂ ਵਿੱਚ ਬਾਬਾ ਨਾਨਕ ਨਿਰਸੰਦੇਹ ਆਮ ਲੋਕਾਂ ਨਾਲੋਂ ਬਹੁਤ ਜ਼ਿਆਦਾ ਗਿਆਨਵਾਨ ਤੇ ਸੂਝਵਾਨ ਇਨਸਾਨ ਸੀ। ਪਰ ਬਾਬੇ ਨਾਨਕ ਦੇ ਸਮੇਂ ਤੋਂ ਹੁਣ ਤੱਕ ਦੇ 500 ਸਾਲ ਦੇ ਸਮਾਜਕ ਵਿਕਾਸ ਦੇ ਇਤਿਹਾਸ ਵਿੱਚ ਮਨੁਖ ਨੇ ਆਪਣੇ ਗਿਆਨ ਦੇ ਵਾਧੇ ਵਿੱਚ ਬਹੁਤ ਵਡੀਆਂ ਮੱਲਾਂ ਮਾਰੀਆਂ ਹਨ। ਵਿਗਿਆਨ ਦੀਆਂ ਖੋਜਾਂ ਨੇ ਜੀਵ ਵਿਕਾਸ, ਬ੍ਰਹਿਮੰਡ, ਸਰੀਰਕ ਵਿਗਿਆਨ ਤੇ ਹੋਰ ਖੇਤਰਾਂ ਵਿੱਚ ਕਈ ਚਮਤਕਾਰ ਕਰ ਦਿਤੇ ਹਨ। ਹੁਣ ਜੇ ਬਾਬੇ ਨਾਨਕ ਨੂੰ ਅੱਜ ਦੇ ਸਮਾਜਿਕ ਵਿਕਾਸ ਦੇ ਪੜਾਅ ਦੇ ਚੌਖਟੇ ਵਿੱਚ ਰਖ ਕੇ ਦੇਖੀਏ ਤਾਂ ਆਪਾਂ ਦੇਖਦੇ ਹਾਂ ਕਿ ਬਾਬੇ ਨਾਨਕ ਨੇ ਪੁਰਾਣੇ ਅਧਿਆਤਮਵਾਦੀ ਫਲਸਫ਼ੇ ਵਿੱਚ ਸੁਧਾਰ ਕਰਕੇ ਰੱਬ ਦੀ ਹੋਂਦ ਦਾ ਨਵਾਂ ਫਲਸਫ਼ਾ ਦਿਤਾ ਸੀ। ਵਿਗਿਆਨ ਦੀਆਂ ਖੋਜਾਂ ਖਾਸ ਕਰਕੇ ਡਾਰਵਿਨ ਦਾ ਜੀਵ ਵਿਕਾਸ ਦਾ ਸਿਧਾਂਤ ਤੇ ਆਈਨਸਟੀਨ ਦੀ ਸੰਖੇਪਕ ਥਿਊਰੀ ਨੇ ਅਧਿਆਤਮਵਾਦੀ ਫਲਸਫ਼ੇ ਨੂੰ ਮੁੱਢੋਂ ਹੀ ਨਕਾਰ ਦਿਤਾ ਹੈ । ਅੱਜ ਧਾਰਮਿਕ ਲੋਕਾਂ ਕੋਲ ਇਹੋ ਜਿਹੀ ਕੋਈ ਦਲੀਲ ਜਾਂ ਥਿਊਰੀ ਨਹੀਂ ਹੈ ਜੋ ਰੱਬ ਦੀ ਹੋਂਦ ਦੀ ਵਕਾਲਤ ਕਰਦੀ ਹੋਵੇ ਤੇ ਜੋ ਵਿਗਿਆਨ ਨੇ ਆਪਣੀਆਂ ਖੋਜਾਂ ਨਾਲ ਰੱਦ ਨਾ ਕੀਤੀ ਹੋਵੇ। ਸਿਖ ਧਰਮ ਦੇ ਪੈਰੋਕਾਰਾਂ ਵਲੋਂ ਬਾਬੇ ਨਾਨਕ ਦੀ ਹਰਦਵਾਰ ਵਿੱਚ ਬਾਹਮਣਾਂ ਵਲੋਂ ਸੂਰਜ ਨੂੰ ਪਾਣੀ ਦੇਣ ਦੇ ਵਿਰੋਧ ਵਿੱਚ ਤਰਕ ਕਰਨ ਨੂੰ ਬਹੁਤ ਜੋਰ ਸ਼ੋਰ ਨਾਲ ਪ੍ਰਚਾਰ ਕੇ ਬਾਬੇ ਨੂੰ ਤਰਕਸ਼ੀਲ ਸਿਧ ਕਰਨ ਦੀ ਦਲੀਲ ਦਿਤੀ ਜਾਂਦੀ ਹੈ ਤੇ ਉਸ ਨੂੰ ਅੰਧਵਿਸ਼ਵਾਸ਼ਾਂ ਦਾ ਵਿਰੋਧੀ ਕਹਿ ਕੇ ਵਡਿਆਇਆ ਜਾਂਦਾ ਹੈ। ਪਰ ਅਧਿਆਤਮਵਾਦੀ ਫਲਸਫਾ ਜਿਸ ਨੂੰ ਬਾਬਾ ਨਾਨਕ ਖੁਦ ਮੰਨਦਾ ਸੀ ਆਪਣੇ ਆਪ ਵਿੱਚ ਸਾਰੇ ਅੰਧਵਿਸ਼ਵਾਸ਼ਾਂ ਦੀ ਮਾਂ ਹੈ। ਸਵਰਗ, ਨਰਕ, ਅਗਲਾ ਪਿਛਲਾ ਜਨਮ, ਕਿਸਮਤ, ਚੰਗੇ ਮਾੜੇ ਕਰਮ, ਮੁਕਤੀ, 84 ਲਖ ਜੂਨਾਂ ਵਗੈਰਾ 2 ਅੰਧਵਿਸ਼ਵਾਸ਼ ਜੋ ਲੋਕਾਂ ਨੂੰ ਪੰਡਤਾਂ, ਤਾਂਤਰਿਕਾਂ, ਸਾਧਾਂ ਬਾਬਿਆਂ ਤੇ ਹੋਰ ਲੁਟੇਰਿਆਂ ਵੱਲ ਜਾਣ ਲਈ ਪ੍ਰੇਰਿਤ ਕਰਦੇ ਹਨ ਉਹ ਸੱਭ ਇਸ ਫਲਸਫੇ ਦੀ ਹੀ ਦੇਣ ਹਨ ਰੱਬ ਦੀ ਹੋਂਦ ਦੇ ਸਿਧਾਂਤ ਨੂੰ ਜਰਾ ਲਾਂਭੇ ਰਖ ਕੇ ਸੋਚੋ ਕਿ ਕੀ ਫਿਰ ਕਿਸੇ ਅੰਧਵਿਸ਼ਵਾਸ਼ ਦੀ ਕਲਪਨਾ ਵੀ ਕੀਤੀ ਜਾ ਸਕਦੀ ਹੈ ? ਬਿਲਕੁਲ ਨਹੀਂ। ਫਿਰ ਜੇ ਬਾਬੇ ਨਾਨਕ ਦਾ ਫਲਸਫ਼ਾ ਅੰਧਵਿਸ਼ਵਾਸ਼ਾਂ ਦੀ ਜੜ੍ਹ ਹੈ ਤਾਂ ਬਾਬਾ ਤਰਕਸ਼ੀਲ ਕਿਵੇਂ ਹੋ ਸਕਦਾ ਹੈ ? ਇਸ ਸਾਰੀ ਬਹਿਸ ਦਾ ਨਤੀਜਾ ਇਹੀ ਨਿਕਲਦਾ ਹੈ ਕਿ ਜੋ ਮਨੁਖ ਅੱਜ ਦੇ ਵਿਗਿਆਨਿਕ ਯੁਗ ਵਿੱਚ ਬਾਬੇ ਨਾਨਕ ਨੂੰ ਤਰਕਸ਼ੀਲ ਕਹਿੰਦਾ ਹੈ ਉਹ ਆਪਣੇ ਬੰਦ ਦਿਮਾਗ ਤੇ ਬੌਧਿਕ ਕੰਗਾਲੀ ਦਾ ਸਬੂਤ ਦਿੰਦਾ ਹੈ। ਇਸ ਦੇ ਬਾਵਜੂਦ ਬਾਬੇ ਨਾਨਕ ਦੀ ਸਮਾਜ ਨੂੰ ਉਸ ਸਮੇਂ ਦੀ ਦੇਣ ਨੂੰ ਕਿਸੇ ਤਰ੍ਹਾ ਵੀ ਛੁਟਿਆਇਆ ਨਹੀਂ ਜਾ ਸਕਦਾ। ਬਾਬਾ ਨਾਨਕ ਅੱਜ ਵੀ ਸਾਡੇ ਲਈ ਸਤਿਕਾਰਯੋਗ ਹੈ ਤੇ ਰਹੇਗਾ ਪਰ ਉਸ ਦਾ ਫਲਸਫ਼ਾ ਅੱਜ ਦੇ ਵਿਗਿਆਨਿਕ ਯੁਗ ਵਿੱਚ ਗੈਰਪ੍ਰਸੰਗਿਕ ਹੋ ਗਿਆ ਹੈ।

# ਭਾਰਤ ਦਾ ਮਹਾਨ ਮੈਥਮੈਟਿਕ ਡਾਕਟਰ ਵਾਸ਼ੀਤਾ ਨਰਾਇਣ ਸਿੰਘ

ਇਹ ਫੋਟੋ ਦੇਖਕੇ ਅੰਦਾਜਾ ਲਗਾਉਣਾ ਬਹੁਤ ਮੁਸ਼ਕਿਲ ਹੈ ਕਿ ਇਹ ਇਨਸਾਨ ਕੌਣ ਹੈ। ਇਹ ਇਨਸਾਨ ਹੈ ਭਾਰਤ ਦਾ ਮਹਾਨ ਮੈਥਮੈਟਿਕ ਡਾਕਟਰ ਵਾਸ਼ੀਤਾ ਨਰਾਇਣ ਸਿੰਘ ਜਿਸਦੀ ਗਿਣਤੀ ਦੁਨੀਆਂ ਦੇ ਪ੍ਰਸਿੱਧ ਮੈਥਮੈਟਿਕਾਂ ਵਿੱਚ ਹੁੰਦੀ ਹੈ ਡਾਕਟਰ ਨਰਾਇਣ ਦਾ ਜਨਮ ਬਿਹਾਰ ਦੇ ਜਿਲ੍ਹੇ ਭੋਜਪੁਰ ਦੇ ਬਸੰਤਪੁਰ ਪਿੰਡ ਵਿੱਚ 2 ਅਪ੍ਰੈਲ 1942 ਨੂੰ ਹੋਇਆ,ਉਨ੍ਹਾਂ ਦੇ ਪਿਤਾ ਬਿਹਾਰ ਪੁਲਿਸ ਵਿੱਚ ਕਾਂਸਟੇਬਲ ਸਨ ਤੇ ਘਰ ਵਿੱਚ ਬਹੁਤ ਗਰੀਬੀ ਸੀ। ਪਰ ਡਾ.ਨਰਾਇਣ ਪੜ੍ਹਾਈ ਵਿੱਚ ਬਹੁਤ ਹੁਸ਼ਿਆਰ ਸਨ ਤੇ ਉਨ੍ਹਾਂ ਮੈਟ੍ਰਿਕ ਦੀ ਪ੍ਰੀਖਿਆ ਵਿੱਚ ਪੂਰੇ ਬਿਹਾਰ ਵਿੱਚੋਂ ਟੌਪ ਕੀਤਾ ਸੀ। ਫਿਰ ਉਨ੍ਹਾਂ ਨੇ ਬਿਹਾਰ ਦੇ ਇੱਕ ਪ੍ਰਸਿੱਧ ਕਾਲਜ ਤੋਂ ਬੀ.ਐਸਸੀ (ਸਾਇੰਸ) ਵਿੱਚ ਡਿਗਰੀ ਪ੍ਰਾਪਤ ਕੀਤੀ। ਉਨ੍ਹਾਂ ਦਿਨਾਂ ਵਿੱਚ ਇਹ ਕਾਲਜ ਕਾਫੀ ਪ੍ਰਸਿੱਧ ਸੀ ਤੇ ਇੱਥੇ ਦੇਸ਼-ਵਿਦੇਸ਼ ਤੋਂ ਵੀ ਵਿਦਿਆਰਥੀ ਆਉਂਦੇ ਸਨ। ਕਾਲਜ ਵਿੱਚ ਇੱਕ ਵਾਰ ਸੈਮੀਨਾਰ ਕਰਵਾਇਆ ਗਿਆ ਜਿਸ ਵਿੱਚ ਹਿਸਾਬ ਦੇ 5 ਸਭ ਤੋਂ ਮੁਸ਼ਕਿਲ ਸਵਾਲ ਪੁੱਛੇ ਗਏ ਤੇ ਕੋਈ ਵੀ ਇਨ੍ਹਾਂ ਦਾ ਸਹੀ ਜਵਾਬ ਨਹੀਂ ਦੇ ਸਕਿਆ ਪਰ ਡਾ. ਨਰਾਇਣ ਨੇ ਸਭ ਸਵਾਲਾਂ ਦੇ ਸਹੀ ਜਵਾਬ ਦੇ ਦਿੱਤੇ। ਉੱਥੇ ਯੂਨੀਵਰਸਿਟੀ ਔਫ ਕੈਲੀਫੌਰਨੀਆਂ ਦੇ ਪ੍ਰੋਫੈਸਰ ਜੌਨ ਕੈਲੀ ਵੀ ਸਨ ਜੋ ਕਿ ਡਾ. ਨਰਾਇਣ ਦੀ ਤੀਖਣ ਬੁੱਧੀ ਤੋਂ ਬਹੁਤ ਪ੍ਰਭਾਵਿਤ ਹੋਏ ਤੇ ਉਨ੍ਹਾਂ ਨੇ ਡਾ. ਨਰਾਇਣ ਨੂੰ ਅਮਰੀਕਾ ਆ ਕੇ ਪੜ੍ਹਨ



ਦਾ ਸੱਦਾ ਦਿੱਤਾ ਪਰ ਉਹਨਾਂ ਨੇ ਆਪਣੇ ਘਰ ਦੀ ਕਮਜ਼ੋਰੀ ਦੱਸਕੇ ਅਸਮਰਥਾ ਜ਼ਾਹਿਰ ਕੀਤੀ। ਫਿਰ ਪ੍ਰੋਫੈਸਰ ਕੈਲੀ ਨੇ ਉਨ੍ਹਾਂ ਦੇ ਵੀਜ਼ਾ ਤੇ ਫਲਾਇਟ ਦਾ ਪ੍ਰਬੰਧ ਕੀਤਾ।1969 ਵਿੱਚ ਉਨ੍ਹਾਂ ਯੂਨੀਵਰਸਿਟੀ ਔਫ ਕੈਲੀਫੌਰਨੀਆਂ ਤੋਂ ਪੀ.ਐਚ.ਡੀ. ਕੀਤੀ ਤੇ ਫਿਰ ਉਹ ਐਨ.ਏ.ਐਸ.ਏ. ਵਿੱਚ ਕੰਮ ਕਰਨ ਲੱਗ ਪਏ। 1972 ਵਿੱਚ ਉਹ ਭਾਰਤ ਵਾਪਿਸ ਆ ਗਏ ਤੇ Indian Institute of Technology Kanpur ਵਿੱਚ ਪੜ੍ਹਾਉਣ ਲੱਗ ਪਏ ਤੇ ਬਾਅਦ ਵਿੱਚ ਹੋਰ ਨਾਮਵਰ ਯੂਨੀਵਰਸਿਟੀਆਂ ਵਿੱਚ ਵੀ ਪੜ੍ਹਾਇਆਂ ਤੇ ਨਾਲ ਨਾਲ ਉਨ੍ਹਾਂ ਮੈਥ ਵਿੱਚ ਆਪਣੇ ਖੋਜ ਕਾਰਜ ਵੀ ਜਾਰੀ ਰੱਖੇ। ਉਨ੍ਹਾਂ ਨੇ ਆਈਨਸਟੀਨ ਦੇ ਸਿਧਾਂਤ E=MC2 ਵਿੱਚ ਖਾਮੀਆਂ ਕੱਢੀਆਂ ਤੇ ਕਈ ਹੋਰ ਮੈਥਮੈਟਿਕਾ ਦੀਆਂ ਥਿਊਰੀਆਂ ਨੂੰ ਚਣੌਤੀ ਦਿੱਤੀ ਤੇ ਉਹ ਇਨ੍ਹਾਂ ਥਿਊਰੀਆਂ ਦੇ ਸੁਧਾਰ ਤੇ ਕੁੱਝ ਨਵੇ ਖੋਜ ਕਾਰਜਾ ਤੇ ਕੰਮ ਕਰ ਰਹੇ ਸਨ ਕਿ ਉਹ ਮਾਨਸਿਕ ਬਿਮਾਰੀਆਂ ਦੇ ਸ਼ਿਕਾਰ ਹੋ ਗਏ ਤੇ ਅਚਾਨਕ 1988 ਵਿੱਚ ਗੁੰਮ ਹੋ ਗਏ ਬਿਨਾਂ ਕਿਸੇ ਨੂੰ ਕੁੱਝ ਦੱਸਿਆਂ। 1992 ਵਿੱਚ ਉਹ ਫੱਟੇ ਕੱਪੜਿਆਂ ਤੇ ਬਹੁਤ ਹੀ ਖਸਤਾ ਹਾਲਤ ਵਿੱਚ ਬਿਹਾਰ ਵਿੱਚ ਮਿਲੇ। ਹੁਣ ਉਹ ਆਪਣੇ ਜੱਦੀ ਪਿੰਡ ਆਪਣੀ ਮਾਂ ਨਾਲ ਰਹਿ ਰਹੇ ਹਨ। ਅਜੇ ਵੀ ਉਹ ਆਪਣੇ ਖੋਜ ਕਾਰਜਾ ਵਿੱਚ ਲੱਗੇ ਰਹਿੰਦੇ ਹਨ ਪਰ ਮਾਨਸਿਕ ਬੀਮਾਰੀ ਤੋ ਪੀੜਿਤ ਹੋਣ ਕਰਕੇ ਪਹਿਲਾ ਵਾਲੀ ਗੱਲ ਨਹੀ ਰਹੀ।

ਜੇ ਡਾ. ਨਰਾਇਣ ਠੀਕ ਰਹਿੰਦੇ ਤਾਂ ਮੈਥ ਵਿੱਚ ਕੁੱਝ ਨਵੇ ਅਧਿਐਨ ਜ਼ਰੂਰ ਲਿਖਦੇ, ਭਲੇ ਹੀ ਭਾਰਤ ਵਿੱਚ ਬਹੁਤੇ ਲੋਕ ਉਨ੍ਹਾਂ ਨੂੰ ਨਾ ਜਾਣਦੇ ਹੋਣ ਪਰ ਅਮੇਰਿਕਾ ਵਿੱਚ ਕਈ ਵਿਦਿਆਰਥੀ ਤੇ ਯੂਨੀਵਰਸਿਟੀਆਂ ਉਨ੍ਹਾਂ ਦੇ ਖੋਜ ਕਾਰਜਾਂ ਨੂੰ ਅੱਗੇ ਵਧਾ ਰਹੇ ਹਨ। ਬਿਹਾਰ ਤੇ ਕੇਂਦਰ ਸਰਕਾਰ ਨੇ ਉਨ੍ਹਾਂ ਦੀ ਕੋਈ ਸਾਰ ਨਹੀਂ ਲਈ।

ਸਰਕਾਰ ਨੂੰ ਚਾਹੀਦਾ ਹੈ ਕਿ ਉਹ ਡਾ. ਨਰਾਇਣ ਦਾ ਠੀਕ ਤਰ੍ਹਾਂ ਇਲਾਜ਼ ਕਰਵਾਏ ਤੇ ਆਰਥਿਕ ਮਦਦ ਦੇਵੇ ।

**ਅਦਾਰਾ 'ਸਰੋਕਾਰਾਂ ਦੀ ਆਵਾਜ਼' ਵਲੋਂ ਫਰਵਰੀ 2016 ਦੇ ਅੰਕ ਤੋਂ ਸੰਸਾਰ ਦੇ ਮਹਾਨ ਵਿਦਵਾਨਾਂ ਦੇ ਵਿਚਾਰਾਂ ਦੀਆਂ ਕੁਟੇਸ਼ਨਾਂ ਛਾਪਣੀਆਂ ਸ਼ੁਰੂ ਕੀਤੀਆਂ ਜਾ ਰਹੀਆਂ ਹਨ। ਸਾਨੂੰ ਪੂਰੀ ਉਮੀਦ ਹੈ ਕਿ ਪਾਠਕਾਂ ਨੂੰ ਆਪਣੀ ਸੋਚ ਨਿਖਾਰਨ 'ਚ ਮਦਦ ਮਿਲੇਗੀ** - ਸੰਪਾਦਕ

- ਜਿਹੜਾ ਆਦਮੀ ਆਪਣੇ ਕਥਿਤ ਚਮਤਕਾਰਾਂ ਦੀ ਪੜਤਾਲ ਕਰਨ ਦੀ ਆਗਿਆ ਨਹੀਂ ਦਿੰਦਾ, ਉਹ ਧੋਖੇਬਾਜ਼ ਹੈ।
- ਜਿਸ ਆਦਮੀ 'ਚ ਪੜਤਾਲ ਕਰਨ ਦਾ ਹੌਸਲਾ ਨਹੀਂ ਹੁੰਦਾ, ਉਹ ਲਾਈਲੱਗ ਹੈ।
- ਜੋ ਬਿਨਾ ਪੜਤਾਲ ਕਰਿਆ ਮੰਨ ਜਾਂਦਾ ਹੈ, ਉਹ ਮੂਰਖ ਹੈ

**- ਡਾਕਟਰ ਇਬਰਾਹੀਮ ਟੀ. ਕਵੂਰ**

- ਕੁਦਰਤ ਨੇ ਮਨੁੱਖ ਨੂੰ ਇਕੋ ਇਕ ਸ਼ਰਤ 'ਤੇ ਆਜ਼ਾਦੀ ਦਿੱਤੀ ਹੈ, ਉਹ ਹੈ ਸਦਾ ਲਈ ਚੇਤੰਨਤਾ। ਜੇ ਇਹ ਟੁੱਟ ਗਈ ਤਾਂ ਗੁਲਾਮੀ ਦੀਆਂ ਜੰਜ਼ੀਰਾਂ ਇਸ ਗੁਨਾਹ ਦੀ ਸਜ਼ਾ ਹੋਣਗੀਆਂ।

**- ਜੌਹਨ ਕੂਰਨ**

- ਜੇ ਮਨੁੱਖਤਾ ਨੂੰ ਏਕਤਾ ਅਤੇ ਭਾਈਚਾਰੇ ਦੇ ਸੂਤਰ ਵਿਚ ਬੰਨ੍ਹਣਾ ਹੈ ਤਾਂ ਸਭ ਤੋਂ ਪਹਿਲਾਂ ਇਸ ਨੂੰ ਰੱਬ ਦੀ ਹੋਂਦ ਦੀ ਗੁਲਾਮੀ ਤੋਂ ਨਿਜਾਤ ਦਿਵਾਉਣੀ ਪਵੇਗੀ।

**- ਸ਼ਹੀਦ ਭਗਤ ਸਿੰਘ**

- ਦੁਸ਼ਟ ਲੋਕਾਂ ਨਾਲ ਭਲਾਈ ਕਰਨਾ, ਸੱਜਣਾਂ ਖਿਲਾਫ਼ ਬੁਰਾਈ ਕਰਨ ਦੇ ਤੁੱਲ ਹੈ।

**- ਸ਼ੇਖ ਸਾਅਦੀ**

- ਸੰਸਾਰ ਦੀ ਮੁੱਖ ਸਮੱਸਿਆ ਇਹ ਹੈ ਕਿ ਸਿਆਣੇ ਲੋਕ ਸ਼ੰਕਾਵਾਦੀ ਹਨ ਜਦੋਂ ਕਿ ਮੂਰਖ ਵਿਸ਼ਵਾਸੀ ਹਨ।

**- ਚਾਰਲਸ ਬੁਕੋਵਸਕੀ**

- ਕਿਸਮਤ ਵਿਚ ਵਿਸ਼ਵਾਸ ਕਰਨ ਵਾਲਿਆਂ ਨੂੰ ਸਿਰਫ਼ ਉਨ੍ਹਾਂ ਹੀ ਮਿਲਦਾ ਹੈ ਜਿੰਨਾ ਹਿੰਮਤ ਕਰਨ ਵਾਲੇ ਛੱਡ ਜਾਂਦੇ ਹਨ।

**- ਏ.ਪੀ.ਜੇ. ਅਬਦੁਲ ਕਲਾਮ**

- ਮੈਨੂੰ ਇਸ ਗੱਲ ਦਾ ਗਰਵ ਹੈ ਕਿ ਮੇਰੀਆਂ ਅੱਖਾਂ ਮਰਨਤੋਂ ਬਾਅਦ ਦੋ ਅੰਨ੍ਹੇ ਵਿਅਕਤੀਆਂ ਦੀ ਦੁਨੀਆ ਰੋਸ਼ਨ ਕਰਨਗੀਆਂ ਅਤੇ ਮੇਰਾ ਮ੍ਰਿਤਕ ਸਰੀਰ ਸਮਾਜ ਦੀ ਸੇਵਾ ਕਰਨ ਵਾਲੇ ਡਾਕਟਰ ਰੂਪੀ ਸੈਨਿਕਾਂ ਨੂੰ ਸਿਖਲਾਈ ਦੇਵੇਗਾ।

**- ਚੂਲੀਅਨ**

- ਦੌਲਤਮੰਦਾਂ ਦੀ ਗਰਦਨ 'ਤੇ ਭੋਰਾ ਵੀ ਸਿਰ ਨਹੀਂ ਹੁੰਦਾ, ਐਵੇਂ ਲੋਕੀਂ ਕਹਿ ਦਿੰਦੇ ਨੇ ਸਿਰ ਵੱਡੇ ਸਰਦਾਰਾਂ ਦੇ

**- ਅਮਰਜੀਤ ਢਿੱਲੋਂ ਦਬੜ੍ਹੀ ਖਾਨਾ**

- ਖੁਦ ਪਿਛੇ ਰਹਿਣਾ ਤੇ ਦੂਸਰਿਆਂ ਨੂੰ ਅੱਗੇ ਕਰਕੇ ਅਗਵਾਈ ਦੇਣਾ ਬਿਹਤਰ ਹੁੰਦਾ ਹੈ। ਖ਼ਾਸ ਤੌਰ 'ਤੇ ਉਸ ਵਕਤ ਜਦ ਤੁਸੀਂ ਕੁਝ ਚੰਗਾ ਹੋਣ 'ਤੇ ਜਿੱਤ ਦੇ ਜਸ਼ਨ ਮਨਾ ਰਹੇ ਹੋਵੋ। ਤੁਸੀਂ ਉਸ ਸਮੇਂ ਅੱਗੇ ਆਓ ਜਦੋਂ ਕੋਈ ਖ਼ਤਰਾ ਹੋਵੇ। ਫਿਰ ਹੀ ਲੋਕ ਤੁਹਾਡੀ ਲੀਡਰਸ਼ਿਪ ਦੀ ਸਰਾਹਨਾ ਕਰਨਗੇ।

**- ਨੈਲਸਨਾ ਮੰਡੇਲਾ**

- ਉਸ ਮਾਂ ਬਾਪ ਅੱਗੇ ਕਦੇ ਜ਼ੁਬਾਨ ਨਾ ਲੜਾਓ ਜਿਸਨੇ ਤੁਹਾਨੂੰ ਬੋਲਣਾ ਸਿਖਾਇਆ ਹੈ।
- ਉਹ ਫੁੱਲਾਂ ਨੂੰ ਸਾੜ ਤਾਂ ਸਕਦੇ ਹਨ ਪਰ ਬਹਾਰ ਨੂੰ ਆਉਣ ਤੋਂ ਨਹੀਂ ਰੋਕ ਸਕਦੇ।

**- ਪਾਬਲੋ ਨੇਰੂਦਾ**

- ਇਕ ਵਧੀਆ ਕਿਤਾਬ ਹਜ਼ਾਰ ਦੋਸਤਾਂ ਦੇ ਬਰਾਬਰ ਹੈ ਪਰ ਇਕ ਵਧੀਆ ਦੋਸਤ ਲਾਇਬ੍ਰੇਰੀ ਦੇ ਬਰਾਬਰ ਹੁੰਦਾ ਹੈ।

**- ਚਾਰਲਸ ਡਿਕਨਜ**

- ਉਹ ਬਣਾ ਰਹੇ ਨੇ ਇਮਾਰਤਾਂ, ਅਸੀਂ ਲਿਖ ਰਹੇ ਹਾਂ ਇਬਾਰਤਾਂ, ਤਾਂ ਕਿ ਪੱਥਰਾਂ ਦੇ ਸ਼ਹਿਰ ਵਿਚ ਕੋਈ ਆਤਮਾ ਵੀ ਰਿਹਾ ਕਰੇ।

**- ਸੁਰਜੀਤ ਪਾਤਰ**

- ਜੇਕਰ ਪੁਸਤਕਾਂ ਨਾ ਹੁੰਦੀਆਂ ਤਾਂ ਸੰਸਾਰ ਵਿਚ ਪਾਗਲਾਂ ਦੀ ਗਿਣਤੀ ਵੱਧ ਹੁੰਦੀ।

**- ਗੁਰਦਿਆਲ ਸਿੰਘ**

- ਭੈਣਾਂ ਹੋਣ ਤਾਂ ਜ਼ਿੰਦਗੀ ਵਿਚ ਇਕ ਕੂਲਾ ਜਿਹਾ ਅਹਿਸਾਸ ਬਣਿਆ ਰਹਿੰਦਾ ਹੈ।

**- ਕਰਤੁਲ ਐਨ ਹੈਦਰ**

- ਜੋ ਆਪਣੀ ਮਾਂ ਦਾ ਨਹੀਂ, ਉਹ ਕਿਸੇ ਥਾਂ ਦਾ ਨਹੀਂ।

**- ਸ਼ੇਖ ਸਾਅਦੀ**

- ਆਦਮੀ ਨੂੰ ਸਭ ਤੋਂ ਪਹਿਲਾਂ ਰੋਟੀ ਚਾਹੀਦੀ ਹੈ, ਉਸ ਤੋਂ ਪਿਛੋਂ ਪਿਆਰ, ਫਲਸਫ਼ਾ ਅਤੇ ਗਿਆਨ।

**- ਖ਼ਲੀਲ ਜ਼ਿਬਰਾਨ**

- ਜੇ ਤੁਸੀਂ ਗਰੀਬ ਜੰਮੇ ਹੋ ਤਾਂ ਇਸ ਵਿਚ ਤੁਹਾਡਾ ਕਈ ਕਸੂਰ ਨਹੀਂ, ਪਰ ਜੇ ਗਰੀਬ ਮਰਦੇ ਹੋ ਤਾਂ ਕਸੂਰਵਾਰ ਹੋ।

**- ਬਿਲ ਗੇਟਸ**

**ਚੋਣ ਕਰਤਾ : ਮਾਸਟਰ ਭਜਨ ਕੈਲਗਰੀ**

403-455-4220

# ਪੰਜਾਬ ਵਿੱਚ ਕਿਸਾਨ ਖ਼ੁਦਕੁਸ਼ੀਆਂ ਦਾ ਵਰਤਾਰਾ



**ਡਾ. ਸੁਖਪਾਲ ਸਿੰਘ**

ਪੰਜਾਬ ਵਿੱਚ ਖ਼ੁਦਕੁਸ਼ੀਆਂ ਦਾ ਮਾਮਲਾ ਬਹੁਤ ਹੀ ਗੰਭੀਰ ਰੂਪ ਅਖ਼ਤਿਆਰ ਕਰਦਾ ਜਾ ਰਿਹਾ ਹੈ। ਪਿਛਲੇ ਦਿਨਾਂ ਵਿੱਚ ਖ਼ੁਦਕੁਸ਼ੀਆਂ ਦੀਆਂ ਦਿਲ ਕੰਬਾਊ ਘਟਨਾਵਾਂ ਨੇ ਹਰ ਵਿਅਕਤੀ ਨੂੰ ਹਲੂਣਿਆ ਹੈ। ਪਿੰਡ ਗਾਜੀਸਲਾਰ ਜ਼ਿਲ੍ਹਾ ਸੰਗਰੂਰ ਦੇ ਜਸਵੰਤ ਸਿੰਘ ਕਿਸਾਨ ਦੀ ਖ਼ੁਦਕੁਸ਼ੀ ਰੌਂਗਟੇ ਖੜੇ ਕਰਨ ਵਾਲੀ ਹੈ ਜਿਸ ਵਿੱਚ ਲੜਕੀ ਦੀ ਡੋਲੀ ਤੋਰਨ ਤੋਂ ਕੁਝ ਘੰਟੇ ਪਹਿਲਾਂ ਬਾਪ ਨੇ ਆਪਣੀ ਜੀਵਨ ਲੀਲਾ ਖਤਮ ਕਰ ਲਈ। ਖ਼ੁਦਕੁਸ਼ੀ ਦਾ ਕਾਰਨ ਕੁਝ ਹੋਰ ਨਹੀਂ ਸਗੋਂ ਕਰਜ਼ਾ ਜੋ ਚਾਰ ਏਕੜ ਦੀ ਛੋਟੀ ਖੇਤੀ ’ਚੋਂ ਉਪਜਿਆ ਹੋਇਆ ਸੀ। ਇਸੇ ਤਰ੍ਹਾਂ ਦੀਆਂ ਦਿਲ ਨੂੰ ਵਲੂੰਧਰਨ ਵਾਲੀਆਂ ਦਰਜਨਾਂ ਖ਼ਬਰਾਂ ਪਿਛਲੇ ਕੁਝ ਦਿਨਾਂ ਦੌਰਾਨ ਅਖ਼ਬਾਰਾਂ ਦੀਆਂ ਸੁਰਖੀਆਂ ਬਣੀਆਂ। ਇਹ ਦੁਖਦਾਈ ਕਹਾਣੀਆਂ ਕਿਸੇ ਇੱਕ ਜ਼ਿਲ੍ਹੇ ਜਾਂ ਪਿੰਡ ਦੀਆਂ ਨਹੀਂ ਸਗੋਂ ਸੂਬੇ ਦੀ ਨਰਮਾ ਪੱਟੀ ਦੇ ਲਗਪਗ ਸਾਰੇ ਹੀ ਜ਼ਿਲ੍ਹਿਆਂ/ਪਿੰਡਾਂ ਦੇ ਕਿਸਾਨਾਂ ਅਤੇ ਮਜ਼ਦੂਰਾਂ ਦੀਆਂ ਹਨ ਅਤੇ ਸਮਾਜ ਦੇ ਹਰ ਵਰਗ ਦਾ ਧਿਆਨ ਖਿੱਚ ਰਹੀਆਂ ਹਨ। ਹੁਣ ਤਕ ਇਸ ਤਰ੍ਹਾਂ ਦੇ ਸਵਾਲ ਉਠਾਏ ਜਾਂਦੇ ਰਹੇ ਸਨ ਕਿ ਸਿਰਫ਼ ਕਿਸਾਨ ਹੀ ਆਤਮਹੱਤਿਆ ਕਿਉਂ ਕਰਦਾ ਹੈ ਜਦੋਂਕਿ ਸਮਾਜ ਵਿੱਚ ਇਸ ਤੋਂ ਹੇਠਾਂ ਹੋਰ ਵੀ ਤਬਕੇ ਜਿਵੇਂ ਝੁੱਗੀ-ਝੌਂਪੜੀ ਵਾਲੇ, ਦਲਿਤ ਜਾਂ ਹੋਰ ਗ਼ਰੀਬ ਬਹੁਤ ਹੀ ਮਾੜੀ ਜ਼ਿੰਦਗੀ ਬਸਰ ਕਰ ਰਹੇ ਹਨ। ਉਹ ਆਤਮਹੱਤਿਆ ਕਿਉਂ ਨਹੀਂ ਕਰਦੇ? ਇਨ੍ਹਾਂ ਗੱਲਾਂ ਰਾਹੀਂ ਇਹ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਸੀ ਕਿ ਆਤਮਹੱਤਿਆ ਕਰਨ ਦੇ ਕਾਰਨ ‘ਆਰਥਿਕ’ ਨਹੀਂ ਸਗੋਂ ਇਸ ਦੇ ਕੋਈ ਹੋਰ ਸਮਾਜਿਕ-ਸੱਭਿਆਚਾਰਕ ਜਾਂ ਮਨੋਵਿਗਿਆਨਕ ਕਾਰਨ ਹਨ। ਪਰ ਜਿਸ ਪੱਧਰ ’ਤੇ ਪੰਜਾਬ ਵਿੱਚ ਖ਼ੁਦਕੁਸ਼ੀਆਂ ਦਾ ਵਰਤਾਰਾ ਜਾਰੀ ਹੈ ਉਸ ਤੋਂ ਸਾਰੇ ਸਮਾਜ ਅਤੇ ਰਾਜਨੀਤਕ ਪਾਰਟੀਆਂ ਨੇ ਇਹ ਗੱਲ ਮੰਨੀ ਹੈ ਅਤੇ ਅਰਥ ਵਿਗਿਆਨ ਦੀ ਥਿਊਰੀ ਅਨੁਸਾਰ ਵੀ ਪੂਰੇ ਦਾਅਵੇ ਨਾਲ ਕਿਹਾ ਜਾ ਸਕਦਾ ਹੈ ਕਿ ਪੰਜਾਬ ਦੇ ਕਿਸਾਨਾਂ ਦੇ ਆਤਮਹੱਤਿਆਵਾਂ ਦੇ ਰੁਝਾਨ ਮਾੜੀਆਂ ਆਰਥਿਕ ਪ੍ਰਸਥਿਤੀਆਂ ਕਰਕੇ ਹਨ। ਆਮਦਨ ਅਤੇ ਖ਼ਪਤ ਦੇ ਖ਼ਰਚ ਦੇ ਸਿਧਾਂਤ ਅਨੁਸਾਰ ਘੱਟ ਆਮਦਨ ਅਤੇ ਘੱਟ ਖ਼ਰਚ ਕਰਕੇ ਜੀਵਨ ਬਤੀਤ ਕਰਨ ਵਾਲਾ ਵਿਅਕਤੀ ਆਤਮਹੱਤਿਆ ਨਹੀਂ ਕਰਦਾ ਸਗੋਂ ਉਹ ਵਿਅਕਤੀ ਆਤਮਹੱਤਿਆ ਕਰਦਾ ਹੈ ਜਿਸ ਦੀ ਆਮਦਨ ਪਹਿਲਾਂ ਨਾਲੋਂ ਘੱਟ ਹੋਣ ਨਾਲ ਉਸ ਨੂੰ ਮਜ਼ਬੂਰੀ ਆਪਣੇ ਜਿਊਣ ਦਾ ਪੱਧਰ ਪਹਿਲਾਂ ਨਾਲੋਂ ਨੀਵਾਂ ਕਰਨਾ ਪਵੇ। ਪੰਜਾਬ ਦੇ ਦਲਿਤ ਅਤੇ ਹੋਰ ਗ਼ਰੀਬ ਜਮਾਤ ਦੇ ਲੋਕ ਪਹਿਲਾਂ ਹੀ ਬੜੀ ਥੋੜ੍ਹੀ ਆਮਦਨ ਅਤੇ ਖ਼ਰਚ ਨਾਲ ਔਸਤ ਜ਼ਿੰਦਗੀ ਜੀਅ ਰਹੇ ਹਨ। ਉਨ੍ਹਾਂ ਦੀ ਆਮਦਨ ਦਾ ਘਾਟਾ ਅਤੇ ਨਤੀਜਨ ਜੀਵਨ ਪੱਧਰ ਵਿੱਚ ਗਿਰਾਵਟ ਵਿੱਚ ਬਹੁਤੀ ਤੇਜ਼ੀ ਨਾ ਹੋਣ ਕਰਕੇ ਉਨ੍ਹਾਂ ’ਚ ਆਤਮਹੱਤਿਆਵਾਂ ਦਾ ਵਰਤਾਰਾ ਮੁਕਾਬਲਤਨ ਘੱਟ ਦਿਖਾਈ ਦਿੰਦਾ ਹੈ।

ਭਾਰਤ ਵਿੱਚ ਵੱਡੇ ਪੱਧਰ ’ਤੇ ਖ਼ੁਦਕੁਸ਼ੀਆਂ ਦਾ ਰੁਝਾਨ ਨਵੀਆਂ ਆਰਥਿਕ ਨੀਤੀਆਂ ਦੇ ਲਾਗੂ ਹੋਣ ਤੋਂ ਬਾਅਦ 1990ਵਿਆਂ ਦੇ ਆਖ਼ੀਰ ’ਚ ਹੀ ਵੇਖਣ ਨੂੰ ਮਿਲਦਾ ਹੈ। 1997 ਤੋਂ 2006 ਦੌਰਾਨ 10,95,219 ਵਿਅਕਤੀਆਂ ਨੇ ਖ਼ੁਦਕੁਸ਼ੀਆਂ ਕੀਤੀਆਂ ਜਿਨ੍ਹਾਂ ਵਿੱਚ 1,66,304 ਕਿਸਾਨ ਸਨ। ਇਹ ਅੰਕੜਾ ਹੁਣ ਵਧਕੇ ਲਗਪਗ ਤਿੰਨ ਲੱਖ ਹੋ ਗਿਆ ਹੈ। ਖ਼ੁਦਕੁਸ਼ੀਆਂ ਦੀ ਇਹ ਪ੍ਰਵਿਰਤੀ ਜ਼ਿਆਦਾਤਰ ਨੌਜਵਾਨਾਂ ਵਿੱਚ ਪਾਈ ਜਾਂਦੀ ਹੈ। ਕਿਸਾਨਾਂ ਵਿੱਚ ਖ਼ੁਦਕੁਸ਼ੀਆਂ ਦੀ ਦਰ ਬਾਕੀ ਵਸੋਂ ਨਾਲੋਂ ਕਿਤੇ ਵਧ ਹੈ ਜਿੱਥੇ ਆਮ ਵਸੋਂ ਇੱਕ ਲੱਖ ਪਿੱਛੇ 10.6 ਵਿਅਕਤੀ ਖ਼ੁਦਕੁਸ਼ੀ ਕਰਦੇ ਹਨ ਉੱਥੇ ਕਿਸਾਨਾਂ ਵਿੱਚ ਇਹ ਵਰਤਾਰਾ ਇੱਕ ਲੱਖ ਪਿੱਛੇ 15.8 ਖ਼ੁਦਕੁਸ਼ੀਆਂ ਦਾ ਹੈ। ਭਾਰਤ ਵਿੱਚ ਹਰ ਸਾਲ ਲਗਭਗ 17,000 ਕਿਸਾਨ ਖ਼ੁਦਕੁਸ਼ੀਆਂ ਕਰ ਰਹੇ ਹਨ ਜਿੱਥੇ ਪਿਛਲੇ ਦਸ ਸਾਲਾਂ ਦੌਰਾਨ ਹਰ ਬੀਤੇ ਦਿਨ 47 ਕਿਸਾਨਾਂ ਨੇ ਖ਼ੁਦਕੁਸ਼ੀ ਕੀਤੀ ਉੱਥੇ ਇਹ ਅੰਕੜਾ 2006 ਤੋਂ ਬਾਅਦ 52 ਹੋ ਗਿਆ ਹੈ। ਇਹ ਸਾਰਾ ਵਿਸ਼ਲੇਸ਼ਨ ਨੈਸ਼ਨਲ ਕਰਾਈਮ ਰਿਕਾਰਡ ਬਿਊਰੋ ਦੇ ਅੰਕੜਿਆ ’ਤੇ ਆਧਾਰਿਤ ਹੈ ਕਿ ਜਦੋਂਕਿ ਯੂਨੀਵਰਸਿਟੀਆਂ ਅਤੇ ਹੋਰ ਖੋਜ ਸੰਸਥਾਵਾਂ ਦੁਆਰਾ ਤਿਆਰ ਕੀਤੀਆਂ ਰਿਪੋਰਟਾਂ ਦਰਸਾਉਦੀਆਂ ਹਨ ਕਿ ਵੱਖ ਵੱਖ ਰਾਜਾਂ ਵਿੱਚ ਖ਼ੁਦਕੁਸ਼ੀਆਂ ਦੀ ਗਿਣਤੀ ਇਸ ਨਾਲੋਂ ਕਿਤੇ ਵੱਧ ਹੈ। ਪੰਜਾਬ ਵਿੱਚ ਪਿਛਲੇ ਸਮੇਂ ਦੌਰਾਨ ਇਹ ਕਿਹਾ ਜਾਂਦਾ ਰਿਹਾ ਹੈ ਕਿ ਇੱਥੇ ਪਿਛਲੇ 15 ਸਾਲਾਂ ਵਿੱਚ 2116 ਖ਼ੁਦਕੁਸ਼ੀਆਂ ਹੋਈਆਂ ਹਨ ਜਦੋਂਕਿ ਪੰਜਾਬ ਦੀਆਂ ਤਿੰਨ ਯੂਨੀਵਰਸਿਟੀਆਂ ਦੁਆਰਾ ਕੀਤੇ ਸਰਵੇਖਣ ਤੋਂ ਪਤਾ ਲੱਗਿਆ ਹੈ ਕਿ ਸਾਲ 2000 ਤੋਂ 2011 ਦੌਰਾਨ ਸੂਬੇ ਵਿੱਚ ਖੇਤੀ ਕਿੱਤੇ ਨਾਲ ਸਬੰਧਿਤ 6926 ਵਿਅਕਤੀ ਖ਼ੁਦਕੁਸ਼ੀ ਕਰ ਚੁੱਕੇ ਹਨ ਜਿਨ੍ਹਾਂ ਵਿੱਚ 3954 ਕਿਸਾਨ ਅਤੇ 2972 ਮਜ਼ਦੂਰ ਸਨ। ਇਨ੍ਹਾਂ ਵਿੱਚੋਂ ਵੱਡੀ ਗਿਣਤੀ ਲੋਕਾਂ ਨੇ ਕਰਜ਼ੇ ਕਰਕੇ ਖ਼ੁਦਕੁਸ਼ੀ ਕੀਤੀ ਹੈ।

ਭਾਵੇਂ ਕਿਸਾਨਾਂ ਦੇ ਖ਼ੁਦਕੁਸ਼ੀਆਂ ਦੇ ਰਸਤੇ ਪੈਣ ਦੇ ਫ਼ੌਰੀ ਕਾਰਨ ਕਣਕ ਦੀ ਫ਼ਸਲ ਮੌਸਮੀ ਖਲਬਲੀ ਕਰਕੇ ਅਤੇ ਨਰਮੇ ਦੀ ਫ਼ਸਲ ਚਿੱਟੀ ਮੱਖੀ ਕਰਕੇ ਹੋਈ ਤਬਾਹੀ ਹਨ ਪਰ ਇਸ ਦਾ ਮੁੱਖ ਕਾਰਨ ਖੇਤੀ ਦੀਆਂ ਲਾਗਤਾਂ ਦੇ ਵਧਣ ਅਤੇ ਇਸ ਦੇ ਮੁਕਾਬਲੇ ਫ਼ਸਲਾਂ ਦੀਆਂ ਕੀਮਤਾਂ ਵਿੱਚ ਘੱਟ ਵਾਧਾ ਹੋਣ ਕਾਰਨ ਆਮਦਨ ਅਤੇ ਖ਼ਰਚ ਦੇ ਪਾੜੇ ਦਾ ਲਗਾਤਾਰ ਵਧਣਾ ਹੈ। ਦਰਮਿਆਨੇ ਅਤੇ ਛੋਟੇ ਕਿਸਾਨਾਂ ਦੀ ਆਮਦਨ ਉਨ੍ਹਾਂ ਦੇ ਖ਼ਰਚ ਨਾਲੋਂ ਕਾਫ਼ੀ ਘੱਟ ਹੈ। ਇਸ ਕਰਕੇ ਇਹ ਗੰਭੀਰ ਕਰਜ਼ੇ ਦੇ ਜਾਲ ਵਿੱਚ ਫਸੇ ਹੋਏ ਹਨ। ਪੰਜਾਬ ਦੀ ਛੋਟੀ ਕਿਸਾਨੀ ਜਾਂ ਤਾਂ ਖੇਤੀ ਨੂੰ ਛੱਡਣ ਲਈ ਮਜ਼ਬੂਰ ਹੋ ਰਹੀ ਹੈ ਜਾਂ ਜ਼ਮੀਨ ਠੇਕੇ ’ਤੇ ਲੈ ਕੇ ਖੇਤੀ ਕਰ ਰਹੀ ਹੈ। ਫ਼ਸਲ ਫੇਲ੍ਹ ਹੋਣ ਦੀ ਸੂਰਤ ਵਿੱਚ ਠੇਕਾ ਦੇਣ ਲਈ ਪੈਸੇ ਨਾ ਹੋਣ ਕਰਕੇ ਛੋਟਾ ਕਿਸਾਨ ਆਪਣੀ ਜ਼ਿੰਦਗੀ ਨੂੰ ਖ਼ਤਮ ਕਰਨ ਦਾ ਕਦਮ ਚੁੱਕ ਬੈਠਦਾ ਹੈ।

ਖੇਤੀ ਸੈਕਟਰ ਵਿੱਚ ਮਿਲਣ ਵਾਲਾ ਰੁਜ਼ਗਾਰ ਲਗਾਤਾਰ ਘਟ ਰਿਹਾ ਹੈ। ਦੇਸ਼ ਵਿੱਚ ਜਿੱਥੇ 1972-73 ਵਿੱਚ ਇਹ ਸੈਕਟਰ 74 ਫ਼ੀਸਦੀ ਲੋਕਾਂ ਨੂੰ ਰੁਜ਼ਗਾਰ ਦਿੰਦਾ ਸੀ ਉੱਥੇ 1993-94 ਵਿੱਚ 64 ਫ਼ੀਸਦੀ ਲੋਕਾਂ ਨੂੰ ਅਤੇ ਹੁਣ ਸਿਰਫ਼ 54 ਫ਼ੀਸਦੀ ਲੋਕਾਂ ਨੂੰ ਹੀ ਰੁਜ਼ਗਾਰ ਮੁਹੱਈਆ ਕਰਦਾ ਹੈ। ਇਸੇ ਤਰ੍ਹਾਂ ਖੇਤੀਬਾੜੀ ਦਾ ਕੁੱਲ ਘਰੇਲੂ ਉਤਪਾਦਨ ਵਿੱਚ ਹਿੱਸਾ 1972-73 ਵਿੱਚ 41 ਫ਼ੀਸਦੀ, 1993-94 ਵਿੱਚ 30 ਫ਼ੀਸਦੀ ਅਤੇ ਹੁਣ ਘਟ ਕੇ ਸਿਰਫ਼ 14 ਫ਼ੀਸਦੀ ਹੀ ਰਹਿ ਗਿਆ। ਇੱਥੇ ਹੀ ਬੱਸ ਨਹੀਂ ਖੇਤੀ ਕਾਮਿਆਂ ਦੀ ਉਤਪਾਦਕਤਾ ਦੂਜੇ ਸੈਕਟਰਾਂ ਵਿੱਚ ਕੰਮ ਕਰਨ ਵਾਲੇ ਲੋਕਾਂ ਦੀ ਉਤਪਾਦਕਤਾ ਨਾਲੋਂ ਕਾਫ਼ੀ ਘੱਟ ਹੈ। ਸਿਹਤ ਸੇਵਾਵਾਂ ਅਤੇ ਸਿੱਖਿਆ ਦੇ ਨਿੱਜੀਕਰਨ ਅਤੇ ਹੋਰ ਜੀਵਨ ਹਾਲਤਾਂ ਦੀ ਮਹਿੰਗਾਈ ਨੇ ਕਿਸਾਨਾਂ ਦੀ ਹਾਲਤ ਤਰਸਯੋਗ ਬਣਾ ਦਿੱਤੀ ਹੈ। ਕਿਸਾਨ ਅਤੇ ਉਸ ਦੇ ਬੱਚਿਆਂ ਨੂੰ ਮਹਿੰਗੀ ਵਿੱਦਿਆ ਦੇਣ ਦੇ ਬਾਵਜੂਦ ਵੀ ਰੁਜ਼ਗਾਰ ਦੇ ਮੌਕੇ ਨਾ ਹੋਣ ਕਾਰਨ ਕਿਸਾਨ ਅਤੇ ਹੋਰ ਪੇਂਡੂ ਲੋਕ ਬੇਵਸੀ ਦੀ ਹਾਲਤ ਵਿੱਚ ਧੱਕੇ ਗਏ। ਆੜ੍ਹਤੀਏ ਅਤੇ ਸੂਦਖੋਰਾਂ ਵੱਲੋਂ ਵਿਆਜ ਦੀਆਂ ਉੱਚੀਆਂ ਦਰਾਂ ਅਤੇ ਸਖ਼ਤ ਸ਼ਰਤਾਂ ਅਧੀਨ ਲਏ ਕਰਜ਼ੇ ਦੀ ਵਾਪਸੀ ਕਰਨੀ ਕਿਸਾਨਾਂ ਲਈ ਬਹੁਤ ਔਖੀ ਹੋ ਗਈ ਹੈ।

ਪੰਜਾਬ ਦੇ ਖੇਤੀ ਦੇ ਪੂੰਜੀਵਾਦੀ ਮਾਡਲ ਅਤੇ ਸਿਫ਼ਤੀ ਤੌਰ ’ਤੇ ਵਿਸ਼ਵੀਕਰਨ ਦੀਆਂ ਨੀਤੀਆਂ ਕਰਕੇ ਖੇਤੀ ਖੇਤਰ ਨੂੰ ਦਿੱਤੀਆਂ ਜਾਣ ਵਾਲੀਆਂ ਰਿਆਇਤਾਂ ਦਾ ਵੀ ਖ਼ਾਤਮਾ ਹੋ ਗਿਆ ਹੈ ਅਤੇ ਅੰਤਰਰਾਸ਼ਟਰੀ ਮੰਡੀ ਦੇ ਪ੍ਰਭਾਵ ਕਰਕੇ ਫ਼ਸਲਾਂ ਦੇ ਵਾਜਬ ਭਾਅ ਵੀ ਮਿਲਣੇ ਬੰਦ ਹੋ ਗਏ ਜਿਸ ਨਾਲ ਕਿਸਾਨੀ ਦੇ ਸ਼ੁੱਧ ਮੁਨਾਫ਼ੇ ਘਟ ਗਏ ਤੇ ਉਹ ਕਰਜ਼ੇ ਦੇ ਜਾਲ ਵਿੱਚ ਫਸ ਗਏ। ਕਰਜ਼ਾ ਵਧਣ ਦਾ ਕਾਰਨ ਭਾਵੇਂ ਕਿਸਾਨਾਂ ਦੀ ਅਸਲ ਆਮਦਨ ਦਾ ਘਟਣਾ ਹੀ ਹੈ ਫਿਰ ਵੀ ਕਰਜ਼ਾ ਵਧਾਉਣ ਵਿੱਚ ਗ਼ੈਰ-ਸੰਸਥਾਗਤ ਕਰਜ਼ੇ ਨੇ ਕਾਫ਼ੀ ਵੱਡੀ ਭੂਮਿਕਾ ਨਿਭਾਈ ਹੈ। ਅੱਜ ਖੇਤੀ ਸੈਕਟਰ ਉੱਪਰ 52 ਹਜ਼ਾਰ ਕਰੋੜ ਰੁਪਏ ਦਾ ਸੰਸਥਾਗਤ ਕਰਜ਼ਾ ਹੈ। ਕਿਸਾਨਾਂ ਨੇ ਇਹ ਐਨੀ ਵੱਡੀ ਰਕਮ ਵਰਤੀ ਨਹੀਂ ਹੈ ਸਗੋਂ ਇਸ ਵਿੱਚ ਅੜ੍ਹਤੀਆਂ ਵੱਲੋਂ ਉੱਚੀਆਂ ਵਿਆਜ ਦਰਾਂ ਅਤੇ ਨਕਲੀ ਕੀੜੇਮਾਰ ਦਵਾਈਆਂ/ਖਾਦਾਂ ਵੇਚ ਕੇ ਵਸੂਲੀਆਂ ਰਕਮਾਂ ਵੀ ਸ਼ਾਮਲ ਹਨ। ਜਿਨ੍ਹਾਂ ਹਾਲਤਾਂ, ਮਜਬੂਰੀਆਂ ਅਤੇ ਸ਼ਰਤਾਂ ਨਾਲ ਕਿਸਾਨ ਕਰਜ਼ਾ ਲੈਂਦੇ ਹਨ ਉਨ੍ਹਾਂ ਦੀ ਵਾਪਸੀ ਕਿਸੇ ਵੀ ਵਿਅਕਤੀ ਦੇ ਵੱਸ ਦਾ ਰੋਗ ਨਹੀਂ ਹੈ। ਇਸ ਕਰਕੇ ਕਰਜ਼ਾ ਅਤੇ ਖ਼ੁਦਕੁਸ਼ੀਆਂ ਲਗਾਤਾਰ ਵਧ ਰਹੀਆਂ ਹਨ।

ਕਰਜ਼ੇ ਦੇ ਹੱਲ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਸਰਕਾਰੀ ਕਰਜ਼ੇ ਦੀ ਵਾਪਸੀ ਲਈ ਇਸ ਕਰਜ਼ੇ ਨੂੰ ਲੰਬੇ ਸਮੇਂ ਦੇ ਕਰਜ਼ੇ ਵਿੱਚ ਤਬਦੀਲ ਕਰ ਦੇਵੇ ਅਤੇ ਇਸ ਕਰਜ਼ੇ ਨੂੰ ਬਿਨਾ ਕਿਸੇ ਵਿਆਜ ਤੋਂ 20 ਸਾਲਾਂ ਦੀਆਂ ਆਸਾਨ ਕਿਸ਼ਤਾਂ ਵਿੱਚ ਵਾਪਸ ਲਿਆ ਜਾਵੇ। ਇਸੇ ਤਰ੍ਹਾਂ ਆੜ੍ਹਤੀਆਂ ਦੇ ਕਰਜ਼ੇ ਦੇ ਹੱਲ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਇਹ ਇੱਕ ਆਰਡੀਨੈਂਸ ਜਾਰੀ ਕਰੇ ਤੇ ਆੜ੍ਹਤੀਆਂ ਤੋਂ ਕਿਸਾਨਾਂ ਦੇ ਕਰਜ਼ੇ ਦਾ ਹਿਸਾਬ-ਕਿਤਾਬ ਮੰਗੇ। ਸਰਕਾਰ ਕਿਸਾਨਾਂ ਨੂੰ ਲੰਬੇ ਸਮੇਂ ਦਾ ਕਰਜ਼ਾ ਮੁਹੱਈਆ ਕਰੇ ਅਤੇ ਇਸ ਪੈਸੇ ਨਾਲ ਆੜ੍ਹਤੀਆਂ ਦੇ ਕਰਜ਼ੇ ਵਾਪਸ ਕੀਤੇ ਜਾਣ। ਗ਼ੈਰ-ਸੰਸਥਾਗਤ ਕਰਜ਼ੇ ਦੇ ਸੋਮਿਆਂ ਅਤੇ ਆੜ੍ਹਤੀ ਪ੍ਰਬੰਧ ਨੂੰ ਖ਼ਤਮ ਕੀਤਾ ਜਾਣਾ ਚਾਹੀਦਾ ਹੈ ਅਤੇ ਫਸ਼ਲਾਂ ਦੀ ਅਦਾਇਗੀ ਸਿੱਧੀ ਕਰਕੇ ਵਿੱਤੀ ਲੈਣ-ਦੇਣ ਦਾ ਕੰਮ ਵਪਾਰਕ ਬੈਂਕਾਂ ਅਤੇ ਸਹਿਕਾਰੀ ਅਦਾਰਿਆਂ ਰਾਹੀਂ ਕੀਤੇ ਜਾਣ ਦੀ ਜ਼ਰੂਰਤ ਹੈ।

ਪੰਜਾਬ ਦੀ ਛੋਟੀ ਕਿਸਾਨੀ ਗੰਭੀਰ ਸੰਕਟ ਵਿੱਚੋਂ ਗੁਜ਼ਰ ਰਹੀ ਹੈ। ਇਸ ਦੇ ਹੱਲ ਲਈ ਸਹਿਕਾਰੀ ਸਭਾਵਾਂ ਨੂੰ ਵਿਕਸਿਤ ਅਤੇ ਕੁਸ਼ਲ ਬਣਾ ਕੇ ‘ਸਹਿਕਾਰੀ ਖੇਤੀ’ ਕੀਤੀ ਜਾਵੇ। ਖੇਤੀ ਜ਼ਮੀਨ ਦੇ ਠੇਕੇ ਨੂੰ ਨਿਰਧਾਰਿਤ ਕਰਨ ਲਈ ਪੰਜਾਬ ਸਕਿਊਰਟੀ ਜ਼ਮੀਨ ਅਵਧੀ ਕਾਨੂੰਨ (1953) ਨੂੰ ਲਾਗੂ ਕਰਕੇ ਜ਼ਮੀਨ ਦਾ ਠੇਕਾ ਇਸ ਤਰ੍ਹਾਂ ਨਿਰਧਾਰਿਤ ਕੀਤਾ ਜਾਵੇ ਕਿ ਇਹ ਜ਼ਮੀਨ ਦੀ ਪੈਦਾਵਾਰ ਦੇ ਇੱਕ-ਤਿਹਾਈ ਤੋਂ ਵੱਧ ਨਾ ਹੋਵੇ। ਖੇਤੀ ਦੀ ਕੁਦਰਤ ’ਤੇ ਨਿਰਭਰਤਾ ਵੀ ਇਸ ਨੂੰ ਘਾਟੇ ਵੱਲ ਲਿਜਾਣ ਵਿੱਚ ਆਪਣੀ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਫ਼ਸਲ ਦੇ ਮਰਨ ਨਾਲ ਨਰਮਾ ਪੱਟੀ ਦੀ ਕਿਸਾਨੀ ਕਰਜ਼ੇ ਦੇ ਜਾਲ ਵਿਚ ਫਸੀ ਹੈ। ਇਸ ਲਈ ਫ਼ਸਲੀ ਬੀਮਾ ਲਾਹੇਵੰਦ ਢੰਗ ਨਾਲ ਸ਼ੁਰੂ ਕੀਤਾ ਜਾਵੇ। ਸਹਾਇਕ ਧੰਦੇ, ਜਿਵੇਂ ਡੇਅਰੀ ਖੇਤਰ ਨੂੰ ਵਿਕਸਿਤ ਕਰਨ ਲਈ ਪ੍ਰਾਸੈਸਿੰਗ ਅਤੇ ਮਾਰਕੀਟਿੰਗ ਨੂੰ ਕੁਸ਼ਲ ਅਤੇ ਯਕੀਨੀ ਬਣਾਉਣਾ ਚਾਹੀਦਾ ਹੈ। ਇਸ ਤੋਂ ਇਲਾਵਾ ਪੇਂਡੂ ਖੇਤਰ ਵਿੱਚ ਖੇਤੀ ਅਤੇ ਕਿਰਤ ਪ੍ਰਧਾਨ ਉਦਯੋਗਾਂ ਰਾਹੀਂ ਨੌਜਵਾਨਾਂ ਲਈ ਗ਼ੈਰ-ਖੇਤੀ ਖੇਤਰ ਵਿੱਚ ਰੁਜ਼ਗਾਰ ਦੇ ਮੌਕੇ ਪੈਦਾ ਕੀਤੇ ਜਾਣ। ਇਨ੍ਹਾਂ ਕਦਮਾਂ ਨਾਲ ਕਿਸਾਨਾਂ ਦੀ ਆਰਥਿਕਤਾ ਵਿੱਚ ਕੁਝ ਸੁਧਾਰ ਕਰਕੇ ਖ਼ੁਦਕੁਸ਼ੀਆਂ ਦੇ ਵਰਤਾਰੇ ਨੂੰ ਠੱਲ੍ਹਿਆ ਜਾ ਸਕਦਾ ਹੈ।

**ਮੁਖੀ, ਆਰਥਿਕ ਅਤੇ ਸਮਾਜਿਕ ਵਿਭਾਗ, ਪੀ.ਏ.ਯੂ. ਲੁਧਿਆਣਾ।**

GILL
Truck & Trailer Repair
and Mobile Service
"Hiring Full and Part Time mechanics"
Open 7 days a week and, make it nice
Cell: 416.312.4707
Tel: 905.458.3455
Fax: 905.458.3456
04 Blair Dr.
Brampton, ON
L6P 2X5
gilltruckandtrailer@yahoo.com

Inderjit Gill
Heavy Duty Truck & Trailer Mechanic


Kulwant Singh Punnu
Sales Representative
416.276.1566
k.pannu@hotmail.com
Century 21
Century 21 Green Realty Inc. Brokerage
REALTOR
Bus : 905.565.9565
Fax : 905.565.9522
24 Hour Pager Service
151 Superior Blvd. Unit 19-21
Mississauga ON L5T 1L2
MLS
Buy Green, Build Green...Save Environment!!!
Each office is independently owned and operated. Trademarks of AIRMILES International Trading B.V. used under license by Loyalty Management Gruop Canada Inc. and Century 21 Canada Ltd. Partnership

# ਸੀਰੀਆ-ਇਰਾਕ ਅੰਦਰ ਖ਼ਾਨਾ-ਜੰਗੀ ਅਤੇ ਸਾਮਰਾਜੀ ਚਾਲਾਂ



ਨਿਰਮਲ

ਸੀਰੀਆ ਅੰਦਰ 5 ਸਾਲ ਤੋਂ ਅਤੇ ਇਰਾਕ ਅੰਦਰ 2003 ਤੋਂ ਚਲੀ ਆ ਰਹੀ ਖਾਨਾ ਜੰਗੀ ਰੋਕਣ ਅਤੇ ਅਮਨ ਬਹਾਲੀ ਬਾਰੇ ਸੰਸਾਰ ਅੰਦਰ ਚਰਚਾ ਬਣੀ ਹੋਈ ਹੈ। ਹੁਣ ਆ ਕੇ ਯੂ.ਐਨ.ਓ ਨੇ ਸੀਰੀਆ ਅੰਦਰ ਖ਼ਾਨਾ ਜੰਗੀ ਨੂੰ ਰੋਕਣ ਤੇ ਅਮਨ ਦੀ ਬਹਾਲੀ ਸੰਬੰਧੀ ਪ੍ਰਸਤਾਵ ਨੂੰ ਮਨਜ਼ੂਰ ਕਰ ਲਿਆ ਹੈ। ਜਦੋਂ ਇਸ ਜੰਗ 'ਚ ਲਗਭਗ 4 ਲੱਖ ਲੋਕਾਂ ਦੀਆਂ ਜਾਨਾਂ ਜਾ ਚੁੱਕੀਆਂ ਹਨ, ਕਰੀਬ 70-80 ਲੱਖ ਲੋਕ ਪ੍ਰਵਾਸੀ ਤੇ ਸ਼ਰਨਾਰਥੀ ਬਣਾ ਦਿੱਤੇ ਗਏ ਹਨ ਜੋ ਵੱਖੋ-ਵੱਖਰੇ ਦੇਸ਼ਾਂ 'ਚ ਸ਼ਰਨਾਰਥੀ ਕੈਂਪਾਂ 'ਚ ਧੱਕੇ ਖਾ ਰਹੇ ਹਨ। ਲੋਕ ਬਿਮਾਰੀਆਂ ਨਾਲ ਮਰ ਰਹੇ ਹਨ। ਇੱਕ ਲੱਖ ਤੀਹ ਹਜ਼ਾਰ ਤੋਂ ਉੱਪਰ ਲੋਕ ਜੇਲਾਂ 'ਚ ਬੰਦ ਹਨ। ਸੀਰੀਆ ਦਾ 23700 ਕਰੋੜ ਡਾਲਰ ਦਾ ਨੁਕਸਾਨ ਹੋ ਚੁੱਕਿਆ ਹੈ। ਅੱਜ ਸੀਰੀਆ, ਸੀਰੀਅਨ ਸਰਕਾਰ, ਕੁਰਦ, ਇਸਲਾਮੀ ਸਟੇਟ ਆਫ ਇਰਾਕ ਐਂਡ ਲੀਵੈਂਟ, (ਲੀਵੈਂਟ-ਜਾਰਡਨ, ਲਿਬਨਾਨ, ਇਜਰਾਇਲ ਤੇ ਫਲਸਤੀਨ ਦੇ ਕੁੱਝ ਹਿੱਸਿਆਂ ਨੂੰ ਮਿਲਾਉਂਦੇ ਹੋਏ ਇਸਲਾਮਿਕ ਸਟੇਟ ਵੱਲੋਂ ਆਪਣੇ ਅਧਾਰ ਖੇਤਰ 'ਚ ਆਉਂਦਾ ਐਲਾਨਿਆ ਇਲਾਕਾ) ਅਲ ਨੁਸਰਾ ਫਰੰਟ ਅਤੇ ਸਰਕਾਰ ਵਿਰੋਧੀ ਬਾਗੀਆਂ ਦੇ ਹੱਥਾਂ 'ਚ ਵੰਡਿਆ ਪਿਆ ਹੈ। ਸਰਕਾਰ ਅਧੀਨ ਸਿਰਫ਼ 25-30 ਪ੍ਰਤੀਸ਼ਤ ਇਲਾਕਾ ਹੈ। ਜਦੋਂ ਕਿ ਉਸ ਅਧੀਨ ਅਬਾਦੀ 66% ਹੈ। ਆਈ.ਐਸ.ਆਈ. ਕੋਲ ਇਲਾਕਾ 45% ਤੇ ਅਬਾਦੀ 10-15 ਪ੍ਰਤੀਸ਼ਤ ਹੈ, 5-10 ਪ੍ਰਤੀਸ਼ਤ ਇਲਾਕਾ ਕੁਰਦਾਂ ਕੋਲ ਹੈ ਅਤੇ 25-30 ਪ੍ਰਤੀਸ਼ਤ ਇਲਾਕਾ ਵਿਰੋਧੀ ਬਾਗੀਆਂ ਕੋਲ ਹੈ ਜਿਸ ਚ ਅਲ ਨੁਸਰਾ ਫਰੰਟ ਵੀ ਸ਼ਾਮਿਲ ਹੈ। ਇਹੋ ਗੱਲ ਇਰਾਕ ਦੀ ਹੈ ਜਿਸਦਾ 70 ਪ੍ਰਤੀਸ਼ਤ ਇਲਾਕਾ ਆਈ.ਐਸ ਤੇ ਹੋਰ ਤਾਕਤਾਂ ਕੋਲ ਹੈ। ਇਹ ਇਲਾਕਾ ਖ਼ਾਨਾ ਜੰਗੀ ਕਾਰਨ ਵਧਦਾ ਘਟਦਾ ਰਹਿੰਦਾ ਹੈ। ਕੀ ਇਸ ਮਸਲੇ ਨੂੰ ਯੂ.ਐਨ.ਓ, ਸਾਮਰਾਜੀ ਤਾਕਤਾਂ ਅਤੇ ਉਹਨਾਂ ਦੇ ਪਿੱਠੂ ਸਮੇਤ ਧਾਰਮਿਕ ਜਹਾਦੀ ਹੱਲ ਕਰ ਸਕਣਗੇ? ਕਈ ਵਿਚਾਰਵਾਨ ਇਉਂ ਵੀ ਲਿਖ ਰਹੇ ਹਨ ਜੇ ਇਹ ਚਾਹੁਣ ਤਾਂ ਇਹ ਕਰ ਸਕਦੇ ਹਨ। ਪਰ ਇਹ ਸੋਚਣਾ ਹੀ ਇਨਾਂ ਤਾਕਤਾਂ ਦੀ ਖਸਲਤ ਦੇ ਉਲਟ ਹੈ। ਦੂਜੇ ਪਾਸੇ ਮਸਲਾ ਬਹੁਤ ਪੇਚੀਦਾ ਬਣ ਗਿਆ ਹੈ। ਇਹ ਕਿਸੇ ਵੀ ਰੂਪ 'ਚ ਕਹਿਣਾ ਗ਼ਲਤ ਹੋਵੇਗਾ ਕਿ ਇਹ ਮਸਲਾ ਸਿਰਫ਼ ਇਨਾਂ ਦੇਸ਼ਾਂ ਦੇ ਅੰਦਰੂਨੀ ਕਾਰਨਾਂ ਦਾ ਮਸਲਾਹੈ।

ਇਸ ਖ਼ਾਨਾ-ਜੰਗੀ 'ਚ ਖੇਤਰੀ ਤਾਕਤਾਂ ਸਮੇਤ ਸੰਸਾਰ ਪੂੰਜੀਵਾਦੀ ਸਾਮਰਾਜੀ ਤਾਕਤਾਂ ਸ਼ਾਮਿਲ ਹਨ। ਜਿਨਾਂ ਦੇ ਵੱਖੋ ਵੱਖਰੇ ਲੁਟੇਰੇ ਤੇ ਪਿੱਛਾਖੜੀ ਹਿੱਤ ਸ਼ਾਮਿਲ ਹਨ। ਜਿੱਥੇ ਸੀਰੀਆ ਦੀ ਸਰਕਾਰ ਦੇ ਪੱਖ 'ਚ ਰੂਸ, ਇਰਾਨ, ਲਿਬਨਾਨ ਤੋਂ ਹਿਜਬੁਲਾ ਜਿਨਾਂ ਦੀ ਹਮਾਇਤ 'ਚ ਇਰਾਕ ਤੇ ਉੱਤਰੀ ਕੋਰੀਆ ਵੇ ਸ਼ਾਮਿਲ ਹੈ। ਇਨਾਂ ਘਟਨਾਵਾਂ ਨੇ ਆਪਣੇ ਆਪ ਨੂੰ ਸਿਰਫ਼ ਇੱਥੋਂ ਤੱਕ ਸੀਮਿਤ ਨਹੀਂ ਰੱਖਿਆ ਸਗੋਂ ਪੂਰੇ ਅਰਬ ਜਗਤ ਨੂੰ ਆਪਣੀ ਲਪੇਟ ਚ ਲਿਆ ਹੋਇਆ ਹੈ। ਫ਼ਰਾਂਸ ਤੇ ਅਮਰੀਕਾ ਚ ਹੋਏ ਆਈ.ਐਸ. ਵਲੋਂ ਹਮਲਿਆਂ ਤੋਂ ਬਾਅਦ 34 ਦੇਸ਼ਾਂ ਨੇ ਅੱਤਵਾਦ ਖ਼ਿਲਾਫ਼ ਲੜਾਈ ਦੇ ਹਿੱਸੇ ਵਜੋਂ ਆਈ.ਐਸ ਖ਼ਿਲਾਫ਼ ਲੜਨ ਦਾ ਐਲਾਨ ਕੀਤਾ ਹੈ। ਜਿਸ 'ਚ ਜਾਣ ਬੁੱਝ ਕੇ ਅਰਬ ਲੋਕਾਂ ਦੇ ਵਿਰੋਧ ਨੂੰ ਗਿਣਤੀ 'ਚ ਰੱਖ ਦੇ ਹੋਏ ਇਜਰਾਇਲ ਨੂੰ ਸ਼ਾਮਿਲ ਨਹੀਂ ਕੀਤਾ ਗਿਆ। ਇਨਾਂ 34 ਦੇਸ਼ਾਂ 'ਚ ਇਰਾਕ ਤੇ ਸੀਰੀਆ ਦੇ ਮਸਲੇ ਨੂੰ ਹੱਲ ਕਰਨ ਸੰਬੰਧੀ ਇੱਕਮਿਕਤਾ ਨਹੀ ਹੈ। ਇਹ ਸਾਰੀਆਂ ਮੌਕਾਪ੍ਰਸਤ ਤਾਕਤਾਂ ਖ਼ੁਦ ਇਸਲਾਮਿਕ ਧਰਮ ਤੇ ਸ਼ੀਆ/ਸੁੰਨੀ ਦੇ ਵਿਰੋਧਾਂ ਨੂੰ ਆਪਣੇ ਪਿਛਾਖੜੀ ਹਿੱਤਾਂ ਅਨੁਸਾਰ ਵਰਤ ਰਹੀਆਂ ਹਨ। ਜਿਸ ਮਸਲੇ ਨੂੰ ਖ਼ੁਦ ਸਾਮਰਾਜੀਆਂ ਤੇ ਪਿਛਾਖੜੀ ਤਾਕਤਾਂ ਨੇ ਆਪਣੇ ਹਿੱਤਾਂ ਅਨੁਸਾਰ ਨਵਿਆਇਆ ਅਤੇ ਵਰਤਿਆ ਹੈ। ਜਿਨਾਂ ਸਾਮਰਾਜੀ ਤਾਕਤਾਂ ਤੇ ਇਜਰਾਇਲ ਵਿਰੋਧੀ ਅਰਬ ਦੇਸ਼ਾਂ ਦੇ ਲੋਕਾਂ ਦੀਆਂ ਸਾਂਝੀਆਂ ਭਾਵਨਾਵਾਂ ਤੇ ਕੌਮੀਮੁਕਤੀ ਲਹਿਰਾਂ ਅਤੇ ਜਮਾਤੀ ਸੰਘਰਸ਼ਾਂ ਨੂੰ ਵੱਡੀ ਪੱਧਰ ਤੇ ਸੱਟ ਮਾਰੀ ਹੈ। ਬੇਸ਼ੱਕ ਇਸ 'ਚ ਬੁਨਿਆਦੀ ਰੋਲ ਸਾਮਰਾਜੀਆਂ ਤੇ ਉਨਾਂ ਦੇ ਪਿੱਠੂਆਂ ਦੇ ਵੱਖੋ ਵੱਖਰੇ ਹਿੱਤਾਂ ਨੇ ਕੀਤਾ ਹੈ।

ਸੀਰੀਆ-ਇਰਾਕ ਦਾ ਮਸਲਾ ਰੂਸ ਦੇ ਢਹਿ ਢੇਰੀ ਹੋਣ, ਅਮਰੀਕਾ ਵਲੋਂ ਇਹ ਐਲਾਨ ਕਿ ਤੁਸੀ ਸਾਡੇ ਵੱਲ ਹੋ ਜਾਂ ਵਿਰੋਧੀ, ਕਮਿਊਨਿਜ਼ਮ ਮਰ ਚੁੱਕਿਆ ਹੈ ਤੇ ਨਵੀਆਂ ਆਰਥਿਕ ਨੀਤੀਆਂ ਆਦਿ ਨਾਲੋਂ ਤੋੜ ਕੇ ਦੇਖਣਾ ਗ਼ਲਤ ਹੋਵੇਗਾ ਜਿਨਾਂ ਤਹਿਤ ਹੀ ਅੱਤਵਾਦ ਖ਼ਿਲਾਫ਼ ਲੜਾਈ ਦਾ ਪਾਖੰਡੀ ਐਲਾਨ ਕੀਤਾ ਗਿਆ ਸੀ। ਉਹ ਅੱਤਵਾਦ ਅਮਰੀਕੀ ਸਾਮਰਾਜੀਆਂ ਨੇ ਖ਼ੁਦ ਪੈਦਾ ਕੀਤਾ ਸੀ। ਜਿਸ ਦੀ ਵਜਾ ਕਰਕੇ ਉਸਾਮਾ ਬਿਨ ਲਾਦੇਨ ਦੀ ਅਗਵਾਈ ਵਾਲੀਆਂ ਅਲਕਾਇਦਾ ਅਤੇ ਅਫ਼ਗਾਨਿਸਤਾਨ ਵਿਚਲੀਆਂ ਤਾਲਿਬਾਨੀ ਸ਼ਕਤੀਆਂ ਵਧੀਆਂ ਫੁੱਲੀਆਂ ਸਨ। ਹੁਣ ਦਹਿਸ਼ਤਗਰਦੀ ਨੂੰ ਕੁਚਲਣ ਦੇ ਨਾਂ 'ਤੇ ਖਾੜੀ ਜੰਗ, ਅਫ਼ਗਾਨਿਸਤਾਨ 'ਤੇ ਹਮਲਾ, ਫਿਰ ਇਰਾਕ 'ਤੇ ਹਮਲਾ ਕੀਤਾ ਗਿਆ ਜਿਸਨੇ ਅੱਤਵਾਦ ਖ਼ਤਮ ਕਰਕੇ ਜਮਹੂਰੀ ਸ਼ਾਸਨ ਤਾਂ ਕੀ ਦੇਣਾ ਸੀ ਸਗੋਂ ਅੱਤਵਾਦ ਨੂੰ ਹੋਰ ਵੱਧ ਚਰਮਸੀਮਾ 'ਤੇ ਪਹੁੰਚਾ ਦਿੱਤਾ ਹੈ। ਇਰਾਕ ਚ ਸਦਾਮ ਹੁਸੈਨ ਦੇ ਖ਼ਿਲਾਫ਼ ਸ਼ੀਆ ਲੋਕਾਂ ਨੂੰ ਵਰਤਿਆ ਗਿਆ ਜੋ 2003 ਤੋਂ ਹੀ ਘਰੇਲੂ ਜੰਗ ਦਾ ਸ਼ਿਕਾਰ ਤੁਰਿਆ ਆ ਰਿਹਾ ਹੈ। ਜਿਸਦਾ ਸਿੱਟਾ ਆਈ.ਐਸ ਵਰਗੀਆਂ ਪਿਛਾਖੜੀ ਤਾਕਤਾਂ ਉੱਭਰੀਆਂ। ਜਿਸਦਾ ਆਗੂ ਅਬੂ ਬਕਰ ਅਲ ਬਗਦਾਦੀ ਜਿਸਨੂੰ 2004 'ਚ ਅਮਰੀਕੀ ਸਲਾਮਤੀ ਦਸਤਿਆਂ ਨੇ ਫੜਕੇ ਕੁੱਝ ਚਿਰ ਬਾਅਦ ਇਹ ਕਹਿਕੇ ਛੱਡ ਦਿੱਤਾ ਸੀ ਕਿ ਇਹ ਹੇਠਲੇ ਦਰਜੇ ਦਾ ਕੈਦੀ ਹੈ। ਜਿਸਨੂੰ ਫਿਰ ਪੱਛਮੀ ਇਰਾਕ ਤੇ ਅੱਗੇ ਸੀਰੀਆ ਵੱਲ ਵਧਣ ਦਿੱਤਾ। ਜਿਸ ਨਾਲ ਸਦਾਮ ਹੁਸੈਨ ਦੇ ਸੁੰਨੀ ਫ਼ੌਜੀ ਮਿਲ ਗਏ ਜੋ ਪਹਿਲਾਂ ਉਸਾਮਾ-ਬਿਨ-ਲਾਦੇਨ ਦੀ ਉਸਾਰੀ ਅਲਕਾਇਦਾ ਦੀ ਸ਼ਰਨ ਆ ਗਏ। ਫਿਰ ਉਹ ਆਈ.ਐਸ ਨਾਲ ਮਿਲ ਗਏ। ਉਸਨੇ ਸੀਰੀਆ 'ਚ ਵਧਣ ਦੇ ਨਾਲ ਜੌਰਡਨ ਤੇ ਲਿਬਨਾਨ ਨੂੰ ਵੀ ਆਪਣੇ ਕਲਾਵੇ 'ਚ ਲੈਣ ਦਿੱਤਾ। ਜਿੱਥੇ ਉਸਨੇ ਆਪਣੀ ਜਥੇਬੰਦੀ ਦਾ ਨਾਂ ਇਸਲਾਮਿਕ ਸਟੇਟ ਤੋਂ ਬਦਲ ਕੇ ਇਸਲਾਮਿਕ ਸਟੇਟ ਆਫ ਇਰਾਕ ਐਂਡ ਲੀਵੈਂਟ ਰੱਖ ਲਿਆ। ਜਿਸਨੇ ਇਰਾਕ ਤੇ ਸੀਰੀਆ ਦੇ ਮਹੱਤਵਪੂਰਨ ਤੇਲ ਭੰਡਾਰਾਂ 'ਤੇ ਕਬਜ਼ਾ ਕਰ ਲਿਆ। ਜਦੋਂ ਇਹ ਆਈ.ਐਸ. ਅੱਗੇ ਵੱਲ ਨੂੰ ਵਧ ਰਹੀ ਸੀ ਉਸ ਸਮੇਂ ਅਮਰੀਕਾ ਨੇ ਆਪਣੀਆ ਫ਼ੌਜਾਂ ਇਰਾਕ ਵਿੱਚੋਂ ਕੱਢਣੀਆਂ ਸ਼ੁਰੂ ਕੀਤੀਆਂ। ਇਸਦੇ ਗ਼ੈਰ ਕਾਨੂੰਨੀ ਰੂਪ ਕਿਹੜੇ ਕਿਹੜੇ ਦੇਸ਼ਾਂ ਵਿੱਚ ਹਨ? ਕਿਸਨੂੰ ਹਥਿਆਰ ਕਿੱਥੋਂ ਆਉਂਦੇ ਹਨ? ਇਹ ਜ਼ਾਲ ਕਾਫੀ ਫੈਲਿਆ ਹੋਇਆ। ਅੰਦਾਜ਼ਾ ਲਾਇਆ ਗਿਆ ਹੈ ਕਿ ਆਈ.ਐਸ ਦਾ ਸਾਲਾਨਾ ਬਜਟ 220 ਅਰਬ ਡਾਲਰ ਹੈ। ਇਸਦੀ ਕੁੱਲ਼ ਸੰਪੱਤੀ 14000 ਕਰੋੜ ਤੋਂ ਉੱਪਰ ਹੈ ਅਤੇ ਇਸਨੂੰ ਗ਼ੈਰ-ਕਾਨੂੰਨੀ ਤੇਲ ਵੇਚਣ ਤੇ ਹੋਰ ਗ਼ਲਤ ਕਾਰੋਬਾਰਾਂ ਤੋਂ 10 ਲੱਖ ਡਾਲਰ ਰੋਜ਼ਾਨਾ ਦੀ ਆਮਦਨ ਹੈ। ਇਹ ਗੱਲ ਜੱਗ ਜ਼ਾਹਰ ਹੈ ਕਿ ਆਈ.ਐਸ ਖ਼ਿਲਾਫ਼ ਫੜਾਂ ਮਾਰਨ ਵਾਲਾ ਅਮਰੀਕਾ ਤੇ ਉਸਦੇ ਭਾਈਵਾਲ ਅਤੇ ਸੁੰਨੀ ਦੇਸ਼ਾਂ ਵਜੋਂ ਜਾਣੇ ਜਾਂਦੇ ਸਾਊਦੀ ਅਰਬ, ਕਤਰ ਤੇ ਤੁਰਕੀ ਦੇਸ਼ਾਂ ਤੋਂ ਉਸਨੂੰ ਹਿਮਾਇਤ ਮਿਲਦੀ ਰਹੀ ਹੈ। ਅੱਜ ਉਸਦਾ ਜ਼ਾਲ 80 ਦੇਸ਼ਾਂ ਤੱਕ ਫੈਲਿਆ ਹੋਇਆ ਹੈ। ਅਮਰੀਕਾ ਤੇ ਯੂਰਪ ਸਮੇਤ ਹੋਰ ਦੇਸ਼ਾਂ 'ਚ ਲੱਗਭੱਗ 20,000 ਮੈਂਬਰ ਭਰਤੀ ਹੋਏ ਹਨ। ਅਮਰੀਕਾ ਸਮੇਤ ਯੂਰਪ 'ਚ ਵੱਡਾ ਰਸਤਾ ਤੁਰਕੀ ਬਣਿਆ ਹੋਇਆ ਹੈ। ਸਾਰੇ ਅਰਬ ਜਗਤ ਸਮੇਤ ਯਮਨ, ਨਾਇਜੀਰੀਆ, ਮਾਲੀ, ਸਮਾਲੀਆ, ਮਿਸਰ ਵਰਗੇ ਦੇਸ਼ਾਂ 'ਚ ਸੁੰਨੀ ਸਮੂਹ ਆਈ.ਐਸ ਦਾ ਗੜ ਬਣ ਰਹੇ ਹਨ। ਅਮਰੀਕਾ ਵੱਲੋਂ ਗਦਾਫ਼ੀ ਦੀ ਸਲਤਨਤ ਤਬਾਹ ਕਰਨਾ ਹੋਰ ਵੀ ਮਹਿੰਗਾ ਬਣ ਰਿਹਾ ਹੈ। ਇੱਥੇ ਵੀ ਆਈ ਐਸ ਨੇ ਕੁੱਝ ਇਲਾਕੇ 'ਤੇ ਕਬਜ਼ਾ ਕੀਤਾ ਹੋਇਆ। ਅੱਤਵਾਦ ਨੂੰ ਖ਼ਤਮ ਕਰਨ ਦਾ ਪਾਖੰਡ ਕਰਨ ਵਾਲੀਆਂ ਤਾਕਤਾਂ ਖ਼ੁਦ ਨਵੇਂ ਤੋਂ ਨਵੇਂ ਰੂਪਾਂ ਤੇ ਪੱਧਰਾਂ 'ਤੇ ਅੱਤਵਾਦ ਪੈਦਾ ਕਰਦੀਆਂ ਹਨ।

ਸੀਰੀਆ ਦਾ ਮਸਲਾ ਸਿਰਫ਼ ਆਈ.ਐਸ.ਆਈ.ਐਲ ਦਾ ਮਸਲਾ ਨਹੀਂ, ਸਗੋਂ ਸੀਰੀਆ ਦਾ ਮਸਲਾ ਇਸਤੋਂ ਵੀ ਗੰਭੀਰ ਹੈ, ਜਿਸ 'ਚ ਪੂਰੀ ਤਰਾਂ ਸਾਮਰਾਜੀਆਂ ਤੇ ਉਹਨਾਂ ਦੇ ਪਿੱਠੂਆਂ ਦੀਆਂ ਨੀਤੀਆਂ ਜ਼ਿੰਮੇਵਾਰ ਹਨ। ਸੀਰੀਆ ਜੋ ਖ਼ੁਦ ਸਾਮਰਾਜੀਆਂ ਦੀਆਂ ਨੀਤੀਆਂ ਤਹਿਤ ਸਥਾਪਿਤ ਕੀਤਾ ਹੋਇਆ ਦੇਸ਼ ਹੈ, ਓਟੋਮਾਨ ਇਮਪਾਇਰ (ਸਮੇਤ ਤੁਰਕੀ) ਚੋਂ ਪਹਿਲੀ ਸੰਸਾਰ ਜੰਗ ਤੋਂ ਬਾਅਦ 1920 'ਚ ਫ਼ਰਾਂਸੀਸੀ ਸਾਮਰਾਜੀਆਂ ਦੀ ਅਗਵਾਈ ਹੇਠ ਵੱਖਰੇ ਦੇਸ਼ ਵਜੋਂ ਸਥਾਪਿਤ ਕੀਤਾ ਗਿਆ ਜਿਸਨੂੰ 1946 'ਚ ਨਵ-ਬਸਤੀਆਨਾ ਨੀਤੀ ਤਹਿਤ ਆਜ਼ਾਦ ਦੇਸ਼ ਦਾ ਰੁਤਬਾ ਦਿੱਤਾ ਗਿਆ। ਜਿਸਦੇ ਕਈ ਵਾਰੀ

(ਬਾਕੀ ਸਫ਼ਾ 29 'ਤੇ)



**ਪੰਜਾਬ ਦਾ ਚੋਣ ਦੰਗਲ਼ ਭਖਣ ਲੱਗਾ**

# ਹਾਕਮ ਜਮਾਤੀ ਪਾਰਟੀਆਂ ਵੱਲੋਂ ਲੋਕਾਂ ਨੂੰ ਮੂਰਖ ਬਣਾਉਣ ਦੀਆਂ ਕੋਸ਼ਿਸ਼ਾਂ ਤੇਜ਼

## ਇਹਨਾਂ ਪਾਰਟੀਆਂ ਨੂੰ ਲੋਕਾਂ ਦੇ ਬੁਨਿਆਦੀ ਮੰਗਾਂ-ਮਸਲਿਆਂ ਨਾਲ਼ ਕੋਈ ਸਰੋਕਾਰ ਨਹੀਂ

ਅਗਲੇ ਸਾਲ 2017 'ਚ ਪੰਜਾਬ 'ਚ ਵਿਧਾਨ ਸਭਾ ਚੋਣਾਂ ਹੋਣ ਜਾ ਰਹੀਆਂ ਹਨ। ਹਾਕਮ ਜਮਾਤੀ ਪਾਰਟੀਆਂ ਖਾਸਕਰ ਅਕਾਲੀ ਦਲ (ਬਾਦਲ), ਕਾਂਗਰਸ ਅਤੇ ਆਮ ਆਦਮੀ ਪਾਰਟੀ ਨੇ 2017 ਦੀਆਂ ਵਿਧਾਨ ਸਭਾ ਚੋਣਾਂ ਲਈ ਹੁਣ ਤੋਂ ਹੀ ਤਿਆਰੀਆਂ ਵਿੱਢ ਦਿੱਤੀਆਂ ਹਨ। ਪਿਛਲੇ ਕੁਝ ਸਮੇਂ ਤੋਂ ਵੱਖ-ਵੱਖ ਨਾਵਾਂ ਹੇਠ ਇਹਨਾਂ ਪਾਰਟੀਆਂ ਵੱਲੋਂ ਰੈਲੀਆਂ ਕਰਕੇ ਇੱਕ ਦੂਜੇ ਤੋਂ ਵੱਧ ਇਕੱਠ ਦਿਖਾਉਣ ਲਈ ਜ਼ੋਰ ਲਾਇਆ ਜਾ ਰਿਹਾ ਹੈ। ਜਿਹਨਾਂ 'ਚ ਲੋਕਾਂ ਦੇ ਖ਼ੂਨ ਪਸੀਨੇ ਦੀ ਕਮਾਈ ਦਾ ਕਰੋੜਾਂ ਰੁਪਇਆ ਪਾਣੀ ਵਾਂਗ ਵਹਾਇਆ ਜਾ ਰਿਹਾ ਹੈ। ਜਦ ਕਿ ਇਹਨਾਂ ਰੈਲੀਆਂ 'ਚੋਂ ਪੰਜਾਬ ਦੇ ਗਰੀਬ ਕਿਰਤੀ ਲੋਕਾਂ, ਜੋ ਕਿ ਇੱਥੋਂ ਕੁੱਲ ਅਬਾਦੀ ਦਾ 80 ਫੀਸਦੀ ਬਣਦੇ ਹਨ, ਦੇ ਬੁਨਿਆਦੀ ਮੰਗਾਂ ਮਸਲੇ ਜਿਵੇਂ ਕਿ ਸਥਾਈ ਰੁਜ਼ਗਾਰ, ਮਾਲਵੇ ਦੇ ਕਿਸਾਨਾਂ ਦੀ ਬਰਬਾਦ ਹੋਈ ਫਸਲ ਦਾ ਮੁਆਵਜ਼ਾ, ਸਿਹਤ ਸਹੂਲਤਾਂ, ਵਿੱਦਿਆ ਆਦਿ ਪੂਰੀ ਤਰ੍ਹਾਂ ਗਾਇਬ ਹਨ। ਜੇਕਰ ਇਹਨਾਂ ਮਸਲਿਆਂ ਦੀ ਕਿਧਰੇ ਚਰਚਾ ਹੁੰਦੀ ਵੀ ਹੈ ਤਾਂ ਇਹ ਪਾਰਟੀਆਂ ਲੋਕਾਂ ਦੀਆਂ ਇਹਨਾਂ ਸਮੱਸਿਆਵਾਂ ਦਾ ਕੋਈ ਹੱਲ ਨਹੀਂ ਦੱਸਦੀਆਂ। ਕਿਉਂਕਿ ਇਹਨਾਂ ਪਾਰਟੀਆਂ ਕੋਲ਼ ਲੋਕਾਂ ਦੇ ਮਸਲਿਆਂ ਦਾ ਕੋਈ ਹੱਲ ਹੈ ਹੀ ਨਹੀਂ।

ਅਕਾਲੀ ਦਲ (ਬਾਦਲ) ਪਿਛਲੇ ਇੱਕ ਦਹਾਕੇ ਤੋਂ ਪੰਜਾਬ 'ਚ ਸੱਤ੍ਹਾ ਦਾ ਸੁੱਖ ਮਾਣ ਰਿਹਾ ਹੈ। ਇਸ ਸਮੇਂ ਦਰਮਿਆਨ ਬਾਦਲ ਪਰਿਵਾਰ ਦੇ ਕਾਰੋਬਾਰ ਨੇ ਦਿਨ ਦੂਣੀ ਰਾਤ ਚੌਗਣੀ ਤਰੱਕੀ ਕੀਤੀ ਹੈ। ਪੰਜਾਬ ਦੇ ਸੱਨਅਤਕਾਰ, ਵੱਡੇ ਵਪਾਰੀ, ਧਨੀ ਕਿਸਾਨ ਆਦਿ ਮਾਲਾਮਾਲ ਹੋਏ ਹਨ। ਜਦਕਿ ਸੱਨਅਤੀ ਅਤੇ ਪੇਂਡੂ ਮਜ਼ਦੂਰਾਂ, ਗਰੀਬ ਕਿਸਾਨਾਂ, ਠੇਕੇ 'ਤੇ ਕੰਮ ਕਰ ਰਹੇ ਮੁਲਾਜ਼ਮਾਂ, ਛੋਟੇ ਦੁਕਾਨਦਾਰਾਂ ਅਤੇ ਮੱਧ ਵਰਗ ਦੇ ਹੋਰ ਲੋਕਾਂ ਦੀ ਹਾਲਤ ਦਿਨੋਂ ਦਿਨ ਨਿੱਘਰਦੀ ਗਈ ਹੈ। ਬਾਦਲ ਸਰਕਾਰ ਵਿਰੁੱਧ ਪੰਜਾਬ ਦੇ ਲੋਕਾਂ 'ਚ ਸੁਭਾਵਕ ਹੀ ਰੋਸ ਹੈ। ਕਾਂਗਰਸ ਅਤੇ 'ਆਪ' ਲੋਕਾਂ ਦੇ ਇਸ ਰੋਸ ਦਾ ਫਾਇਦਾ ਲੈ ਕੇ ਸੱਤ੍ਹਾ ਦੀ ਕੁਰਸੀ 'ਤੇ ਬਿਰਾਜਮਾਨ ਹੋਣ ਦੇ ਚੱਕਰ 'ਚ ਹਨ।

ਪੰਜਾਬ ਕਾਂਗਰਸ 'ਚ ਪਿਛਲੇ ਲੰਬੇ ਸਮੇਂ ਤੋਂ ਲੀਡਰਾਂ ਦੀ ਖਿੱਚੋਤਾਣ ਚੱਲਦੀ ਰਹੀ ਹੈ। ਪ੍ਰਤਾਪ ਸਿੰਘ ਬਾਜਵਾ ਦੇ ਕਾਂਗਰਸ ਪ੍ਰਧਾਨ ਬਣਨ ਤੋਂ ਬਾਅਦ ਕੈਪਟਨ ਧੜਾ ਲਗਾਤਾਰ ਇਸ ਵਿਰੁੱਧ ਲਾਬਿੰਗ ਕਰਦਾ ਰਿਹਾ ਹੈ। ਆਖਿਰ ਕੈਪਟਨ ਧੜਾ ਕਾਮਯਾਬ ਹੋ ਹੀ ਗਿਆ। ਕੈਪਟਨ ਧੜੇ ਦੇ ਦਬਾਅ ਅੱਗੇ ਕਾਂਗਰਸ ਦੀ ਕੇਂਦਰੀ ਲੀਡਰਸ਼ਿਪ ਝੁਕ ਗਈ ਅਤੇ ਪੰਜਾਬ ਕਾਂਗਰਸ ਦੀ ਕਮਾਨ ਕੈਪਟਨ ਅਮਰਿੰਦਰ ਸਿੰਘ ਨੂੰ ਸੌਂਪ ਦਿੱਤੀ ਗਈ ਹੈ। ਕਾਂਗਰਸ ਇਸ ਸਮੇਂ ਅਕਾਲੀ ਦਲ ਬਾਦਲ



ਲਈ ਸੱਚਮੁੱਚ ਚੁਣੌਤੀ ਹੈ। ਅਜ਼ਾਦੀ ਤੋਂ ਬਾਅਦ ਕੇਂਦਰ ਅਤੇ ਵੱਖ-ਵੱਖ ਸੂਬਿਆਂ 'ਚ ਕਾਂਗਰਸ ਨੇ ਸਭ ਤੋਂ ਲੰਬਾ ਸਮਾਂ ਹਕੂਮਤ ਕੀਤੀ ਹੈ। ਭਾਰਤ ਦੇ ਕਿਰਤੀ ਲੋਕ ਕਾਂਗਰਸ ਦੇ ਜਾਬਰ, ਲੋਕ ਵਿਰੋਧੀ ਕਿਰਦਾਰ ਤੋਂ ਚੰਗੀ ਤਰ੍ਹਾਂ ਵਾਕਿਫ ਹਨ।

ਪੰਜਾਬ ਦੀ ਵੋਟ ਤਮਾਸ਼ੇ ਦੀ ਤੀਸਰੀ ਪ੍ਰਮੁੱਖ ਧਿਰ ਆਮ ਆਦਮੀਂ ਪਾਰਟੀ ਹੈ। ਪਿਛਲੀਆਂ ਲੋਕ ਸਭਾ ਚੋਣਾ 'ਚ ਇਸ ਪਾਰਟੀ ਦੀ ਕਾਰਗੁਜ਼ਾਰੀ ਚੰਗੀ ਰਹੀ ਸੀ। ਉਸ ਤੋਂ ਬਾਅਦ ਇਹ ਪਾਰਟੀ ਪਾਟੋ-ਧਾੜ ਦੀ ਸ਼ਿਕਾਰ ਹੋ ਗਈ। ਪੰਜਾਬ 'ਚ ਇਸ ਪਾਰਟੀ ਕੋਲ਼ ਕੋਈ ਢੰਗ ਦਾ ਪ੍ਰਭਾਵਸ਼ਾਲੀ ਆਗੂ ਵੀ ਨਹੀਂ ਹੈ। ਇਸ ਲਈ ਬਾਹਰੋਂ ਸੰਜੇ ਸਿੰਘ ਨੂੰ ਪੰਜਾਬ ਦਾ ਇੰਚਾਰਜ ਬਣਾ ਰੱਖਿਆ ਹੈ। ਇਹ ਪਾਰਟੀ ਹੋਰਾਂ ਪਾਰਟੀਆਂ ਤੋਂ ਕਿਸੇ ਨਾ ਕਿਸੇ ਆਗੂ ਨੂੰ ਤੋੜ ਕੇ ਲਿਆਉਣ ਦੇ ਆਹਰ 'ਚ ਲੱਗੀ ਰਹਿੰਦੀ ਹੈ। ਕਾਂਗਰਸ, ਅਕਾਲੀਆਂ 'ਚ ਜਿਹੜੇ ਆਗੂਆਂ ਦੀ ਪੁੱਛ-ਪ੍ਰਤੀਤ ਨਹੀਂ ਹੈ ਉਹ ਆਪ ਵਿੱਚ ਸ਼ਾਮਲ ਹੋ ਰਹੇ ਹਨ। ਹੋਰ ਪਾਰਟੀਆਂ 'ਚੋਂ ਕਿਰੇ ਲੀਡਰ, ਜਿਹੜੇ ਆਪ ਨੇ ਸਾਂਭ ਲਏ ਹਨ, ਉਹ ਲੀਡਰ ਬਣਨ ਦੀ ਭੁੱਖ ਪੂਰੀ ਕਰਨ ਲਈ ਆਪ ਵੱਲ ਰੁਖ਼ ਕਰ ਰਹੇ ਹਨ। ਬਾਹਰੋਂ ਆਏ ਇਹਨਾਂ ਮਹਿਮਾਨਾਂ ਦਾ ਆਪ ਦੇ ਪੁਰਾਣੇ ਆਗੂਆਂ ਨਾਲ਼ ਟਕਰਾਅ ਵਧਣ ਦੀ ਵੀ ਸੰਭਾਵਨਾ ਰਹੇਗੀ। ਭਾਰਤੀ ਸਿਆਸਤ 'ਚ 'ਆਪ' ਦੇ ਉਭਾਰ ਨੇ ਅਨੇਕਾਂ ਲੋਕਾਂ ਨੂੰ ਭਰਮ 'ਚ ਪਾਇਆ ਸੀ। ਬਹੁਤ ਲੋਕਾਂ ਨੂੰ ਲੱਗਿਆ ਸੀ ਕਿ ਭਾਰਤ ਦੇ ਲੋਕ ਜਿਹਨਾਂ ਸਮੱਸਿਆਵਾ ਨਾਲ਼ ਜੂਝ ਰਹੇ ਹਨ ਸ਼ਾਇਦ ਆਪ ਉਹਨਾਂ ਦਾ ਹੱਲ ਕਰ ਦੇਵੇਗੀ। ਪਰ ਜਲਦ ਹੀ ਇਹ ਪਾਰਟੀ ਨੰਗੀ ਹੋਣੀ ਸ਼ੁਰੂ ਹੋ ਗਈ। ਇਹ ਪਾਰਟੀ ਹੋਰਾਂ ਹਾਕਮ ਜਮਾਤ ਪਾਰਟੀਆਂ 'ਤੇ ਭ੍ਰਿਸ਼ਟ ਹੋਣ ਦਾ ਸੱਚਾ ਦੋਸ਼ ਲਾਉਂਦੀ ਰਹੀ ਹੈ। ਹੁਣ ਉਹਨਾਂ ਹੀ ਪਾਰਟੀਆਂ 'ਚੋਂ ਕਿਰੇ ਆਗੂਆਂ ਨੂੰ ਇਕੱਠੇ ਕਰਕੇ ਆਵਦਾ ਜੁਗਾੜ ਚਲਾਉਣ ਦੇ ਆਹਰ 'ਚ ਹੈ। ਇਸ ਨਾਲ਼ ਇਸ ਪਾਰਟੀ ਦਾ ਅਸਲ ਕਿਰਦਾਰ ਹੋਰ ਨੰਗਾ ਹੋ ਰਿਹਾ ਹੈ। ਪੰਜਾਬ ਦੇ ਲੋਕਾਂ 'ਚ ਬਾਦਲ ਸਰਕਾਰ ਖਿਲਾਫ ਜੋ ਰੋਸ ਹੈ, ਇਸ ਹਾਲਤ 'ਚ ਲੋਕਾਂ ਕੋਲ਼ ਕੋਈ ਸਹੀ ਇਨਕਲਾਬੀ ਬਦਲ ਨਾ ਹੋਣ ਦਾ ਫਾਇਦਾ ਹੋਰ ਹਾਕਮ ਜਮਾਤੀ ਪਾਰਟੀਆਂ ਖਾਸਕਰ ਕਾਂਗਰਸ ਅਤੇ ਕੁਝ ਹੱਦ ਤੱਕ ਆਪ ਨੂੰ ਹੋਵੇਗਾ। ਹੋ ਸਕਦਾ ਹੈ ਕਿ 2017 ਦੀਆਂ ਵਿਧਾਨ ਸਭਾ ਚੋਣਾਂ 'ਚ ਬਾਦਲ ਦਲ ਦੀ ਥਾਵੇਂ ਕਿਸੇ ਹੋਰ ਹਾਕਮ ਜਮਾਤੀ ਪਾਰਟੀ ਦੀ ਸਰਕਾਰ ਬਣ ਜਾਵੇ। ਪਰ ਇਸ ਨਾਲ਼ ਆਮ ਕਿਰਤੀ ਲੋਕਾਂ ਦਾ ਕੋਈ ਭਲਾ ਨਹੀਂ ਹੋਣਾ। ਪਿਛਲੇ ਛੇ ਦਹਾਕਿਆਂ ਤੋਂ ਵੀ ਵੱਧ ਸਮੇਂ 'ਚ ਵੱਖ-ਵੱਖ ਰੰਗ ਬਰੰਗੀਆਂ ਪਾਰਟੀਆਂ ਦੀਆਂ ਸਰਕਾਰਾਂ ਬਣਦੀਆਂ ਰਹੀਆਂ ਹਨ ਪਰ ਲੋਕਾਂ ਦੀ ਲੁੱਟ ਅਤੇ ਜਬਰ 'ਚ ਕੋਈ ਕਮੀ ਨਹੀਂ ਆਈ ਅਤੇ ਨਾ ਹੀ ਵੋਟ ਸਿਆਸਤ ਰਾਹੀਂ ਆਵੇਗੀ।

ਪੰਜਾਬ ਦੇ ਕਿਰਤੀ ਲੋਕਾਂ ਕੋਲ਼ ਆਵਦੀ ਮੁਕਤੀ ਦਾ ਇੱਕੋ-ਇੱਕ ਰਾਹ ਹੈ। ਉਹ ਹੈ ਕਿਰਤੀ ਲੋਕਾਂ ਦੀਆਂ ਵੱਖ-ਵੱਖ ਜਮਾਤੀ-ਤਬਕਾਤੀ ਜਥੇਬੰਦੀਆਂ ਦੀ ਉਸਾਰੀ ਕਰਨਾ, ਉਹਨਾਂ ਨੂੰ ਮਜ਼ਬੂਤ ਬਣਾਉਣਾ ਅਤੇ ਆਪਣੇ ਹੱਕੀ ਸੰਘਰਸ਼ਾਂ ਦੇ ਅਖਾੜਿਆਂ ਨੂੰ ਭਖਾਕੇ ਹਾਕਮ ਜਮਾਤਾਂ ਦੀ ਲੁੱਟ ਜ਼ਬਰ ਦੇ ਖਾਤਮੇ ਦੇ ਰਾਹ ਪੈਣਾ।

**ਲਲਕਾਰ ਤੋਂ ਧੰਨਵਾਦ ਸਹਿਤ**

# ਸੈਕਿਉਰਲਾਈਫ ਇੰਸ਼ੋਰੈਂਸ ਦੇ ਨਵੇਂ ਦਫ਼ਤਰ ਦਾ ਕੀਤਾ ਉਦਘਾਟਨੀ

ਬੀਤੇ ਦਿਨੀਂ ਸੈਕਿਉਰਲਾਈਫ ਇੰਸ਼ੋਰੈਂਸ ਦੇ ਨਵੇਂ ਦਫ਼ਤਰ ਦਾ ਉਦਘਾਟਨੀ ਸਮਾਰੋਹ ਬਹੁਤ ਹੀ ਸਫ਼ਲਤਾ ਪੂਰਵਕ ਨੇਪਰੇ ਚੜ੍ਹਿਆ, ਇਹ ਦਫ਼ਤਰ ਬਹੁਤ ਲੰਮੇ ਸਮੇਂ ਤੋਂ ਕਮਿਊਨਟੀ ਨੂੰ ਇੰਸ਼ੋਰੈਂਸ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਰਵਿੰਦਰਜੀਤ ਸਿੰਘ ਬਸਰਾ, ਮੋਨਾ ਮੈਂਗੀ ਅਤੇ ਹਰਪਰੀਤ ਸੈਣੀ ਦੇ ਸਾਂਝੇ ਯਤਨਾਂ ਸਦਕਾ ਮਾਲਟਨ ਦੇ ਗਰੇਟ ਪੰਜਾਬ ਪਲਾਜ਼ਾ ਵਿਚ ਖੋਲਿਆ ਗਿਆ ਹੈ। ਪਰੋਗਰਾਮ ਦਾ ਆਰੰਭ ਸ਼੍ਰੀ ਸੁਖਮਨੀ ਸਾਹਿਬ ਦੇ ਪਾਠ ਨਾਲ ਅਤੇ ਬਾਅਦ ਵਿਚ ਰਸਭਿੰਨਾ ਕੀਰਤਨ ਹੋਇਆ, ਉਸ ਤੋਂ ਬਾਅਦ ਪੰਜਾਬੀ ਲਹਿਰਾਂ ਰੇਡੀਓ ਪ੍ਰੋਗਰਾਮ ਵਾਲੇ ਸਤਿੰਦਰਪਾਲ ਸਿੰਘ ਸਿਧਵਾਂ ਵਲੋਂ ਆਈਆਂ ਹੋਈਆਂ ਸੰਗਤਾਂ ਨੂੰ ਸੰਬੋਧਨ ਕੀਤਾ ਗਿਆ, ਉਪਰੰਤ ਰਵਿੰਦਰਜੀਤ ਸਿੰਘ ਬਸਰਾ ਵਲੋਂ ਪਿਛਲੇ ਸਮੇਂ ਵਿਚ ਕਮਿਊਨਟੀ ਵਲੋਂ ਭਰਵੇਂ ਸਹਿਯੋਗ ਕਾਰਣ ਆਈਆਂ ਹੋਈਆਂ ਸੰਗਤਾਂ ਤੇ ਕਮਿਊਨਟੀ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਐਮ ਪੀ ਰਾਜ ਗਰੇਵਾਲ, ਸਾਬਕਾ ਮੰਤਰੀ ਬਲ ਗੋਸਲ ਵੀ ਪਹੁੰਚੇ ਹੋਏ ਸਨ। ਇਸ ਤੋਂ ਵਡੀ ਗਿਣਤੀ ਵਿਚ






ਹੋਰ ਵਪਾਰੀ ਸਜਣ, ਪਤਰਕਾਰੀ ਨਾਲ ਜੁੜੇ ਹੋਏ ਲੋਕ ਵੀ ਵਿਸ਼ੇਸ਼ ਤੌਰ ਤੇ ਪਹੁੰਚੇ। ਕੰਪਨੀ ਦੇ ਪਰਬੰਧਕਾਂ ਵਲੋਂ ਬਾਹਰ ਟੈਂਟ ਲਗਾ ਕੇ ਚਾਹ ਪਾਣੀ ਅਤੇ ਖਾਣੇ ਦਾ ਖੁਲਾ ਪ੍ਰਬੰਧ ਕੀਤਾ ਹੋਇਆ ਸੀ ਜੋ ਕਿ ਸਵੇਰੇ ਦਸ ਵਜੇ ਤੋਂ ਲੈ ਕੇ ਰਾਤ ਅੱਠ ਵਜੇ ਤਕ ਨਿਰਵਿਘਨ ਚਲਦਾ ਰਿਹਾ। ਆਸ ਕੀਤੀ ਜਾਂਦੀ ਹੈ ਕਿ ਭਵਿੱਖ ਵਿਚ ਇਹ ਕੰਪਨੀ ਇੰਸ਼ੋਰੈਂਸ ਦੀਆਂ ਬੇਹਤਰੀਨ ਸੇਵਾਵਾਂ ਪ੍ਰਦਾਨ ਕਰਦੀ ਰਹੇਗੀ।






# ਬਲਵੰਤ ਗਾਰਗੀ ਯਾਦਗਾਰੀ ਨਾਟ ਉਤਸਵ ਮਨਾਇਆ





ਲੋਕ ਕਲਾ ਮੰਚ (ਰਜਿ.) ਮੰਡੀ ਮੁੱਲਾਂਪੁਰ ਵਲੋਂ ਗੁਰਸ਼ਰਨ ਕਲਾ ਭਵਨ ਵਿਖੇ ਦਸੰਬਰ 26, 27, 28 ਨੂੰ ਤਿੰਨ ਰੋਜ਼ਾ ਬਲਵੰਤ ਗਾਰਗੀ ਨਾਟ ਉਤਸਵ ਮਨਾਇਆ ਗਿਆ। ਬਲਵੰਤ ਗਾਰਗੀ ਪੰਜਾਬ ਦੇ ਬਠਿੰਡੇ ਜ਼ਿਲ੍ਹੇ ਦਾ ਜੰਮਪਲ ਸੀ। ਜਿਸ ਨੇ ਪੰਜਾਬੀ ਰੰਗਮੰਚ ਦੀ ਪਹਿਚਾਣ ਵਿਸ਼ਵ ਪੱਧਰ ਦੇ ਰੰਗਮੰਗ ਨਾਲ ਕਰਵਾਈ ਸੀ। ਲੋਕ ਕਲਾ ਮੰਚ ਵਲੋਂ ਕਰਵਾਏ ਗਏ ਇਸ ਨਾਟ ਉਸਤਵ ਵਿਚ ਪੰਜਾਬ ਦੀਆਂ ਨਾਮਵਰ ਟੀਮਾਂ ਵਲੋਂ ਬਲਵੰਤ ਗਾਰਗੀ ਦੇ ਲਿਖੇ ਨਾਟਕਾਂ ਨੂੰ ਪੇਸ਼ ਕੀਤਾ ਗਿਆ। ਇਹ ਸਮਾਗਮ ਪੰਜਾਬ ਸੰਗੀਤ ਨਾਟਕ ਅਕਾਦਮੀ ਚੰਡੀਗੜ੍ਹ ਦੇ ਸਹਿਯੋਗ ਨਾਲ ਕੀਤਾ ਗਿਆ। ਇਸ ਉਤਸਵ ਵਿਚ ਸੰਗੀਤ ਨਾਟਕ ਅਕਾਦਮੀ ਵਲੋਂ ਨੁਮਾਇੰਦੇ ਦੇ ਤੌਰ ’ਤੇ ਅਕਾਦਮੀ ਦੇ ਜਨਰਲਸਕੱਤਰ ਸ੍ਰੀ ਸੁਦੇਸ਼ ਸ਼ਰਮਾ ਜੀ ਪਹੁੰਚੇ ਹੋਏ ਸਨ ਜਿਨ੍ਹਾਂ ਗੁਰਸ਼ਰਨ ਕਲਾ ਭਵਨ ਦੀ ਪ੍ਰਭਾਵਸ਼ਾਲੀ ਦਿੱਖ ਨੂੰ ਦੇਖਦਿਆਂ ਹੋਇਆਂ ਆਖਿਆ ਕਿ ਲੋਕ ਕਲਾ ਮੰਚ ਵਾਲਿਆਂ ਨੇ ਗੁਰਸ਼ਰਨ ਭਾਅ ਜੀ ਦੇ ਸੁਪਨਿਆਂ ਨੂੰ ਸਾਕਾਰ ਕਰਨ ਦਾ ਗੁਰਸ਼ਰਨ ਕਲਾ ਭਵਨ ਬਣਾ ਕੇ ਮੀਲ ਪੱਥਰ ਗੱਡ ਦਿੱਤਾ ਹੈ। ਨਾਟ ਉਤਸਵ ਤਿੰਨੇ ਦਿਨ ਸਮੇਂ ਦੀ ਪਾਬੰਦੀ ਅਤੇ ਕਦਰਦਾਨੀ ਕਰਦਿਆਂ 6 ਵਜੇ ਸ਼ਾਮ ਸ਼ੁਰੂ ਹੋਇਆ ਕਰਦਾ ਸੀ। ਦਰਸ਼ਕਾਂ ਨੇ ਪਰਿਵਾਰ ਸਮੇਤ ਪਹੁੰਚ ਕੇ ਅਤੇ ਹਾਲ ਨੱਕੋ ਨੱਕ ਭਰ ਕੇ ਲੋਕ ਕਲਾ ਮੰਚ ਵਗਾਲਿਆਂ ਦੇ ਹੌਸਲੇ ਬੁਲੰਦ ਕਰ ਦਿੱਤੇ। ਨਾਟ ਉਤਸਵ ਨੂੰ ਦੇਖਣ ਵਾਲੇ ਸੰਜੀਦਾ ਦਰਸ਼ਕਾਂ ਨੂੰ ਦੇਖ ਕੇ ਚੇਤੰਨਾ ਪ੍ਰਕਾਸ਼ਨਾ ਦੇ ਡਾਇਰੈਕਟਰ ਸ੍ਰੀ ਸਤੀਸ਼ ਗੁਲਾਟੀ ਨੇ ਵਿਚਾਰ ਪੇਸ਼ ਕਰਿਦਆਂ ਕਿਹਾ ਕਿ ਜੇਕਰ ਲੋਕਾਂਨੂੰ ਚੰਗਾ ਸਹਿਤ ਸਭਿਆਚਾਰ ਦਿਖਾਇਆ ਜਾਵੇ ਤਾਂ ਚੰਗੇ ਦਰਸ਼ਕਾਂ ਅਤੇ ਪਾਠਕਾਂ ਦੀ ਪੰਜਾਬ ਵਿਚ ਘਾਟ ਨਹੀਂ ਹੈ। ਇਸ ਨਾਟ ਉਤਸਵ ਦੇ ਪਹਿਲੇ ਦਿਨ ਦੀ ਸ਼ਮਾਂ ਰੌਸ਼ਨ ਕਰਨ ਲਈ ਕੈਲਗਰੀ ਕੈਨੇਡਾ ਤੋਂ ‘ਸਿੱਖ ਵਿਰਸਾ’ ਮੈਗਜ਼ੀਨ ਦੇ ਸੰਪਾਦਕ ਸ੍. ਹਰਚਰਨ ਪਰਹਾਰ ਅਤੇ ਸਿੱਖ ਵਿਰਸਾਦੇ ਮੈਨੇਜਿੰਗ ਡਾਇਰੈਕਟਰ ਸ੍ਰੀਮਤੀ ਗੁਰਦੀਪ ਪਰਹਾਰ ਵਿਸ਼ੇਸ਼ ਰੂਪ ਵਿਚ ਪਹੁੰਚੇ ਹੋਏ ਸਨ। ਉਨ੍ਹਾਂ ਚਾਨਣ ਦਾ ਛੱਟਾ ਦਿੰਦੇ ਦੀਪ ਬਾਲ ਕੇ ਸਮਾਗਮ ਦੀ ਸ਼ੁਰੂਆਤ ਕੀਤੀ। ਇਸ ਮੌਕੇ ’ਤੇ ਉਨ੍ਹਾਂ ਦਾ ਸਾਥ ਦੇਣ ਲਈ ਲੋਕ ਕਲਾ ਮੰਚ ਦੇ ਨਿਰਦੇਸ਼ਕ ਹਰਕੇਸ਼ ਚੌਧਰੀ, ਪ੍ਰਧਾਨ ਸੁਰਿੰਦਰ ਸ਼ਰਮਾ, ਅੰਜੂ ਚੌਧਰੀ, ਕੁਸਮ ਸ਼ਰਮਾ, ਪਰਗਟ ਸਿੰਘ ਪ੍ਰਵੀਨ ਕੌਰ, ਦੀਪਕ ਰਾਏ, ਹਰਮਨਦੀਪ ਲੀਹਾਂ, ਕਮਲਜੀਤ ਮੋਹੀ, ਪਰਦੀਪ ਸਿੰਘ ਸੁਖਦੀਪ ਸਿੰਘ ਆਦਿ ਹਾਜ਼ਰ ਸਨ। ਇਸ ਉਪਰੰਤ ਪਹਿਲੇ ਦਿਨ ਦਾ ਪਹਿਲਾ ਨਾਟਕ ‘ਲੋਹਾ ਕੁੱਟ’ ਰੰਗਕਰਮੀ ਮੰਚ ਅੰਮ੍ਰਿਤਸਰ ਦੀ ਟੀਮ ਨੇ ਨਿਰਦੇਸ਼ਕ ਮੰਚਪ੍ਰੀਤ ਦੀ ਅਗਵਾਈ ਵਿਚ ਪੇਸ਼ ਕੀਤਾ ਗਿਆ। ਨਾਟਕ ਦੀ ਪੇਸ਼ਕਾਰੀ ਪ੍ਰਭਾਵਸ਼ਾਲੀ ਸੀ। ਸਮਾਗਮ ਦੇਅਖੀਰ ’ਤੇਸ੍. ਹਰਚਰਨ





## ਬਾਬਾ ਬੂਝਾ ਸਿੰਘ ਪ੍ਰਕਾਸ਼ਨ ਵਲੋਂ ਛਾਪੀਆਂ ਗਈਆਂ ਚਾਰ ਸੰਸਾਰ ਪ੍ਰਸਿਧ ਕਿਤਾਬਾਂ










ਸੰਸਾਰ ਪ੍ਰਸਿੱਧ ਲੇਖਿਕਾ ਅਤੇ ਕਾਰਕੁਨ ਅਰੁੰਧਤੀ ਰਾਏ ਦੇ ਪਿਛਲੇ ਇਕ ਦਹਾਕੇ ਵਿਚ ਲਿਖੇ ਬਹੁਤ ਹੀ ਅਹਿਮ ਲੇਖਾਂ ਅਤੇ ਉਸ ਨਾਲ ਪੱਤਰਕਾਰਾਂ ਵਲੋਂ ਕੀਤੀਆਂ ਗਈਆਂ ਵਿਸਤਾਰਤ ਵਿਚਾਰ-ਚਰਚਾਵਾਂ ਦੇ ਦੋ ਸੰਗ੍ਰਹਿ ‘ਜਮਹੂਰੀਅਤ ਕਟਹਿਰੇ ਵਿਚ’ ਅਤੇ ‘ਆਪਣੇ ਹੀ ਲੋਕਾਂ ਖ਼ਿਲਾਫ਼ ਜੰਗ’ ਬਾਬਾ ਬੂਝਾ ਸਿੰਘ ਪ੍ਰਕਾਸ਼ਨ ਮਹਿਮੂਦਪੁਰ (ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ) ਵਲੋਂ ਪੰਜਾਬੀ ਵਿਚ ਅਨੁਵਾਦ ਕਰਕੇ ਛਾਪੇ ਗਏ ਹਨ। ਦੋ ਸੰਸਾਰ ਪ੍ਰਸਿੱਧ ਕਿਤਾਬਾਂ, ਨੈਓਮੀ ਕਲਾਈਨ ਦੀ ਲਿਖੀ ‘ਸਦਮਾ ਮੱਤ’ ਅਤੇ ਜੌਹਨ ਪਰਕਿਨਜ਼ ਦੀ ਲਿਖੀ ‘ਇਕ ਆਰਥਕ ਹਤਿਆਰੇ ਦਾ ਇਕਬਾਲੀਆ ਬਿਆਨ’ ਦੇ ਨਵੇਂ ਪੰਜਾਬੀ ਐਡੀਸ਼ਨ ਵੀ ਛਾਪੇ ਗਏ ਹਨ। ਇਹ ਚਾਰ ਅਹਿਮ ਕਿਤਾਬਾਂ ਹਿੰਦੁਸਤਾਨ ਅਤੇ ਕੁਲ ਦੁਨੀਆ ਦੇ ਰਾਜ, ਸਮਾਜ ਅਤੇ ਹਾਲਾਤ ਨੂੰ ਸਮਝਣ ਲਈ ਇਕ ਡੂੰਘੀ ਸੂਝ ਮੁਹੱਈਆ ਕਰਨ ਵਾਲੀਆਂ ਬਹੁਤ ਹੀ ਬਹੁਮੁੱਲੀਆਂ ਕਿਤਾਬਾਂ ਹਨ। ਕੈਨੇਡਾ ਵਿਚ ਇਹ ਕਿਤਾਬਾਂ ਹਾਸਲ ਕਰਨ ਲਈ ਟੋਰਾਂਟੋ ਵਿਚ ਸੰਪਾਦਕ ਸਰੋਕਾਰਾਂ ਦੀ ਆਵਾਜ਼ ਨਾਲ (ਫ਼ੋਨ: 416-817-7142), ਕੈਲਗਰੀ-ਐਡਮਿੰਟਨ ਵਿਚ ਮਾਸਟਰ ਭਜਨ ਸਿੰਘ ਗਿੱਲ ਨਾਲ (ਫ਼ੋਨ: 403-455-4220), ਅਤੇ ਵੈਨਕੂਵਰ ਵਿਚ ਪ੍ਰਸ਼ੋਤਮ ਦੁਸਾਂਝ (ਫ਼ੋਨ: 604-596-3713), ਅਤੇ ਗੁਰਪ੍ਰੀਤ ਸਿੰਘ (ਫ਼ੋਨ : 604-501-2260) ਨਾਲ ਸੰਪਰਕ ਕੀਤਾ ਜਾ ਸਕਦਾ ਹੈ।



ਪਰਹਾਰ ਨੇ ਬੇਜੋੜ ਰਿਸ਼ਤਿਆਂ ਦਾ ਸੰਤਾਪ ਹੰਢਾ ਰਹੀ ਔਰਤ ਦੀ ਗੱਲ ਕਰਦਿਆਂ ਕਿਹਾ ਕਿ ਉਸ ਰੂਪ ਵਿਚ ਨਾਟਕ ਦੀ ਸਫ਼ਲ ਪੇਸ਼ਕਾਰੀ ਸੀ। ਉਨ੍ਹਾਂ ਲੋਕ ਕਲਾ ਮੰਚ ਦੀ 5100/- ਰੁਪਏ ਦੀ ਆਰਥਿਕ ਸਹਾਇਤਾ ਵੀ ਕੀਤੀ। ਲੋਕ ਕਲਾ ਮੰਚ ਵਲੋਂ ਉਨ੍ਹਾਂ ਦਾ ਸਨਮਾਨ ਨਿਸ਼ਾਨੀ ਦੇ ਕੇ ਸਨਮਾਨ ਕੀਤਾ ਗਿਆ। ਦੂਸਰੇ ਦਿਨ ਦੇ ਸਮਾਗਮ ਦੀ ਸ਼ੁਰੂਆਤ ਉਘੇ ਲੇਖਕ ਸ੍ਰ. ਅਮਰੀਕ ਤਲਵੰਡੀ ਨੇ ਕੀਤੀ। ਉਨ੍ਹਾਂ ਦੂਜੇ ਦਿਨ ਦੇ ਸਮਾਗਮ ਦਾ ਉਦਘਾਟਨ ਕੀਤਾ। ਇਸ ਮੌਕੇ 'ਤੇ ਉਨ੍ਹਾਂ ਲੋਕ ਕਲਾ ਮੰਚ ਦੇ ਯਤਨਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਮੇਰੇ ਵੀਰ ਬੱਗੇ ਸ਼ੇਰ ਸੂਰਮੇ ਨੇ ਜਿਹੜੇ ਪਰਿਵਾਰ ਸਮੇਤ ਲੱਗੇ ਹੋਏ ਨੇ ਚੰਗਾ ਸਮਾਜ ਬਣਾਉਣ ਲਈ, ਇਨ੍ਹਾਂ ਦੇ ਇਸ ਕਾਰਜ ਨੂੰ ਸਾਡਾ ਮਸਤਕ ਝੁੱਕਦਾ ਹੈ। ਇਸ ਮੌਕੇ 'ਤੇ ਸਿਰਜਣਾ ਆਰਟ ਗਰੁੱਪ ਰਾਏਕੋਟ ਨੇ ਡਾ. ਸੋਮਪਾਲ ਹੀਰਾ ਦੀ ਨਿਰਦੇਸ਼ਨਾ ਹੇਠ ਨਾਟਕ "ਘੁੱਗੀ" ਖੇਡਿਆ ਗਿਆ, ਅਮਨ ਸ਼ਾਂਤੀ ਦੀ ਗੱਲਕਰਦਾ ਨਾਟਕ ਨਿਰਦੇਸ਼ਕ ਨੇ ਅਜੋਕੇ ਸਮੇਂ ਨਾਲ ਜੋੜ ਕੇ ਪੇਸ਼ ਕੀਤਾ ਸੀ ਜੋ ਕਿ ਇਹ ਦੱਸਣ ਵਿਚ ਕਾਮਯਾਬ ਰਿਹਾ ਕਿਹਾਕਮ ਹਮੇਸ਼ਾ ਧਰਮ ਦੇਘੋੜੇ 'ਤੇ ਸਵਾਰ ਹੋ ਕੇ ਕੁਰਸੀਆਂ ਲਈ ਲੋਕਾਂ ਦਾ ਸ਼ਿਕਾਰ ਕਰਦੇ ਹਨ। ਇਸ ਮੌਕੇ 'ਤੇ ਪੰਜਾਬ ਲੋਕ ਸਭਿਆਚਾਰਕ ਮੰਚ ਦੇ ਜਨਰਲ ਸਕੱਤਰ ਸ੍ਰੀ ਕਮਲਜੀਤ ਖੰਨਾ ਨੇ ਟੀਮ ਦਾ ਸਨਮਾਨ ਕੀਤਾ ਅਤੇ ਧੰਨਵਾਦ ਕੀਤਾ। ਇਸੇ ਤਰ੍ਹਾਂ ਤੀਜੇ ਦਿਨ ਦੇ ਸਮਾਗਮ ਦੀ ਸ਼ੁਰੂਆਤ ਰੀਬਨ ਕੱਟਣ ਦੀਰਸਮ ਦਾ ਉਦਘਾਟਨ ਮਾਸਟਰ ਚਰਨਦੀਪ ਸਿੰਘ ਨੇ ਕੀਤਾ। ਉਨ੍ਹਾਂ ਦੇ ਨਾਲ ਦਿਉਲ ਹਸਪਤਾਲ ਦੇ ਮੁੱਖ ਡਾਕਟਰ ਸ੍ਰ. ਅਮਰਪ੍ਰੀਤ ਦਿਉਲ ਨੇ ਸ਼ਮ੍ਹਾਂ ਰੋਸ਼ਨ ਕੀਤਾ। ਇਸ ਦਿਨ ਦਾ ਨਾਟਕ ਨਾਟਯਮ ਨਾਟ ਗਰੁੱਪ ਜੈਤੋਂ ਦੇ ਕਲਾਕਾਰਾਂ ਨੇ ਕੀਰਤੀ ਕਿਰਪਾਲ ਦੀ ਨਿਰਦੇਸ਼ਨਾ ਹੇਠ ਨਾਟਕ ਮਿਰਜਾ ਸਾਹਿਬਾਂ ਪੇਸ਼ ਕੀਤਾ। ਨਾਟਕ ਦੀ ਪੇਸ਼ਕਾਰੀ ਉਪਰੰਤ ਦਰਸ਼ਕਾਂ ਨਾਲ ਲੋਕ ਕਲਾ ਮੰਚ ਦੇ ਟੀਚੇ ਅਤੇ ਉਦੇਸ਼ਾਂ ਬਾਰੇ ਮੰਚ ਦੇ ਸਕੱਤਰ ਜਨਰਲ ਸ੍ਰੀ ਹਰਕੇਸ਼ ਚੌਧਰੀ ਨੇ ਸੰਬੋਧਨ ਕੀਤਾ। ਇਸ ਮੌਕੇ 'ਤੇ ਪਲਸ ਮੰਚ ਦੇ ਖਜ਼ਾਨਚੀ ਸਾਥੀ ਕਸਤੂਰੀ ਲਾਲ ਨੇ ਵੀ ਵਿਚਾਰ ਪੇਸ਼ ਕੀਤੇ। ਲੋਕ ਕਲਾ ਮੰਚ ਮੰਡੀ ਮੁੱਲਾਂਪੁਰ ਵਲੋਂ ਚਲਾਈ ਜਾ ਰਹੀ ਨਵਸੇਧ ਲਾਇਬ੍ਰੇਰੀ ਜੋ ਕਿ ਪੰਜਾਬੀ ਸਹਿਤ ਸਭਾ ਨਵੀਂ ਦਿੱਲੀ ਦੇ ਸਹਿਯੋਗ ਨਾਲ ਚਲਾਈ ਜਾ ਰਹੀ ਹੈ ਉਸ ਦੇ ਪਾਠਕ ਬਣਨ ਦੀ ਵੀ ਅਪੀਲ ਕੀਤੀ ਗਈ। ਲੋਕ ਕਲਾ ਮੰਚ ਦੇ ਪ੍ਰਧਾਨ ਸੁਰਿੰਦਰ ਸ਼ਰਮਾ ਨੇ ਪੱਤਰਕਾਰ ਭਾਈਚਾਰੇ ਦਾ ਧੰਨਵਾਦ ਕੀਤਾ। ਇਸ ਮੌਕੇ 'ਤੇ ਟੀਮ ਦੀ ਸ਼ਾਨਦਾਰ ਪੇਸ਼ਕਾਰੀ ਲਈ ਨਾਟਯਮ ਜੈਤੋਂ ਦੀ ਸਮੁੱਚੀ ਟੀਮ ਦਾ ਸਨਮਾਨ ਕੀਤਾ ਗਿਆ। ਤਿੰਨ ਦਿਨਸਟੇਜ ਸਕੱਤਰ ਦੀ ਜ਼ਿੰਮੇਵਾਰੀ ਹਰਕੇਸ਼ ਚੌਧਰੀ ਨੇ ਨਿਭਾਈ, ਸਿਦਕ ਚੌਧਰੀ, ਆਰੂਸੀ ਸ਼ਰਮਾ, ਮਾ. ਹਰਦੇਵ ਸਿੰਘ ਮੁੱਲਾਂਪੁਰ, ਜਸਕੀਰਤ ਸਿੰਘ ਘੁਮਾਣ, ਗਿੱਲਸੈਨੇਟਰੀ ਵਾਲੇ ਅਤੇ ਰਿਸ਼ਮ ਸ਼ਰਮਾ, ਇਸਟਪ੍ਰੀਤ ਕੌਰ, ਰਜਨਦੀਪ ਕੌਰ, ਲਖਵੀਰ ਸਿੰਘ, ਕਰਨ ਸਿੰਘ, ਸੁਖਪ੍ਰੀਤ ਮੁੱਲਾਂਪੁਰ, ਰਾਜਦੀਪ ਪੰਡੋਰੀ ਦਾ ਇਸ ਤਿੰਨ ਰੋਜ਼ਾ ਨਾਟ ਉਤਸਵ ਨੂੰ ਕਾਮਯਾਬ ਕਰਨ ਵਿਚ ਵਿਸ਼ੇਸ਼ ਸਹਿਯੋਗ ਰਿਹਾ। ਇਸ ਮੇਲੇ ਨੂੰ ਕਾਮਯਾਬ ਕਰਨ ਲਈ ਮਾ. ਗੁਰਮੀਤ ਸਿੰਘ ਤਲਵੰਡੀ, ਮਾ. ਲਖਿੰਦਰ ਸਿੰਘ, ਮਾ. ਜਗਦੀਪ ਸਿੰਘ, ਪਰੇਮਪ੍ਰੀਤ ਸਿੰਘ ਏ.ਡੀ.ਓ. ਆਦਿ ਸੱਜਣਾਂ ਦਾ ਵਿਸ਼ੇਸ਼ ਸਹਿਯੋਗ ਰਿਹਾ।

# ਕਾਮਰੇਡ ਚੈਨ ਸਿੰਘ ਚੈਨ ਨੂੰ ਵੱਖ-ਵੱਖ ਜਥੇਬੰਦੀਆਂ ਵਲੋਂ ਭਰਪੂਰ ਸ਼ਰਧਾਂਜਲੀਆਂ





ਜਲੰਧਰ : "ਕਾ. ਚੈਨ ਇਕ ਮਿਸਾਲੀ ਕਮਿਊਨਿਸਟ ਸਨ ਜੋ ਆਪਣੀ ਸਮੁੱਚੀ ਜ਼ਿੰਦਗੀ ਕਮਿਊਨਿਸਟ ਅਕੀਦੇ ਨੂੰ ਸਮਰਪਿਤ ਰਹੇ ਅਤੇ ਇਕ ਪਾਰਟੀ ਦੇ ਸਿਪਾਹੀ ਦੇ ਤੌਰ 'ਤੇ ਇਕ ਮਿਸਾਲੀ ਕਮਿਊਨਿਸਟ ਜੀਵਨ ਜਿਉਂਦਿਆਂ ਪੂਰੀ ਜ਼ਿੰਦਗੀ ਸਮਾਜਿਕ ਤਬਦੀਲੀ ਦੇ ਲੇਖੇ ਲਾ ਦਿੱਤੀ।"

ਇਹ ਵਿਚਾਰ 8 ਜਨਵਰੀ ਦੀ ਰਾਤ ਨੂੰ ਸਦੀਵੀ ਵਿਛੋੜਾ ਦੇ ਗਏ ਕਾ. ਚੈਨ ਸਿੰਘ ਚੈਨ ਦੇ ਸ਼ਰਧਾਂਜਲੀ ਸਮਾਗਮ ਵਿਚ ਸ਼ਾਮਲ ਬੁਲਾਰਿਆਂ ਨੇ ਪੇਸ਼ ਕੀਤੇ। ਉਨ੍ਹਾਂ ਕਿਹਾ ਕਿ ਕਮਿਊਨਿਜ਼ਮ ਦੇ ਕਾਜ ਨੂੰ ਸਮਰਪਿਤ 80 ਸਾਲ ਦਾ ਬੇਦਾਗ ਰਾਜਸੀ ਜੀਵਨ ਇਕ ਮਿਸਾਲ ਹੈ ਜਿਸ ਵਿਚ ਉਨ੍ਹਾਂ ਨੇ ਆਪਣੀ ਜ਼ਿੰਦਗੀ ਦਾ ਹਰ ਪਲ ਲੋਕ ਹਿੱਤਾਂ ਲਈ ਕੰਮ ਕਰਦਿਆਂ, ਫੁੱਟ ਤੇ ਅਨੇਕਤਾ ਦਾ ਸ਼ਿਕਾਰ ਕਮਿਊਨਿਸਟ ਲਹਿਰ ਨੂੰ ਏਕਤਾ ਦੀ ਲੜੀ ਵਿਚ ਪਰੋਣ, ਅਵਾਮੀ ਜਥੇਬੰਦੀਆਂ ਉਸਾਰਨ ਅਤੇ ਲੋਕ ਘੋਲਾਂ ਦੀ ਅਗਵਾਈ ਕਰਨ ਨੂੰ ਸਮਰਪਿਤ ਰਿਹਾ। ਕਮਿਊਨਿਸਟ ਪਾਰਟੀ ਅਤੇ ਅਵਾਮੀ ਜਥੇਬੰਦੀਆਂ ਦੇ ਨਾਲ-ਨਾਲ ਉਨ੍ਹਾਂ ਨੇ ਆਪਣੇ ਪਿੰਡ ਵਿਚ ਲੋਕ-ਭਲਾਈ ਦੇ ਕੰਮਾਂ ਵਿਚ ਵੱਧ ਚੜ੍ਹਕੇ ਹਿੱਸਾ ਲਿਆ ਅਤੇ ਪੰਚਾਇਤ ਦੀ ਸੁਚੱਜੀ ਅਗਵਾਈ ਕਰਦਿਆਂ ਪਿੰਡ ਦੀ ਤਰੱਕੀ ਵਿਚ ਅਹਿਮ ਯੋਗਦਾਨ ਪਾਇਆ।

ਸ਼ਰਧਾਂਜਲੀ ਸਮਾਗਮ ਦੀ ਪ੍ਰਧਾਨਗੀ ਮੰਡਲ ਵਿਚ ਸ਼ਸ਼ੋਭਿਤ ਸਨ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਪ੍ਰਧਾਨ ਅਤੇ ਜਨਰਲ ਸਕੱਤਰ ਡਾ. ਰਘਬੀਰ ਕੌਰ ਤੋਂ ਇਲਾਵਾ ਕਮੇਟੀ ਦੇ ਟਰੱਸਟੀ ਕਾਮਰੇਡ ਕੁਲਵੰਤ ਸਿੰਘ ਸੰਧੂ, ਸੀ. ਪੀ. ਆਈ. ਪੰਜਾਬ ਕਮੇਟੀ ਦੇ ਪ੍ਰਧਾਨ ਕਾਮਰੇਡ ਹਰਦੇਵ ਸਿੰਘ ਅਰਸ਼ੀ, ਸੀ.ਪੀ.ਆਈ. ਜ਼ਿਲ੍ਹਾ ਜਲੰਧਰ ਦੇ ਸਕੱਤਰ ਕਾਮਰੇਡ ਦਿਲਬਾਗ ਸਿੰਘ ਅਟਵਾਲ, ਕਾਮਰੇਡ ਚੈਨ ਸਿੰਘ ਚੈਨ ਦੇ ਕਿਰਤੀ ਪਾਰਟੀ ਦੇ ਮੁੱਢਲੇ ਸਾਥੀ ਦੀ ਜੀਵਨ ਸਾਥਣ ਅਤੇ ਫਰੀਡਮ ਫਾਈਟਰਜ਼ ਕਾਮਰੇਡ ਵੀਰਾਂ ਦੇਵੀ ਅਤੇ ਕਾਮਰੇਡ ਦੀ ਬੇਟੀ ਸਵਿਤਾ।

ਸ਼ਰਧਾਂਜਲੀ ਸਮਾਗਮ ਦੀ ਸ਼ੁਰੂਆਤ ਕਰਦਿਆਂ ਰੋਜ਼ਾਨਾ 'ਨਵਾਂ ਜ਼ਮਾਨਾ' ਦੇ ਸੰਪਾਦਕ ਸ੍ਰੀ ਪੰਨੂੰ ਨੇ ਕਿਹਾ ਕਿ ਉਹ ਨਿਰੇ ਮਿਸਾਲੀ ਕਮਿਊਨਿਸਟ ਹੀ ਨਹੀਂ ਸਗੋਂ ਇਕ ਵਧੀਆ ਲੇਖਕ, ਇਤਿਹਾਸ ਦੇ ਬਹੁਪੱਖੀ ਗਿਆਤਾ ਅਤੇ ਰਾਜਸੀ ਚਿੰਤਕ ਸਨ ਜਿਨ੍ਹਾਂ ਦਾ ਨਵਾਂਜ਼ਮਾਨਾ ਨੂੰ ਚਲਾਉਣ ਵਿਚ ਅਮਿੱਟ ਯੋਗਦਾਨ ਰਿਹਾ ਹੈ।

ਕਾਮਰੇਡ ਗਿਆਨ ਸਿੰਘ ਦੁਸਾਂਝ ਨੇ ਕਾਮਰੇਡ ਚੈਨ ਸਿੰਘ ਚੈਨ ਨਾਲ ਬਿਤਾਏ ਮਹੱਤਵਪੂਰਨ ਪਲ ਸਾਂਝੇ ਕੀਤੇ।

ਕਮਿਊਨਿਸਟ ਗ਼ਦਰ ਪਾਰਟੀ ਦੇ ਜਨਰਲ ਸਕੱਤਰ ਕਾਮਰੇਡ ਲਾਲ ਸਿੰਘ ਨੇ ਆਪਣੇ ਸੁਨੇਹੇ ਵਿਚ ਆਖਿਆ ਕਿ ਕਾਮਰੇਡ ਚੈਨ ਸਿੰਘ ਨੇ ਜਿੱਥੇ ਆਪਣੀ ਸਾਰੀ ਉਮਰ ਕਿਰਤੀ ਲੋਕਾਂ ਦੇ ਲੇਖੇ ਲਾਈ, ਉਥੇ ਉਹ ਕਮਿਊਨਿਸਟ ਏਕਤਾ ਲਈ ਹਮੇਸ਼ਾਂ ਤੱਤਪਰ ਰਹਿੰਦੇ ਸਨ।

ਕਮਿਊਨਿਸਟ ਪਾਰਟੀ ਆਫ ਕੈਨੇਡਾ (ਐਮ. ਐਲ.) ਦੇ ਬੁਲਾਰੇ ਕਾਮਰੇਡ ਸੁੱਚਾ ਸਿੰਘ ਦੀਪਕ ਨੇ ਕਾਮਰੇਡ ਚੈਨ ਸਿੰਘ ਦੇ ਪੱਖਾਂ ਬਾਬਤ ਗੱਲਬਾਤ ਕਰਦਿਆਂ ਆਖਿਆ ਕਿ ਉਨ੍ਹਾਂ ਸਾਰੀ ਉਮਰ ਕਮਿਊਨਿਸਟ ਲਹਿਰ ਅੰਦਰ ਸੰਕੀਰਣਵਾਦ ਦੇ ਖਿਲਾਫ ਸੰਘਰਸ਼ ਕੀਤਾ। ਪ੍ਰੋ. ਪਿਆਰਾ ਸਿੰਘ ਭੋਗਲ ਨੇ ਕਾਮਰੇਡ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਮੌਜੂਦਾ ਸਮੇਂ ਕਮਿਊਨਿਸਟ ਲਹਿਰ ਅੰਦਰ ਆਈ ਖੜੋਤ 'ਤੇ ਚਿੰਤਾ ਪ੍ਰਗਟ ਕੀਤੀ।

ਅਜੀਤ ਸਮਾਚਾਰ ਦੇ ਸੰਪਾਦਕ ਸ੍ਰੀ ਸਤਨਾਮ ਮਾਣਕ ਨੇ ਕਿਹਾ ਕਮਿਊਨਿਸਟਾਂ ਨੂੰ ਕਿਰਤੀ ਲਹਿਰ ਲਈ ਵਿੱਢੇ ਸੰਘਰਸ਼ ਦੇ ਨਾਲ-ਨਾਲ ਸਥਾਨਕ ਪੱਧਰ 'ਤੇ ਭਾਸ਼ਾ ਦੇ ਸੁਆਲ 'ਤੇ ਵੀ ਧਿਆਨ ਦੇਣ ਦੀ ਲੋੜ ਹੈ।

ਸ਼ਰਧਾਂਜਲੀ ਭੇਟ ਕਰਦਿਆਂ ਸੀ. ਪੀ. ਆਈ. ਦੇ ਸੂਬਾ ਸਕੱਤਰ ਕਾਮਰੇਡ ਹਰਦੇਵ ਅਰਸ਼ੀ ਨੇ ਕਿਹਾ ਕਿ ਅਸੀਂ ਕਾਮਰੇਡ ਚੈਨ ਸਿੰਘ ਚੈਨ ਤੋਂ ਪ੍ਰੇਰਿਤ ਹੋ ਅਸੀਂ 60ਵਿਆਂ ਵਿਚ ਨੌਜੁਆਨ ਲਹਿਰ ਵੱਲ ਖਿੱਚੇ ਗਏ। ਉਨ੍ਹਾਂ ਕਿਹਾ ਕਿ ਕਾਮਰੇਡ ਚੈਨ ਸਿੰਘ ਚੈਨ ਹੋਰਾਂ ਦੇ ਅਧੂਰੇ ਕਾਰਜ ਨੂੰ ਪੂਰਾ ਕਰਨ ਲਈ ਸੀ.ਪੀ.ਆਈ. ਪੂਰੀ ਤਰ੍ਹਾਂ ਦ੍ਰਿੜ੍ਹਤਾ ਨਾਲ ਪਹਿਰਾ ਦੇ ਰਹੀ ਹੈ।

ਸੀ. ਪੀ. ਆਈ. ਦੇ ਕੌਮੀ ਕੌਂਸਲ ਦੇ ਮੈਂਬਰ ਕਾਮਰੇਡ ਜਗਰੂਪ ਕਿਹਾ ਕਿ ਕਾਮਰੇਡ ਚੈਨ ਸਿੰਘ ਚੈਨ ਨੇ ਸਾਰੀ ਉਮਰ ਕਮਿਊਨਿਸਟ ਲਹਿਰ ਨੂੰ ਇਕਮੁੱਠ ਰੱਖਣ, ਅਨੁਸਾਸ਼ਨ 'ਚ ਕੰਮ ਕਰਨ ਅਤੇ ਵੱਧ ਤੋਂ ਵੱਧ ਅਵਾਮੀ ਜਥੇਬੰਦੀਆਂ ਬਣਾਉਣ 'ਤੇ ਜ਼ੋਰ ਦਿੱਤਾ ਜੋ ਅੱਜ ਵੀ ਸਮੇਂ ਦੀ ਲੋੜ ਹੈ।

ਸ਼ਰਧਾਂਜਲੀ ਭੇਟ ਕਰਦਿਆਂ ਨਵਾਂ ਜ਼ਮਾਨਾਂ ਦੇ ਸੀਨੀਅਰ ਮੀਤ ਪ੍ਰਧਾਨ ਕਾਮਰੇਡ ਅੰਮ੍ਰਿਤ, ਪੰਜਾਬ ਕਿਸਾਨ ਸਭਾ ਦੇ ਪ੍ਰਧਾਨ ਕਾਮਰੇਡ ਭੁਪਿੰਦਰ ਸਿੰਘ ਸਾਂਭਰ, ਕਾਮਰੇਡ ਚਰਨਜੀਤ ਸਿੰਘ ਥੰਮੂਵਾਲ ਨੇ ਕਿਰਤੀ ਲਹਿਰ ਲਈ ਪਾਏ ਯੋਗਦਾਨ ਦਾ ਜ਼ਿਕਰ ਕਰਦਿਆਂ ਉਨ੍ਹਾਂ ਨੂੰ ਲਾਲ ਸਲਾਮ ਪੇਸ਼ ਕੀਤੀ।

ਸਾਡਾ ਯੁੱਗ ਦੇ ਗੁਰਨਾਮ ਕੰਵਰ ਨੇ ਇਸ ਮੌਕੇ ਭਾਵਪੂਰਵਰਕ ਕਵਿਤਾ ਪੜ੍ਹਕੇ ਕਾਮਰੇਡ ਚੈਨ ਸਿੰਘ ਚੈਨ ਹੋਰਾਂ ਨੂੰ ਸ਼ਰਧਾਂਜਲੀ ਭੇਟ ਕੀਤੀ।

ਸ਼ਰਧਾਂਜਲੀ ਭੇਂਟ ਕਰਨ ਵਾਲਿਆਂ ਵਿਚ ਸੀ.ਪੀ.ਐਮ. ਪੰਜਾਬ ਦੇ ਕਾਮਰੇਡ ਕੁਲਵੰਤ ਸਿੰਘ ਸੰਧੂ, ਸੀ.ਪੀ.ਆਈ. (ਐਮ.) ਦੇ ਕਾਮਰੇਡ ਗੁਰਮੀਤ ਸਿੰਘ ਢੱਡਾ, ਪਲਸ ਮੰਚ ਦੇ ਪ੍ਰਧਾਨ ਕਾਮਰੇਡ ਅਮੋਲਕ ਸਿੰਘ, ਸੀ.ਪੀ.ਆਈ. (ਐਮ.ਐਲ.) ਦੇ ਕਾਮਰੇਡ ਸੁਖਦਰਸ਼ਨ ਨੱਤ, ਖੇਤ ਮਜ਼ਦੂਰ ਯੂਨੀਅਨ ਦੇ ਗੁਲਜ਼ਾਰ ਗੋਰੀਆ ਫਰੀਡਮ ਫਾਈਟਰ ਧਰਮ ਸਿੰਘ, ਐਡਵੋਕੇਟ ਐਸ. ਐਲ. ਵਿਰਦੀ, ਸੀਤਾ ਰਾਮ ਬਾਂਸਲ, ਪੰਜਾਬ ਇਸਤਰੀ ਸਭਾ ਦੇ ਸੰਤੋਸ਼ ਸ਼ਰਮਾ ਨੇ ਕਾਮਰੇਡ ਚੈਨ ਸਿੰਘ ਚੈਨ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਉਨ੍ਹਾਂ ਨੂੰ ਭਰਾਤਰੀ ਜਥੇਬੰਦੀਆਂ ਨਾਲ ਏਕਤਾ ਦੇ ਹਾਮੀ ਆਖਿਆ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਦਰਬਾਰਾ ਸਿੰਘ ਢਿੱਲੋਂ ਅਤੇ ਜਨਰਲ ਸਕੱਤਰ ਡਾ. ਰਘਬੀਰ ਕੌਰ ਨੇ ਕਾ. ਚੈਨ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਕਾ. ਚੈਨ ਇਕ ਤੁਰਦਾ-ਫਿਰਦਾ ਇਤਿਹਾਸ ਸਨ। ਉਨ੍ਹਾਂ ਨੇ ਦੇਸ਼ਭਗਤ ਯਾਦਗਾਰ ਕਮੇਟੀ ਦੇ ਉਦੇਸ਼ ਅਨੁਸਾਰ ਉਲੀਕੇ ਕੰਮਾਂ ਨੂੰ ਨੇਪਰੇ ਚੜ੍ਹਾਉਣ, ਦੇਸ਼ ਭਗਤ ਯਾਦਗਰ ਮਿਊਜ਼ੀਅਮ ਵਿਚ ਦੇਸ਼ ਭਗਤਾਂ ਦੀਆਂ ਤਸਵੀਰਾਂ ਅਤੇ ਜੀਵਨ ਵੇਰਵਿਆਂ ਨੂੰ ਸਿਲਸਿਲੇਵਾਰ ਢੰਗ ਨਾਲ ਤਿਆਰ ਕਰਾਉਣ ਅਤੇ ਦੇਸ਼ ਭਗਤ ਯਾਦਗਾਰ ਕਮੇਟੀ ਦੀਆਂ ਪ੍ਰਕਾਸ਼ਨਾਵਾਂ ਵਿਚ ਵੱਡੀ ਭੂਮਿਕਾ ਨਿਭਾਈ।

ਇਸ ਮੌਕੇ ਸੀ. ਪੀ. ਆਈ. ਅਤੇ ਦੇਸ਼ ਭਗਤ ਯਾਦਗਾਰ ਕਮੇਟੀ ਕੋਲ ਡਾ. ਜੋਗਿੰਦਰ ਦਿਆਲ, ਕਾ. ਬੰਤ ਬਰਾੜ, ਕਾਮਰੇਡ ਨਿਰਮਲ ਸਿੰਘ ਧਾਰੀਵਾਲ, ਕਾਮਰੇਡ ਹਰਭਜਨ ਸਿੰਘ ਅੰਮ੍ਰਿਤਸਰ, ਕਾ. ਸੰਪੂਰਨ ਸਿੰਘ ਐਡਵੋਕੇਟ, ਕਾਮਰੇਡ ਨੌਨਿਹਾਲ ਸਿੰਘ ਨੇ ਆਪਣੇ ਸ਼ੋਕ ਸੁਨੇਹੇ ਭੇਜੇ।

ਉਪਰੋਕਤ ਤੋਂ ਇਲਾਵਾ ਕਾਮਰੇਡ ਚੈਨ ਸਿੰਘ ਚੈਨ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਕਾਮਰੇਡ ਸਰਵਣ ਸਿੰਘ ਜ਼ਫਰ ਫਰੈਂਡਜ਼ ਆਫ ਸੀ.ਪੀ.ਆਈ. ਇੰਗਲੈਂਡ, ਸਵਰਨ ਸਿੰਘ ਅਕਲਪੁਰ ਚੇਅਰਮੈਨ ਕੰਟਰੋਲ ਕਮਿਸ਼ਨ ਸੀ.ਪੀ.ਆਈ., ਸੀ.ਪੀ.ਆਈ. ਜ਼ਿਲ੍ਹਾ ਮੋਗਾ ਦੇ ਸਕੱਤਰ ਕਾਮਰੇਡ ਕੁਲਦੀਪ ਸਿੰਘ ਭੋਲਾ, ਚਰਨ ਸਿੰਘ ਤਹਿਸੀਲ ਸਕੱਤਰ ਸੀ. ਪੀ. ਆਈ., ਤਹਿਸੀਲ ਸਕੱਤਰ ਜਲੰਧਰ ਕਾਮਰੇਡ ਰਜਿੰਦਰ ਸਿੰਘ ਮੰਜੀ, ਕਾਮਰੇਡ ਰਛਪਾਲ ਕੈਲੇ, ਕਾਮਰੇਡ ਸੰਦੀਪ ਦੌਲੀ ਕੇ, ਕਾਮਰੇਡ ਚੰਦ ਸਿੰਘ ਫਤਿਹਪੁਰੀ, ਕਾਮਰੇਡ ਗੁਰਮੀਤ ਸਿੰਘ ਸ਼ੁਗਲੀ ਸਕੱਤਰ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਕਾਮਰੇਡ ਮਨੋਹਰ ਲਾਲ, ਕਾਮਰੇਡ ਰਾਮ ਪ੍ਰਕਾਸ਼, ਕਾਮਰੇਡ ਵੀਰ ਸਿੰਘ, ਸਰਵਨ ਸਿੰਘ ਸਨੇਹੀ, ਲੋਕ ਕਾਫਲਾ ਦੇ ਸੰਪਾਦਕ ਕਾਮਰੇਡ ਬੂਟਾ ਸਿੰਘ, ਹਰਭਗਵਾਨ ਭੀਖੀ, ਕਾਮਰੇਡ ਰੁਲਦੂ ਰਾਮ, ਸਵਰਨ ਸਿੰਘ ਨਾਗੋਕੇ, ਨਰੰਜਣ ਉਚਾ, ਕਾਮਰੇਡ ਰਜਿੰਦਰ ਸਿੰਘ ਰਾਣਾ ਸੁਲਤਾਨਪੁਰ ਲੋਧੀ, ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਕਾਮਰੇਡ ਸੀਤਲ ਸਿੰਘ ਸੰਘਾ, ਰਣਜੀਤ ਸਿੰਘ ਔਲਖ, ਦੇਵ ਰਾਜ ਨਯੀਅਰ, ਹਰਬੀਰ ਕੌਰ ਬੰਨੋਆਣਾ, ਚਿਰੰਜੀ ਲਾਲ ਕੰਗਣੀਵਾਲ, ਮਨਜੀਤ ਸਿੰਘ ਬਾਸਰਕੇ, ਸੁਰਿੰਦਰ ਸਿੰਘ ਜਲਾਲਦੀਵਾਲ ਤੋਂ ਇਲਾਵਾ ਕਾਮਰੇਡ ਸ਼ਾਮ ਲਾਲ, ਕੇਸਰ ਪੰਜ ਆਬ ਪ੍ਰਕਾਸ਼ਨ ਜਲੰਧਰ, ਚਰਨਜੀਤ ਕੌਰ ਦੁਸਾਂਝ, ਡਾ. ਜਸਬੀਰ ਕੌਰ ਗਿੱਲ ਜਨਤਾ ਹਸਪਤਾਲ, ਮਨਜੀਤ ਕੇਸਰ, ਕੁਲਵੰਤ ਸਿੰਘ ਕਾਕਾ, ਕਰਨਪ੍ਰੀਤ ਸਿੰਘ, ਗੁਰਦੀਪ ਸਿੰਘ, ਬਲਵਿੰਦਰ ਕੌਰ ਬਾਂਸਲ, ਵਿਜੇ ਸਾਗਰ, ਕਾਮਰੇਡ ਚੈਨ ਸਿੰਘ ਚੈਨ ਦੇ ਦਾਮਾਦ ਰਾਵਲ ਵਟੱਕ ਆਦਿ ਹਾਜ਼ਰ ਸਨ।

ਇਸ ਤੋਂ ਇਲਾਵਾ ਜ਼ਿਲ੍ਹਾ ਕਪੂਰਥਲਾ, ਜੰਡਿਆਲਾ ਮੰਜਕੀ, ਫਰਗਵਾੜਾ, ਸੁਲਤਾਨਪੁਰ ਲੋਧੀ ਤੇ ਚੈਨ ਸਿੰਘ ਚੈਨ ਦੇ ਪਿੰਡ ਦੰਦੂਵਾਲ ਅਤੇ ਫਰੀਡਮ ਫਾਈਟਰ ਅਤੇ ਇਸਤਰੀ ਸਭਾ ਦੇ ਕਾਰਕੁੰਨ ਵੱਡੀ ਗਿਣਤੀ ਵਿਚ ਹਾਜ਼ਰ ਸਨ।

ਅੰਤ ਵਿਚ ਸੀ.ਪੀ.ਆਈ. ਜ਼ਿਲ੍ਹਾ ਜਲੰਧਰ ਦੇ ਸਕੱਤਰ ਕਾਮਰੇਡ ਦਿਲਬਾਗ ਸਿੰਘ ਨੇ ਆਏ ਸਾਥੀਆਂ ਦਾ ਧੰਨਵਾਦ ਕੀਤਾ ਅਤੇ ਕਾਮਰੇਡ ਚੈਨ ਸਿੰਘ ਚੈਨ ਨੂੰ ਜ਼ਿਲ੍ਹਾ ਜਲੰਧਰ ਵੱਲੋਂ ਸ਼ਰਧਾਂਜਲੀ ਭੇਟ ਕੀਤੀ। ਸਟੇਜ ਸਕੱਤਰ ਦੀ ਭੂਮਿਕਾ ਗੁਰਮੀਤ ਨੇ ਅਦਾ ਕੀਤਾ।

## .ਗ਼ਜ਼ਲ

ਸੰਨਾਟਾ ਬੋਲਦਾ ਉਸ ਪਾਰ ਹੋਣਾ ਹੋਰ ਕੀ ਹੋਣਾ
ਹਵਾ ਦੇ ਨਾਲ ਹਿਲਦਾ ਬਾਰ ਹੋਣਾ ਹੋਰ ਕੀ ਹੋਣਾ

ਜਗਾ ਨੈਣਾ ਨੂੰ ਹਰਦਮ ਰਹਿਣ ਵਾਲਾ ਜਿਸਮ ਵਿੱਚ ਕੋਈ
ਤਾਂ ਬੇਪਰਵਾਹ ਕਿਰਾਏਦਾਰ ਹੋਣਾ ਹੋਰ ਕੀ ਹੋਣਾ

ਹੈਰਾਨੀ ਕੀ ਅਗਰ ਉਸਨੂੰ ਹੈ ਫਿਰ ਇਕ ਮਿਲ ਗਿਆ ਤਮਗਾ,
ਕੋਈ ਸਰਕਾਰ ਦੇ ਵਿੱਚ ਯਾਰ ਹੋਣਾ ਹੋਰ ਕੀ ਹੋਣਾ

ਪਿਤਾ ਮੁਰਝਾ ਜਿਹਾ ਜਾਵੇ ਅਗਰ ਮੁਟਿਆਰ ਧੀਂ ਤਕ ਕੇ
ਉਦੇ ਸਿਰ ਕਰਜ਼ਿਆਂ ਦਾ ਭਾਰ ਹੋਣਾ ਹੋਰ ਕੀ ਹੋਣਾ

ਖ਼ੁਸ਼ੀ ਘਰ ਦੀ ਲਈ ਅਪਨਾ ਲਏ ਪਰਦੇਸ਼ ਦੇ ਰਿਸਤੇ
ਕਹੇ ਮਾਂ ਦੇ ਲਿਆ ਮਨ ਮਾਰ ਹੋਣਾ ਹੋਰ ਕੀ ਹੋਣਾ

ਨਿਦਾਨਾ ਦੇ ਜੀਹਨੇ ਜਜ਼ਬਾਤ ਕੁਚਲੇ ਇਸ਼ਕ ਵਿਚ ਉਸਦਾ.
ਜ਼ਮੀਰੋਂ ਗਿਰ ਗਿਆ ਕਿਰਦਾਰ ਹੋਣਾ ਹੋਰ ਕੀ ਹੋਣਾ

ਉਦੀ ਗੱਲਬਾਤ ਤੋਂ ਲਗਦੈ ਉਹ ਲੋਕਾਂ ਦੇ ਦਿਲਾਂ ਅੰਦਰ
ਖੜੀ ਕਰਦਾ ਰਿਹਾ ਦੀਵਾਰ ਹੋਣਾ ਹੋਰ ਕੀ ਹੋਣਾ

ਜੋ ਪੀ ਕੇ ਜ਼ਹਿਰ ਤਨਹਾਈ ਦਾ ਹਸਕੇ ਰੋਜ਼ ਜੀ ਲੈਂਦੈ
ਗ਼ਮਾਂ ਦਾ ਲਾਹ ਰਿਹਾ ਇਉਂ ਭਾਰ ਹੋਣਾ ਹੋਰ ਕੀ ਹੋਣਾ

ਅਚਾਨਕ ਸੋਜ਼ ਵਰ੍ਹਿਆਂ ਬਾਦ ਮੇਰੇ ਸ਼ਹਿਰ ਕਿਉਂ ਆਇਆ
ਉਹਨੂੰ ਅਪਣਾ ਕੋਈ ਕੰਮਕਾਰ ਹੋਣਾ ਹੋਰ ਕੀ ਹੋਣਾ

-ਰੁਪਿੰਦਰ 'ਸੋਜ਼'

## ਜ਼ਿੰਦਗੀ

ਆ ਜ਼ਿੰਦਗੀ ਨੂੰ ਗਲ ਲੱਗ ਮਿਲੀਏ, ਜ਼ਿੰਦ ਅਮੁੱਲੜਾ ਗਹਿਣਾ
ਨਾ ਸੇਵਾ ਮੁਕਤੀ, ਨਾ ਵਿਦਾਇਗੀ, ਸਦਾ ਸਫ਼ਰ 'ਤੇ ਰਹਿਣਾ
ਆ ਜ਼ਿੰਦਗੀ ਨੂੰ ਗਲ ਲੱਗ ਮਿਲੀਏ

ਨਿੱਕੀਆਂ ਪੈੜਾਂ ਬਿਖ਼ੜੇ ਪੈਂਡੇ, ਸੱਜਣਾ ਵਾਟ ਲੰਮੇਰੀ
ਉੱਚੀ ਸੋਚ ਤਾਂ ਸਰ ਕਰ ਲੈਂਦੀ, ਮੰਜ਼ਲ ਹਰ ਉਚੇਰੀ
ਧਰਤੀ ਘੁੰਮਦੀ ਦੁੱਖਾਂ ਦੁਆਲੇ, ਏਹ ਸੂਰਜ ਦਾ ਕਹਿਣਾ
ਆ ਜ਼ਿੰਦਗੀ ਨੂੰ ਗਲ਼ ਲੱਗ ਮਿਲੀਏ

ਲੋਕ-ਲਹਿਰ ਦਾ ਘੁੰਮੇ ਚਰਖੜਾ, ਸਾਂਝਾਂ ਦੀ ਤੰਦ ਪਾਉਣੀ
ਡਾਰ ਚਿਰਾਗ਼ਾਂ ਦੀ ਸੰਜ ਰਲ਼ਕੇ, ਧਰਤੀ ਹੈ ਰੁਸ਼ਨਾਉਣੀ
ਕੁੱਲ ਆਲਮ ਨੇ ਜਗ ਮਗ ਹੋਣਾ, ਸਦਾ ਨੇਰ੍ਹ ਨਾ ਰਹਿਣਾ
ਆ ਜ਼ਿੰਦਗੀ ਨੂੰ ਗਲ਼ ਲੱਗ ਮਿਲੀਏ

ਲੋਕਾਂ ਨਾਲ ਜੋ ਪਾਉਣ ਪ੍ਰੀਤਾਂ, ਉਹ ਕਦੋਂ ਅੱਖ ਲਾਉਂਦੇ
ਸੇਵਾ, ਘੋਲ ਤੇ ਮੁਕਤੀ ਵਾਲਾ, ਉਹ ਪਰਚਮ ਲਹਿਰਾਉਂਦੇ
ਲੋਕੀ ਤੇਰੀਆਂ ਕਰਨ ਉਡੀਕਾਂ, ਲੈ ਬੁੱਕਲ ਤੈਨੂੰ ਲੈਣਾ
ਆ ਜ਼ਿੰਦਗੀ ਨੂੰ ਗਲ ਲੱਗ ਮਿਲੀਏ

ਜ਼ਿੰਦ ਅਮੁੱਲੜੀ ਨਾਲੋਂ ਵਧਕੇ, ਸਦਾ ਅਸੂਲ ਪਿਆਰੇ
ਉਹ ਲੋਕਾਂ ਦਾ ਜਾਇਆ ਜਿਹੜਾ, ਜ਼ਿੰਦ ਲੋਕਾਂ ਤੋਂ ਵਾਰੇ
ਤੇਰੀਆਂ ਸੋਚਾਂ ਦੀ ਕਸਤੂਰੀ, ਸਦਾ ਮਹਿਕਮੇ ਰਹਿਣਾ
ਆ ਜ਼ਿੰਦਗੀ ਨੂੰ ਗਲ਼ ਲੱਗ ਮਿਲੀਏ ਜ਼ਿੰਦ ਅਮੁੱਲੜਾ ਗਹਿਣਾ
ਨਾ ਸੇਵਾ ਮੁਕਤੀ, ਨਾ ਵਿਦਾਇਗੀ, ਸਦਾ ਸਫ਼ਲ 'ਤੇ ਰਹਿਣਾ

- ਅਮੋਲਕ ਸਿੰਘ

## ਗੀਤ (ਆਪਣੀ ਗੁਲੇਲ ਸਾਂਭ ਰੱਖ ਵੇ)

ਅੱਠੋ ਪਹਿਰ ਰਹਿਣੈ ਵੇ ਤੂੰ ਕਰਦਾ ਕਮਾਈ।
ਕਦੇ ਵੀ ਖੇਤੋਂ ਤੇਰੇ ਘਰ ਤੱਕ ਆਈ।
ਕਾਵਾਂ ਤੋਤਿਆਂ ਨੇ ਛੱਡਿਆ ਨਾ ਕੱਢ ਵੇ,
ਖੇਤਾਂ ਦੇ ਮਾਲਕ, ਆਪਣੀ ਗੁਲੇਲ ਸਾਂਭ ਰੱਖ ਵੇ। ਖੇਤਾਂ ਦੇ ਰਾਖੇ।

ਤੂੰ ਕਿਉਂ ਨੀ ਜਾਗਿਆ ਗੁਆਂਢੀ ਤੇਰੇ ਜਾਗ ਪਏ।
ਉਨ੍ਹਾਂ ਦਿਆਂ ਘਰਾਂ ਵਿਚ ਲੱਗੇ ਰੰਗ ਭਾਗ ਪਏ।
ਜਾਵੇ ਪੁੱਟਿਆ ਨਾ ਕੀਲਾ, ਪਹਿਲਾਂ ਕਰ ਲੈ ਵਸੀਲਾ,
ਚੜ੍ਹੀ ਆਉਂਦੀ ਸਿਰਾਂ ਉਤੇ ਝੱਖ ਵੇ।
ਖੇਤਾਂ ਦੇ ਮਾਲਕ ਆਪਣੀ ਗੁਲੇਲ ਸਾਂਭ ਰੱਖ ਵੇ। ਖੇਤਾਂ ਦੇ ਰਾਖੇ।

ਲੋਕਾਂ ਨੂੰ ਅੰਨ ਦੇਵੇ ਤੈਨੂੰ ਜ਼ਹਿਰ ਖਾਣ ਨੂੰ।
ਮੰਝਧਾਰ ਫਸੀ ਬੇੜੀ ਤਾਂਘੇ ਬਾਹਰ ਜਾਣ ਨੂੰ।
ਚਾਹੇ ਪਾਸੇ ਸੰਧੂਕਾਰ, ਨਜ਼ਰ ਆਉਂਦਾ ਨਾ ਚਿਰਾਗ਼,
ਕੋਈ ਬਣਦਾ ਨਾ ਦਿਸੇ ਤੇਰਾ ਪੱਖ ਵੇ।
ਖੇਤਾਂ ਦੇ ਮਾਲਕ ਆਪਣੀ ਗੁਲੇਲ ਸਾਂਭ ਰੱਖ ਵੇ।
ਘੁੱਗੀਆਂ ਵਿਚਾਰੀਆਂ ਦੇ ਕਾਂ ਨੇ ਆਂਡੇ ਪੀ ਰਹੇ।
ਲਗੜਾਂ ਦੇ ਪਹਿਰੇ ਹੇਠ ਸਹਿਮੇ ਸਹਿਮੇ ਜੀ ਰਹੇ।
ਨਾ ਪੁੱਗੀਆਂ ਦੁਆਵਾਂ, ਤੇਜ਼ ਵਗਣ ਹਵਾਵਾਂ,
ਢਹਿ ਗਏ ਆਲ੍ਹਣੇ ਪਿਛੇ ਨਾ ਰਿਹਾ ਕੱਖ ਵੇ
ਖੇਤਾਂ ਦੇ ਮਾਲਕ.....

ਸੇਠ ਦੀਆਂ ਬਹੀਆਂ ਕੋਲੋਂ ਮੰਗ ਲੈ ਹਿਸਾਬ ਤੂੰ
ਖ਼ੂਨੀਆਂ ਦੇ ਹੱਥਾਂ ਵਿਚੋਂ ਖੋਹ ਲੈ ਰਬਾਬ ਤੂੰ
ਮੋੜ ਹੱਥਾਂ ਵਿਚ ਤਾਲ, ਨਾਲੇ ਪੈਰਾਂ ਦੀ ਧਮਾਲ
ਰੰਗ ਗਿੱਧਿਆਂ ਦਾ ਮੁੜ ਹੈ ਡੱਕ ਵੇ
ਖੇਤਾਂ ਦੇ ਮਾਲਕ....

ਡਿੱਗਿਆ ਪਹਾੜੋਂ ਪਾਣੀ ਆਪੇ ਰਾਹ ਹੈ ਟੋਲਦਾ
ਅੜਿੱਕਿਆ ਨੂੰ ਰਸਤਿਆਂ 'ਚੋਂ ਜਾਂਦਾ ਸਭ ਰੋਲਦਾ
ਪਾਣੀ ਜਿਧਰ ਵੀ ਜਾਊ, ਕਰ ਪੱਧਰ ਵੀ ਜਾਊ
ਫੇਰ ਸਕਦਾ ਨਾ ਉਹਨੂੰ ਕੋਈ ਡੱਕ ਵੇ
ਖੇਤਾਂ ਦੇ ਮਾਲਕ

ਜਰਨੈਲ ਸਿੰਘ ਅਚਰਵਾਲ
ਬਰੈਂਪਟਨ (ਕੈਨੇਡਾ)
905-499-4766

## .ਗ਼ਜ਼ਲ

ਤਰਸੂਲ ਨਾ ਉਗਾਓ, ਤਲਵਾਰ ਨਾ ਉਗਾਓ,
ਸੂਰਜ ਦੀ ਪੌਦ ਲਾ ਕੇ ਧਰਤੀ ਸਗੋਂ ਸਜਾਓ।
ਪ੍ਰਦੇਸ਼ ਦੇ ਖਿਡੌਣੇ, ਸਾਨੂੰ ਨਹੀਂ ਮੁਆਫ਼ਕ,
ਉਨ੍ਹਾਂ ਦੀ ਚੀਜ਼ ਜਾ ਕੇ ਉਨ੍ਹਾਂ ਨੂੰ ਮੋੜ ਆਓ।
ਆਪਣੇ ਹੀ ਖ਼ੂਨ ਵਿਚੋਂ ਬਦਬੂ ਕਿਉਂ ਮਾਰਦੀ ਹੈ?
ਸੱਦੋ ਤਬੀਬ ਕੋਈ ਤਸ਼ਖੀਸ ਤਾਂ ਕਰਾਓ।
ਹਰ ਦਰਿਆ ਅੱਗ ਦਾ ਹੈ, ਮੁਸ਼ਕਿਲ ਹੈ ਪਾਰ ਕਰਨਾ,
ਸਾਊ ਮੁਸਾਫ਼ਰਾਂ ਲਈ ਪਾਣੀ ਦੇ ਪੁਲ ਬਣਾਓ।
ਖ਼ੁਸ਼ਬੂ ਦਾ ਸੁਪਨਾ ਜੇਕਰ ਸਭ ਨੇ ਹੀ ਵੇਖਣਾ ਹੈ,
ਥਾਂ-ਥਾਂ 'ਤੇ ਗਮਲਿਆਂ ਵਿਚ ਸੂਹੇ ਗੁਲਾਬ ਲਾਓ।
ਖ਼ਬਰਾਂ ਦੇ ਮੂੰਹ ਹੈ ਲੱਗਾ ਅੱਜ ਖ਼ੂਨ ਆਦਮੀ ਦਾ,
ਏਨੇ ਤਾਂ ਹਿਸਿਆਰੇ ਅਖ਼ਬਾਰ ਨਾ ਬਣਾਓ।
ਪੂਜਾ ਸਥਾਨ ਪਹਿਲੇ ਨਾ ਰਾਸ ਉਸ ਨੂੰ ਆਏ,
ਤਰਸੇਮ ਵਾਸਤੇ ਕੋਈ ਮੰਦਿਰ ਨਵਾਂ ਬਣਾਓ।

- ਐਸ. ਤਰਸੇਮ

## ਕਵਿਤਾ

ਮਜ਼ਦੂਰ ਬੱਚਿਆਂ ਦੀ ਚੀਕ ਪੁਕਾਰ
ਇੱਕਵੀਂ ਸਦੀ ਵਿਚ ਵੀ ਰਾਜ ਕਰੂਗਾ ਪੂੰਜੀਵਾਦ।
ਮਿੱਲ੍ਹਾਂ 'ਤੇ ਖਾਂਨਾਂ 'ਚ ਰੁਲ ਗਈ, ਮਾਸੂਮਾਂ ਦੀ ਆਵਾਜ਼।
ਫੈਕਟਰੀਆਂ 'ਚ ਭੋਗਦੇ, ਦੁੱਖ ਉਹ ਬੇ-ਹਿਸਾਬ,
ਆਓ ਇਸ ਜ਼ਾਲਮ ਨੂੰ, ਕਰੀਏ-ਬੇ-ਨਕਾਬ।
ਉਹ ਬੱਚੇ ਮੰਗਦੇ ਮੌਤ ਨੇ, ਉਸ ਦੀ ਵੀ ਨਹੀਂ ਆਸ,
ਝੂਠੇ ਰੱਬ ਤੋਂ ਉਠ ਗਿਆ, ਉਨ੍ਹਾਂ ਦਾ ਵਿਸ਼ਵਾਸ।
ਜ਼ਹਿਰ ਰਲੇ ਧੂੰਏਂ 'ਚ ਦੱਬ ਘੁੱਟ ਗਏ ਸਵਾਸ,
ਇਸ ਜ਼ਾਲਿਮ ਪੂੰਜੀਵਾਦ ਤੋਂ ਨਾ ਕਰੋ ਭਲੇ ਦੀ ਆਸ।
ਐ ਮੇਰੇ ਦੇਸ਼ ਦੇ ਵਾਸੀਓ, ਸੁਣੋ ਮਾਸੂਮਾਂ ਦੀ ਪੁਕਾਰ,
ਕੁਦਰਤ ਦੇ ਨੇਮ ਦੇ ਉਲਟ ਹੈ ਜੋ ਹੋ ਰਿਹਾ ਅੱਤਿਆਚਾਰ।
ਪੂੰਜੀਵਾਦ ਦਾ ਦੈਂਤ ਰਿਹਾ ਮਾਸੂਮਾਂ ਨੂੰ ਮਾਰ,
ਚਿਮਨੀ ਦੇ ਧੂੰਏਂ 'ਚ ਉਡ ਗਏ, ਖੇਡਣ ਦੇ ਦਿਨ ਚਾਰ।
ਓ ਲੋਕੋ ਕੀ ਕਦੀ ਤੁਸੀਂ ਸੋਚਿਆ, ਕਿਉਂ ਮਾਸੂਮਾਂ ਦੇ ਅੱਖੀਂ ਨੀਰ?
ਇਸ ਧਨਵਾਨ ਦੇਸ਼ ਦੇ ਕਿਉਂ ਬੱਚੇ ਬਣੇ ਫਕੀਰ?
ਆਓ ਆਪਾਂ ਸਿਰਜੀਏ, ਖ਼ੁਦ ਆਪਣੀ ਤਕਦੀਰ,
ਆਓ ਆਪਾਂ ਸਿਰਜੀਏ, ਖ਼ੁਦ ਆਪਣੀ ਤਕਦੀਰ,
ਇਸ ਸ਼ੁਭ ਕਰਮਨ ਲਈ ਹੱਕੀਂ ਫੜੇ ਸ਼ਮਸ਼ੀਰ

- ਰਜਿੰਦਰ ਬੋਪਾਰਾਏ

## .ਗ਼ਜ਼ਲ

ਬਾਜ਼ਾਰ ਮਿਸਰ ਵਰਗੇ, ਕੂਫ਼ੇ ਜਿਹਾ ਨਗਰ ਹੈ।
ਦਾਮਨ ਲਹੂ ਭਰੇ ਪਰ, ਯੂਸਫ਼ 'ਤੇ ਹਰ ਨਜ਼ਰ ਹੈ।

ਇਕ ਦਿਨ ਹਿਸਾਬ ਮੰਗਣਾ, ਲੋਕਾਂ ਨੇ ਇਸ ਲਹੂ ਦਾ,
ਤਾਕਤ 'ਚ ਮਸਤ ਦਿੱਲੀ ਹਾਲੇ ਤਾਂ ਬੇਖ਼ਬਰ ਹੈ।

ਕੋਇਲ ਦੇ ਸੁਰ ਦਾ ਲੂਹਾ, ਜਗ-ਬੁਝ ਟਟਹਿਣਿਆਂ ਦੀ,
ਹੈ ਦਰਦ ਦੀ ਹੀ ਸੂਰਤ, ਸਾਡੀ ਹੀ ਕਮ ਨਜ਼ਰ ਹੈ।

ਮੀਨਾਰ ਮੰਮਟੀਆਂ 'ਤੇ, ਬੈਠੇ ਨੇ ਗਿੱਧ ਏਥੇ,
ਕਿਉਂ ਮੌਤ ਦਾ ਬਸੇਰਾ ਹਰ ਘਰ ਹੈ ਹਰ ਨਗਰ ਹੈ।

ਆਖ਼ਰ ਉਦਾਸ ਕਿਉਂ ਨੇ, ਰਾਹੀ ਵੀ ਰਹਿਨੁਮਾ ਵੀ,
ਰਸਤਾ ਹਿਯਾਤ ਦਾ ਹੈ ਜੋ ਮੌਤ ਦੀ ਡਗਰ ਹੈ।

ਨਾ ਝੜ ਗਏ ਨੂੰ ਰੋ ਤੂੰ ਨਾ ਬੁਝ ਗਏ ਦਾ ਗ਼ਮ ਕਰ,
'ਜਗਤਾਰ' ਸੋਚ ਉਸ ਦੀ ਤੇਰਾ ਜੋ ਹਮਸਫ਼ਰ ਹੈ।

- ਜਗਤਾਰ

## ਕਵਿਤਾ

ਕੂੜ ਭਰੇ ਫਰਮਾਨਾਂ ਤੋਂ ਡਰ ਲੱਗਦਾ ਹੈ।
ਨਵੇਂ ਬਣੇ ਭਗਵਾਨਾਂ ਤੋਂ ਡਰ ਲੱਗਦਾ ਹੈ।

ਐ ਹਾਕਮ! ਇਹ ਕੇਹੜੀ ਬੋਲੀ ਬੋਲ ਰਿਹੈਂ,
ਸਾਨੂੰ ਤਿਰੇ ਬਿਆਨਾ ਤੋਂ ਡਰ ਲੱਗਦਾ ਹੈ।

ਪਿੰਡੋਂ ਆਏ ਸਿੱਧੇ-ਪੱਧਰੇ ਬੰਦੇ ਨੂੰ,
ਸ਼ਹਿਰ ਦਿਆਂ ਇਨਸਾਨਾਂ ਤੋਂ ਡਰ ਲੱਗਦਾ ਹੈ।

ਸਾਡੀ ਮਾਂ ਦਾ ਆਟਾ ਭੁਲਦਾ ਜਾਂਦਾ ਏ,
ਤਾਹੀਉਂ ਹੋਰ ਜ਼ੁਬਾਨਾਂ ਤੋਂ ਡਰ ਲੱਗਦਾ ਹੈ।

ਇਸ ਥਾਂ ਤੇਰੇ ਪੁਰਖੇ ਸੁੱਤੇ ਘੂਕ ਪਏ,
ਤੈਨੂੰ ਕਿਉਂ ਸ਼ਮਸ਼ਾਨਾਂ ਤੋਂ ਡਰ ਲੱਗਦਾ ਹੈ।

ਮੇਰੀ ਮਾਂ ਤੋਂ ਚੂਰੀ ਖੋਹ ਕੇ ਲੈ ਚੱਲੇ,
ਸ਼ਹਿਰ ਦਿਆਂ ਪਕਵਾਨਾਂ ਤੋਂ ਡਰ ਲੱਗਦਾ ਹੈ।

'ਲੋਚੀ' ਕੈਦੀ ਹੋਇਆ ਬੰਦ ਮਕਾਨਾਂ ਦਾ,
ਤਾਹੀਉਂ ਰੌਸ਼ਨਦਾਨਾਂ ਤੋਂ ਡਰ ਲੱਗਦਾ ਹੈ।

- ਤ੍ਰੈਲੋਚਨ ਲੋਚੀ

## .ਗ਼ਜ਼ਲ

ਆਓ ਰਲ ਕੇ ਸੋਚੀਏ ਕਿੱਦਾਂ ਬਚਾਈਏ ਦੋਸਤੋ,
ਕੌਮ ਦੀ ਇਸ ਅਣਖ ਨੂੰ ਮੁੜ ਕੇ ਜਗਾਈਏ ਦੋਸਤੋ।
ਅਮਨ ਦੇ ਇਸ ਆਲ੍ਹਣੇ ਨੂੰ ਕੌਣ ਲਾਂਬੂ ਲਾ ਰਿਹਾ,
ਆਓ ਰਲ ਕੇ ਬੈਠੀਏ ਤੇ ਲੱਭ ਲਿਆਈਏ ਦੋਸਤੋ।
ਮਹਿਕਦੇ ਬਾਗਾਂ 'ਚ ਜ਼ਹਿਰ ਨਾ ਕੋਈ ਛਿੜਕ ਜੇ,
ਏਕਤਾ ਦੀ ਢਾਲ ਨੂੰ ਸ਼ਕਤੀ ਬਣਾਈਏ ਦੋਸਤੋ।
ਉਹ ਚੋਰ ਕਿਹੜਾ ਚੰਦਰਾ ਪਿਆਰਾਂ ਨੂੰ ਲਾਉਂਦਾ ਸੰਨ੍ਹ ਜੋ,
ਕਾਲੀ ਤੇ ਬੋਲੀ ਰਾਤ ਨੂੰ ਹੁਣ ਜਗਮਗਾਈਏ ਦੋਸਤੋ।
ਸਮੇਂ ਦੀ ਇਸ ਨਬਜ਼ ਨੂੰ ਮੁੜ ਕੇ ਪਛਾਣੋ ਸਾਥੀਓ,
ਤੇਜ਼ ਤੁਰਦੇ ਕਦਮ ਹੁਣ ਅੱਗੇ ਵਧਾਈਏ ਦੋਸਤੋ।

- ਸੁਰਜੀਤ ਸਿੰਘ ਕਾਉਂਕੇ

## .ਗ਼ਜ਼ਲ

ਰਾਖਿਆਂ ਦਾ ਕੀ ਕਰੇ ਇਤਬਾਰ ਕੋਈ!
ਚੋਰ ਰੋਕੇ ਹੁਣ ਨੇ ਪਹਿਰੇਦਾਰ ਕੋਈ?

ਦੇਸ਼ ਅੰਦਰ ਰਾਮ ਰੌਲਾ ਪੈ ਗਿਆ ਹੁਣ,
ਜਾਪਦੀ ਨੇ ਹੁਣ ਕਿਤੇ ਸਰਕਾਰ ਕੋਈ!

ਕੀ ਗੁਲਾਮਾਂ ਦੀ ਹਯਾਤੀ, ਵਿਕ ਗਏ ਸਭ,
ਕੇਸ-ਦਾੜ੍ਹੀ ਸੀਸ ਨਾ ਦਸਤਾਰ ਕੋਈ?

ਦੇਸ਼ ਮੇਰਾ ਖਾਣ ਸੋਨੇ ਦੀ ਕਦੇ ਸੀ,
ਕਿਉਂ ਭਲਾ ਹੁਣ ਨਾ ਮਿਲੇ ਰੁਜ਼ਗਾਰ ਕੋਈ?

- ਡਾ. ਗੁਰਚਰਨ ਸਿੰਘ ਔਲਖ

## ਬਾਬਲ ਦਾ ਦੇਸ

ਵਿਸਰਿਆ ਨਾ ਬਾਬਲ
ਨਾ ਬਾਬਲ ਸੁਧਰਮੀ ਦਾ ਦੇਸ
ਉਂਜ ਤਾਂ ਪਤਝੜਾਂ ਦੀ
ਰਹੀ ਨਜ਼ਰ ਸਵੱਲੀ
ਕਾਲੀਆਂ ਬੋਲੀਆਂ ਨ੍ਹੇਰੀਆਂ
ਲੈ ਗੀਆਂ ਉਡਾ ਕੇ
ਪੱਤ-ਪੀਲੇ ਤੇ ਕੱਖ-ਕਾਨ
ਬੜੇ ਰੰਗ-ਬਦਰੰਗ ਹੋਏ
ਚਰਖੇ ਦੇ ਗੇੜੇ ਹਰ ਲੱਗਿਆ ਰਿਹਾ
ਕੱਤਕ ਮਾਂਹ ਸਹਾਵੇ
ਕੂੰਜਾਂ ਦਾ ਆਵਣ-ਜਾਵਣ
ਪਰ ਨਾ ਵਿਸਰਿਆ ਬਾਬਲ
ਨਾ ਬਾਬਲ ਸੁਧਰਮੀ ਦਾ ਦੇਸ

ਅਗਨੀ-ਰੁਤੇ ਚਾ ਪਰਣਾਈ
ਓਗੜ ਦੇਸੀਂ ਜਾਂ ਜੜ੍ਹ ਲਾਈ
ਵਰ੍ਹੇ ਛਿਮਾਹੀਂ ਦਿਨ-ਦਿਹਾਰੀਂ
ਪਲ ਘੜੀਆਂ ਦਾ ਮੇਲਾ
ਬਾਬਲ ਜੂਹ 'ਚੋਂ ਮੁੜਨ ਦੁਹੇਲਾ
ਨੈਣੀਂ ਨੀਰ ਕਲੇਜੇ ਸਾਂਗਾਂ
ਕੈਸੇ ਵਣਜ ਵਿਹਾਜਣ ਤੁਰੀਆਂ
ਗ਼ਮ ਦੀ ਝੋਲ ਭਰਾ ਕੇ ਮੁੜੀਆਂ
ਪਰ ਨਾ ਵਿਸਰਿਆ ਬਾਬਲ
ਨਾ ਬਾਬਲ ਸੁਧਰਮੀ ਦਾ ਦੇਸ

ਭਰ ਵਰ ਆਈਆਂ
ਦਾਦੀ ਨਾਨੀ ਮਾਂ ਦੀਆਂ 'ਸੀਸਾਂ
ਵੇਲ ਵਧੀ ਦੁੱਧ-ਪੁਤੀਂ ਨਾਹਤੀਆਂ
ਮੋਹ ਦੀਆਂ ਤੰਦਾਂ
ਵਿੰਗ-ਵਲੇਵੇਂ ਪੀਚੀਆਂ ਗੰਢਾਂ
ਕੰਮੀ ਰੁਝੀਆਂ ਕੰਤ ਰਿਝਾਉਂਦੀਆਂ
ਬੁੱਢ-ਸੁਹਾਗਣ ਥੀਣ ਦੀ ਖਾਤਰ
ਦੇਵੀ ਦੇਹੁਰਾ ਪੀਰ ਮਨਾਉਂਦੀਆਂ
ਸੰਧਿਆ ਦੀਵਾ-ਵੱਟੀ ਕਰਕੇ
ਚਿੱਤ ਵਿਚ ਨਾਮ ਗੁਰਾਂ ਦਾ ਧਰਕੇ
ਆਜਿਜ਼ ਹੋ ਅਰਜ਼ੋਈਆਂ ਕਰਕੇ
ਸੁਖ ਦਾ ਬੀਤੇ ਸੁਖ ਦਾ ਆਵੇ
ਔਖੀ ਘੜੀ ਨਾ ਦੇਖਣ ਦੇਵੀਂ
ਜੀਅ-ਜੰਤ ਸਭ ਤੇਰਾ
ਮਿਹਰਾਂ ਵਾਲਿਆ ਸਾਈਆਂ
ਦਰ ਢੱਠੀ ਦਾ ਰੱਖੀਂ ਮਾਣਾ ਮੇਰਾ
ਕਹਿ ਕੇ ਬੇਫ਼ਿਕਰੀ ਹੋ ਜਾਵੇ
ਭੁੱਲ ਜੇ ਦੁੱਖ-ਸੁੱਖ ਝਗੜਾ ਝੇੜਾ
ਪਰ ਨਾ ਵਿਸਰਿਆ ਬਾਬਲ
ਨਾ ਬਾਬਲ ਸੁਧਰਮੀ ਦਾ ਦੇਸ

ਕਦੇ-ਕਦਾਈਂ ਰਾਤ-ਬਰਾਤੇ
ਵਿਛੜੀਆਂ ਕੂੰਜਾਂ ਕਰਲਾਵਣ
ਮਨ ਦੇ ਸਰਵਰ ਭਰ ਭਰ ਆਵਣ
ਯਾਦਾਂ ਡੂੰਘੀਆਂ ਟੁੱਭੀਆਂ ਲਾਵਣ
ਦੂਰ ਕਿਤੇ ਜਦ ਬਦਲੀ ਲਿਸ਼ਕੇ
ਬਾਬਲ ਜੂਹ ਤਕ ਲਸਰਾਂ ਜਾਵਣ
ਕਾਲ-ਦੇਸ ਦੀਆਂ ਹੱਦਾਂ ਲੰਘ ਕੇ
ਬਾਬਲ ਖੇੜੇ ਮੁੜ ਲੈ ਆਵਣ
ਪੌਣ ਦੀ ਤਾਲ 'ਤੇ ਪਿੱਪਲ ਪੱਤੀਆਂ
ਭਰਨ ਹੁੰਗਾਰੇ
ਰੂਹ ਤੱਕ ਪਾਉਣ ਲੰਗਾਰੇ, ਟੁਟਦੇ ਤਾਰੇ
ਹੌਲੀ-ਹੌਲੀ ਲੀਕ ਜਹੀ
ਅਸਮਾਨੋਂ ਮਿਟਦੀ
ਪਰ ਨਾ ਵਿਸਰਿਆ ਬਾਬਲ
ਨਾ ਬਾਬਲ ਸੁਧਰਮੀ ਦਾ ਦੇਸ

- ਸੁਖਦੇਵ ਸਿਰਸਾ

## ਸਮਝੌਤੇ ਦਾ ਮਸੌਦਾ-ਆਰਥਿਕ ਤਾਨਾਸ਼ਾਹੀ ਦਾ ਹੱਥਕੰਡਾ (ਸਫ਼ਾ 1 ਦੀ ਬਾਕੀ)

ਜਿਸ ਨਾਲ ਕਾਰਪੋਰੇਸ਼ਨਾਂ ਦਾ ਮੁਨਾਫ਼ਾ ਘਟੇਗਾ ਤਾਂ ਉਹ ਸਰਕਾਰ ਉਤੇ ਕਾਨੂੰਨੀ ਕਾਰਵਾਈ ਕਰ ਸਕਦੀਆਂ ਹਨ। ਨਾਲ ਹੀ ਜੇ ਸਰਕਾਰ ਕਾਰਪੋਰੇਸ਼ਨ ਤੋਂ ਉਤਪਾਦ ਮਾਲ ਜਾਂ ਸੇਵਾ ਦੀ ਗੁਣਵੱਤਤਾ ਮਿਆਰ ਵਧਾਉਣ ਦੀ ਮੰਗ ਕਰਦੀ ਹੈ ਤਾਂ ਵੀ ਕਾਰਪੋਰੇਸ਼ਨਾਂ ਆਪਣੇ ਮੁਨਾਫ਼ੇ ਘਟਨ ਦਾ ਹਵਾਲਾ ਦੇ ਸਕਦੀਆਂ ਹਨ। ਇਸ ਦਾ ਸਮੁੱਚਾ ਭਾਵ ਇਹ ਕਿ ਇਸ ਸਮਝੌਤੇ ਵਾਲੇ ਦੇਸ਼ਾਂ ਵਿਚ ਸਰਕਾਰ ਕਾਰਪੋਰੇਸ਼ਨਾਂ ਦੇ ਹੱਥਾਂ ਦਾ ਖਿਡੌਣਾ ਹੋਵੇਗੀ ਅਤੇ ਸਰਕਾਰ ਦੀ ਭੂਮਿਕਾ ਪ੍ਰਥਮ ਰੂਪ ਵਿਚ ਉਨ੍ਹਾਂ ਦੇ ਮੁਨਾਫ਼ੇ ਨੂੰ ਬਰਕਰਾਰ ਰੱਖਣ ਤੇ ਅਜਿਹੀ ਹਾਲਤ ਮੁਹੱਈਆ ਕਰਾਉਣ ਦੀ ਵਿਵਸਥਾ ਸਿਰਜਨਾ ਹੋਵੇਗਾ ਭਾਵ ਸਰਕਾਰ ਇਕ ਮੈਨੇਜਿੰਗ ਬਾਡੀ ਹੋਵੇਗੀ। ਸ਼ਿਕਾਗੋ ਦੇ ਅਰਥ ਸ਼ਾਸਤਰੀ ਫਰੈਂਡਰਿਕ ਹਾਈਕ ਅਤੇ ਜਾਹਨ ਮਿਡਰਲ ਦੇ ਸਿਧਾਂਤ ਨੂੰ ਸ਼ੁੱਧ ਰੂਪ ਵਿਚ ਲਾਗੂ ਕਰਨ ਵੱਲ ਪੁੱਟਿਆ ਕਦਮ ਹੀ ਹੈ-ਇਹ ਸਮਝੌਤਾ।

ਇਸ ਸਮਝੌਤੇ ਦੇ ਹੇਠ ਦਸਤਖਤ ਕਰਨ ਵਾਲੇ ਦੇਸ਼ਾਂ ਨੂੰ ਆਪਣੀਆਂ ਘਰੇਲੂ ਨੀਤੀਆਂ ਕਾਨੂੰਨ ਨਿਯਮ ਆਦਿ ਸਮਝੌਤੇ ਦੇ ਤਹਿਤ ਜਾਂ ਉਸ ਨਾਲ ਸਹਿਮਤੀ ਵਾਲੇ ਹੀ ਬਣਾਉਣੇ ਪੈਣਗੇ। ਸਮਝੌਤੇ ਦੇ ਤਹਿਤ ਜਿਥੇ ਇਹ ਗੱਲ ਹੈ ਕਿ ਸਰਕਾਰ ਨੂੰ ਸਰਕਾਰੀ ਖੇਤਰ ਦੇ ਅਦਾਰਿਆਂ ਅਤੇ ਨਿੱਜੀ ਖੇਤਰ ਦੇ ਅਦਾਰਿਆਂ ਵਿਚ ਕੋਈ ਅੰਤਰ ਨਹੀਂ ਕਰਨਾ ਹੋਵੇਗਾ। ਭਾਵ ਦੋਹਾਂ ਨੂੰ ਹਰ ਮਾਮਲੇ 'ਚ ਇਕੋ ਜਿਹੇ ਮੌਕੇ ਦੇਣੇ ਹੋਣਗੇ। ਸਰਕਾਰ ਆਪਣੇ (ਸਰਕਾਰੀ ਮਾਲਕੀ ਵਾਲੇ) ਅਦਾਰਿਆਂ ਨੂੰ ਕਿਸੇ ਤਰ੍ਹਾਂ ਦਾ ਵਿਸ਼ੇਸ਼ ਅਧਿਕਾਰ, ਸਬਸਿਡੀ, ਰਾਖਵਾਂਕਰਨ ਜਾਂ ਹੋਰ ਸਹੂਲਤਾਂ ਨਹੀਂ ਦੇ ਸਕਦੀ। ਅਜਿਹੀਆਂ ਸਹੂਲਤਾਂ ਨਿੱਜੀ ਖੇਤਰ ਨੂੰ ਦੇਣ ਲਈ ਵੀ ਵਚਨਬੱਧਤਾ ਹੋਵੇਗੀ। ਘਾਟੇ ਵਾਲੇ ਸਰਕਾਰੀ ਅਦਾਰਿਆਂ ਦਾ ਨਿੱਜੀਕਰਨ ਕਰਨ ਦੀ ਵੀ ਜ਼ੋਰਦਾਰ ਵਕਾਲਤ ਕੀਤੀ ਗਈ ਹੈ।

ਇਹਦੇ ਨਾਲ ਹੀ ਪੇਟੈਂਟ ਕਾਨੂੰਨ ਦਾ ਇਕ ਖਾਸ ਸਮੇਂ ਤੱਕ ਪਾਲਣਾ ਕਰਨ, ਇੰਟਰਨੈਟ ਦੀ ਨਿਗਰਾਨੀ ਕਰਨ ਆਦਿ ਦੇ ਅਧਿਕਾਰਾਂ ਦੀਆਂ ਗੱਲਾਂ ਵੀ ਹਨ।

ਜਿੰਨਾ ਕੁ ਇਸ ਮਸੌਦੇ ਦਾ ਤੱਤ ਬਾਹਰ ਆਇਆ ਹੈ, ਉਹ ਨਾ ਸਿਰਫ਼ ਲੋਕ ਵਿਰੋਧੀ ਹੀ ਹੈ ਸਗੋਂ ਰਾਜਕੀ ਢਾਂਚੇ ਵਲੋਂ ਵਚਨਬੱਧ ਕੀਤੇ ਗਏ ਜਮਹੂਰੀ ਅਧਿਕਾਰਾਂ ਨੂੰ ਵੀ ਵੱਡਾ ਨੁਕਸਾਨ ਪਹੁੰਚਾਉਣ ਵਾਲਾ ਹੈ। ਇਸ ਸਮਝੌਤੇ ਵਿਚ ਸ਼ਾਮਲ ਦੇਸ਼ ਜਿਵੇਂ ਅਸੀਂ ਪਹਿਲਾਂ ਇਸ਼ਾਰਾ ਕੀਤਾ ਇਕ ਪਾਸੇ ਸਮਾਰਾਜੀ ਦੇਸ਼ਹਨ ਦੂਸਰੇ ਪਾਸੇ ਗਰੀਬ ਦੇਸ਼ ਅਤੇ ਇਸ ਸਮਝੌਤੇ ਦੀ ਸਭ ਤੋਂ ਵੱਡੀ ਮਾਰ ਗਰੀਬ ਦੇਸ਼ਾਂ ਨੂੰ ਹੀ ਪੈਣ ਵਾਲੀ ਹੈ। ਉਥੋਂ ਦੀਆਂ ਸਰਕਾਰਾਂ ਕਾਰਪੋਰੇਸ਼ਨਾਂ ਦੀ ਸਿਧੀ ਗੁਲਾਮੀ ਹੇਠ ਕੰਮ ਕਰਨਗੀਆਂ ਅਤੇ ਇਨ੍ਹਾਂ ਦੇਸ਼ਾਂ ਦੀ ਮਿਹਨਤਕਸ਼ ਜਨਤਾ ਨੂੰ ਇਸ ਦੀ ਵੱਡੀ ਕੀਮਤ ਤਾਰਨੀ ਪਵੇਗੀ। ਇਹ ਬਸਤੀਵਾਦ ਦੇ ਦੌਰ ਨਾਲੋਂ ਵੀ ਖਤਰਨਾਕ ਵਿਵਸਥਾ ਵੱਲ ਸੰਕੇਤ ਹੈ ਅਤੇ ਇਨ੍ਹਾਂ ਦੇਸ਼ਾਂ ਦੇ ਜਮਹੂਰੀ ਪ੍ਰਬੰਧ ਢਾਂਚੇ ਤੇ ਕਾਨੂੰਨ ਵਿਵਸਥਾ ਤਾਂ ਢਹਿ-ਢੇਰੀ ਹੋ ਹੀ ਜਾਵੇਗੀ ਸਗੋਂ ਕਾਰਪੋਰੇਟੀ ਪੂੰਜੀ ਉਥੋਂ ਦੀ ਸਰਕਾਰ ਰਾਹੀਂ ਇਕ ਤਾਨਾਸ਼ਾਹ ਰਾਜ ਲੋਕਾਂ ਸਿਰ ਮੜ੍ਹ ਦੇਵੇਗੀ।

ਹਾਲਾਂਕਿ ਇਹ ਵੀ ਸੱਚ ਹੈ ਕਿ ਇਸ ਸਮਝੌਤੇ ਦਾ ਲਾਗੂ ਹੋਣਾ ਅਜੇ ਐਨਾ ਆਸਾਨ ਨਹੀਂ। ਮਿਸਾਲ ਲਈ ਇਸ ਸਮਝੌਤੇ ਅਧੀਨ ਮੈਡੀਕਲ ਖੇਤਰ ਦੀਆਂ ਫਾਰਮਾਂ ਕੰਪਨੀਆਂ ਨੂੰ ਆਪਣੇ ਪੇਟੈਂਟ 5 ਤੋਂ 8 ਸਾਲ ਤੱਕ ਲਾਗੂ ਰੱਖਣ ਦੀ ਗੱਲ ਕਹੀ ਗਈ ਹੈ ਜਦੋਂ ਕਿ ਹੁਣ ਤੱਕ ਅਮਰੀਕਨ ਕੰਪਨੀਆਂ ਤੇ ਕਾਨੂੰਨਾਂ ਮੁਤਾਬਕ ਪੇਟੈਂਟ ਲਾਭ 12 ਸਾਲ ਤੱਕ ਲੈਣ ਦਾ ਅਧਿਕਾਰ ਮਿਲਿਆ ਹੋਇਆ ਸੀ। ਹਾਲਾਂਕਿ ਇਸ ਸਮੇਂ ਦੌਰਾਨ ਇਹ ਕੰਪਨੀਆਂ ਟੈਕਨੀਕਲ 'ਚ ਥੋੜ੍ਹੀ ਹੇਰ ਫੇਰ ਕਰਕੇ ਨਵੇਂ ਨਾਂ ਹੇਠ ਨਵਾਂ ਪੇਟੈਂਟ ਦਰਜ ਵੀ ਕਰਵਾ ਲੈਂਦੀਆਂ ਹਨ ਪਰ ਫੇਰੀ ਵੀ ਅਮਰੀਕੀ ਫਾਰਮਾਂ ਕੰਪਨੀਆਂ ਨੇ ਇਸ ਸਮਝੌਤੇ ਵਿਰੁੱਧ ਗੰਢ-ਤੁੱਪ ਕਰਨੀ ਸ਼ੁਰੂ ਕਰ ਦਿੱਤੀ ਹੈ ਅਤੇ ਓਬਾਮਾ ਲਈ ਹੀ ਆਪਣੀ ਸੰਸਦ 'ਚ ਇਹਨੂੰ ਪਾਸ ਕਰਾਉਣਾ ਕੋਈ ਖਾਲਾ ਜੀ ਦਾ ਵਾੜਾ ਨਹੀਂ ਹੋਵੇਗਾ।

ਇਹੋ ਹਾਲ ਦੂਸਰੇ ਦੇਸ਼ਾਂ ਦਾ ਹੈ। ਜਾਪਾਨੀ ਆਟੋ ਕੰਪਨੀਆਂ ਆਟੋ ਦੇ 45 ਫੀਸਦੀ ਵਪਾਰ ਦਾ ਇਨ੍ਹਾਂ 12 ਦੇਸ਼ਾਂ ਵਿਚ ਆਪਸ ਵਿਚ ਕੀਤੇ ਜਾਣ ਦੀ ਵਿਵਸਥਾ ਨੂੰ ਲੈ ਕੇ ਚਿੰਤਤ ਹਨ। ਕਿਉਂਕਿ ਉਹਦੇ ਲਈ ਸਮਝੌਤੇ ਤੋਂ ਬਾਹਰ ਵੀ ਇਕ ਵੱਡੀ ਮਾਰਕੀਟ ਹੈ। ਇਸ ਸਮਝੌਤੇ ਨੂੰ ਅਮਰੀਕੀ ਹਕੂਮਤ ਤੇ ਹਾਕਮਾਂ ਵਲੋਂ ਚੀਨ ਦੀ ਉਸੇ ਚੁਣੌਤੀ ਨਾਲ ਨਿਪਟਣ ਦੇ ਕਦਮ ਵਜੋਂ ਵੀ ਵੇਖਿਆ ਜਾ ਰਿਹਾ ਹੈ ਜਿਹੜਾ ਉਹਦੀ ਆਰਥਿਕਤਾ ਲਈ ਇਕ ਚੈਲੰਜ ਬਣਿਆ ਖਲੋਤਾ ਹੈ। ਅਮਰੀਕਾ ਕਿਸੇ ਨਾ ਕਿਸੇ ਤਰ੍ਹਾਂ ਆਪਣੇ ਡਿੱਗ ਰਹੇ ਨਿਵੇਸ਼ ਨੂੰ ਬਣਾਈ ਰੱਖਣਾ ਚਾਹੁੰਦਾ ਹੈ। ਵਿਸ਼ਵ ਦੀ ਸਰਦਾਰੀ ਤੇ ਦਾਦਾਗਿਰੀ ਨੂੰ ਬਣਾਈ ਰੱਖਣ ਵਿਚ ਇਹ ਸਮਝੌਤਾ ਉਸ ਲਈ ਕੁਝ ਚਿਰ ਲਈ ਬਣਾਉਟੀ ਸਾਹ ਮੁਹੱਈਆ ਕਰਵਾ ਸਕਦਾ ਹੈ।

ਇਸ ਸਮਝੌਤੇ ਦੇ ਵਿਰੋਧ ਵਿਚ ਇਨ੍ਹਾਂ ਦੇਸ਼ਾਂ ਦੇ ਲੋਕ ਵੀ ਅਲੱਗ ਅਲੱਗ ਢੰਗਾਂ ਨਾਲ ਆਵਾਜ਼ ਉਠਾ ਰਹੇ ਹਨ। ਵਿਸ਼ਵ ਸੰਕਟ ਜਾਂ ਮੰਦਵਾੜੇ 'ਚੋਂ ਨਿਕਲਣ ਲਈ ਅਜਿਹੇ ਸਮਝੌਤੇ ਅੱਕੀਂ ਪਲਾਹੀਂ ਹੱਥ ਮਾਰਨ ਵਾਲੇ ਹੀ ਹਨ। ਅਮਰੀਕਾ, ਵਿਸ਼ਵ ਬੈਂਕ, ਆਈ. ਐਮ. ਐਫ. ਅਤੇ ਵਿਸ਼ਵ ਵਪਾਰ ਸੰਸਥਾ ਰਾਹੀਂ ਯੂਰਪ ਤੇ ਏਸ਼ੀਆ ਵਿਸ਼ੇਸ਼ ਕਰਕੇ ਭਾਰਤ ਵਰਗੇ ਦੇਸ਼ਾਂ ਉਤੇ ਵੀ ਇਸ ਵਿਚ ਸ਼ਾਮਲ ਹੋਣ ਲਈ ਦਬਾਅ ਪਾ ਸਕਦਾ ਹੈ। ਆਪਣੇ ਪ੍ਰਬੰਧ ਦੀ ਮੌਤ ਤੋਂ ਪਹਿਲਾਂ ਉਹ ਕਿਸੇ ਵੀ ਬੁਰੇ ਦੇ ਘਰ ਤੱਕ ਪਹੁੰਚ ਸਕਦਾ ਹੈ। ਵੈਸੇ ਵੀ ਕਾਰਪੋਰੇਟੀ ਪੂੰਜੀ ਲਈ ਅਜੋਕੀਆਂ ਜਮਹੂਰੀ ਵਿਵਸਥਾਵਾਂ ਰਾਹ ਵਿਚ ਰੋੜੇ ਦੇ ਸਮਾਨ ਹੀ ਹਨ। ਇਹੋ ਕਾਰਨ ਕਿ ਉਨ੍ਹਾਂ ਲਈ ਮੋਦੀ ਵਰਗੇ ਬੇਕਿਰਕ ਹਾਕਮ ਪਹਿਲੀ ਚੋਣ ਹਨ। ਜਿਹੜੇ ਜਮਹੂਰੀਅਤ ਦੇ ਪਰ ਕੱਟਣ ਵਿਚ ਭੂਮਿਕਾ ਨਿਭਾਉਣ। ਭਾਰਤ ਵਿਚ ਮੋਦੀ ਇਹ ਕਦਮ ਇਸ ਸਮਝੌਤੇ ਵਿਚ ਸ਼ਾਮਲ ਹੋਣ ਤੋਂ ਪਹਿਲਾਂ ਹੀ ਪੁੱਟ ਰਿਹਾ ਹੈ। ਉਹਦੇ ਮੇਕ ਇਨ ਇੰਡੀਆ ਪਿਛੇ ਇਓ ਸੱਚ ਲੁਕਿਆ ਹੋਇਆ ਹੈ। ਇਹ ਸਮਝੌਤਾ ਪ੍ਰਵਾਨ ਚੜ੍ਹੇ ਜਾਂ ਨਾ ਚੜ੍ਹੇ ਪਰ ਜਿਥੇ ਦੁਨੀਆ ਦੀਆਂ ਵਿਵਸਥਾਵਾਂ ਮੰਡੀ ਦੀ ਤਾਨਾਸ਼ਾਹੀ ਦੀ ਭੇਟ ਚੜ੍ਹ ਰਹੀਆਂ ਹਨ ਉਥੇ ਦੁਨੀਆ ਦੇ ਮਜ਼ਦੂਰਾਂ, ਮਿਹਨਤਕਸ਼ਾਂ ਲਈ ਇਕ ਸਾਂਝੇ ਸੰਘਰਸ਼ਾਂ ਵਲ ਲਿਜਾਣ ਦਾ ਵੀ ਰਾਹ ਸਾਫ਼ ਕਰ ਰਹੇ ਹਨ। ਦੁਨੀਆ ਦਾ ਸਾਂਝਾ ਦਰਸ਼ਮਣ-ਕਾਰਪੋਰੇਟੀ ਪੂੰਜੀ ਦੀ ਸਰਦਾਰੀ ਵਾਲਾ ਸਾਮਰਾਜ ਹੈ ਅਤੇ ਇਸ ਵਿਰੁੱਧ ਲੜਾਈ ਵੀ ਦੁਨੀਆ ਦੇ ਮਜ਼ਦੂਰਾਂ ਦੀ ਸਾਂਝੀ ਹੋਵੇਗੀਹ। ਜਿਹਦੀ ਤਿਆਰੀ ਹੁਣ ਤੋਂ ਵਿੱਢ ਦੇਣੀ ਬਣਦੀ ਹੈ।

093544-30211

## ਸੀਰੀਆ-ਇਰਾਕ ਅੰਦਰ ਖ਼ਾਨਾ-ਜੰਗੀ ਅਤੇ ਸਾਮਰਾਜੀ ਚਾਲਾਂ (ਸਫ਼ਾ 24 ਦੀ ਬਾਕੀ)

ਝੰਡੇ ਬਦਲੇ ਗਏ ਤੇ ਕਈ ਵਾਰੀ ਰਾਜ ਪਲਟੇ ਹੋਏ ਅਤੇ ਕਈ ਵਾਰੀ ਰਾਜਨੀਤਿਕ ਸਰਹੱਦਾਂ ਤਬਦੀਲ ਕੀਤੀਆਂ ਗਈਆਂ। 1970 ਤੋਂ 2000 ਤੱਕ ਹਾਫਿਜ਼ ਅਲ ਅਸਦ ਗੱਦੀ 'ਤੇ ਕਾਬਜ਼ ਰਿਹਾ ਜਿਸਦੇ ਮਰਨ ਪਿੱਛੋਂ ਉਸਦਾ ਪੁੱਤਰ ਬਸ਼ਰ ਅਲ ਅਸਦ ਗੱਦੀ ਤੇ ਕਾਬਜ਼ ਹੋਇਆ। 1970 ਵਿਆਂ ਤੋਂ ਇਸ ਹਕੂਮਤ ਦਾ ਝੁਕਾਅ ਰੂਸ ਵੱਲ ਬਣ ਗਿਆ ਸੀ। ਸਾਮਰਾਜੀ ਨਵੀਆਂ ਆਰਥਿਕ ਨੀਤੀਆਂ ਤਹਿਤ ਇਸਨੇ ਵਿਸ਼ੇਸ਼ ਰੂਪ 'ਚ ਸਰਵਿਸ ਸੈਕਟਰ ਚ ਵਿਸ਼ੇਸ਼ ਜ਼ੋਰ ਦਿੱਤਾ। ਇਹਨਾਂ ਨੀਤੀਆਂ ਨੇ ਦੇਸ਼ ਦੀ ਹਾਲਤ ਅੱਤ ਦੀ ਮਾੜੀ ਕਰ ਦਿੱਤੀ। ਜਿੱਥੇ ਘਰੇਲੂ ਆਮਦਨ 'ਚ ਸਰਵਿਸ ਸੈਕਟਰ ਦਾ 67% ਤੱਕ ਪਹੁੰਚ ਗਿਆ ਉੱਥੇ ਖੇਤੀਬਾੜੀ ਦਾ 17% ਤੇ ਸਨਅਤ ਦਾ 16% ਰਹਿ ਗਿਆ। ਸਿੱਕੇ ਦੇ ਫੈਲਾਅ ਨੇ 2014 ਤੱਕ 29.2% ਤੱਕ ਉੱਚਾਈ ਤਹਿ ਕਰ ਲਈ। ਪਿੰਡਾਂ 'ਚ ਉਜਾੜੇ ਨੇ ਬੇਰੁਜ਼ਗਾਰੀ 45% ਤੱਕ ਵਧਾ ਦਿੱਤੀ ਜਿਸਦੇ ਨਾਲ ਇਰਾਕੀ ਰਫ਼ਿਊਜੀਆਂ ਦੇ ਆਉਣ ਨੇ ਸੰਕਟ ਨੂੰ ਹੋਰ ਡੂੰਘਾ ਕਰ ਦਿੱਤਾ। ਇਸ ਸੰਕਟ ਨੂੰ 2008 ਤੋਂ ਸ਼ੁਰੂ ਹੋਏ ਸੰਸਾਰ ਸਾਮਰਾਜੀ ਦੇਸ਼ਾਂ ਦੇ ਸੰਕਟ ਤੋਂ ਅਲੱਗ ਕਰਕੇ ਨਹੀਂ ਦੇਖਿਆ ਜਾ ਸਕਦਾ। ਇਸ ਸੰਕਟ ਨੇ ਅਰਬ ਦੇਸ਼ਾਂ 'ਚ ਲੋਕਾਂ ਦੀ ਕਸੂਤੀ ਹਾਲਤ ਬਣਾਈ ਹੋਈ ਸੀਜਿਸ ਕਰ ਕੇ ਲੋਕਾਂ ਅੰਦਰ ਵਿਆਪਕ ਵਿਰੋਧ ਪੈਦਾ ਹੋਣਾ ਕੁਦਰਤੀ ਸੀ। ਇਸਨੂੰ ਜਮਹੂਰੀਅਤ ਦੀ ਸਥਾਪਤੀ ਲਈ ਤਾਨਾਸ਼ਾਹੀ ਖ਼ਿਲਾਫ਼ ਸੰਘਰਸ਼ ਦਾ ਨਾਂ ਦਿੱਤਾ ਗਿਆ। ਇਸਦਾ ਅਸਰ ਸੀਰੀਆ 'ਚ ਵੀ 2010 'ਚ ਸ਼ੁਰੂ ਹੋ ਗਿਆ। ਇਸ ਸੰਕਟ ਦਾ ਹੱਲ ਨਾ ਹੀ ਸੀਰੀਆ ਦੇ ਹਾਕਮਾਂ ਕੋਲ ਸੀ ਨਾ ਹੀ ਉਸਦੇ ਸਾਮਰਾਜੀ ਮਾਲਕਾਂ ਕੋਲ ਸੀ। ਸੋ ਇਸਨੂੰ ਜ਼ਬਰ ਰਾਹੀਂ ਦਬਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ। ਇਸ ਦੇਸ਼ ਚ ਲੱਗਭੱਗ 1963 ਤੋਂ ਹੀ ਐਮਰਜੈਂਸੀ ਵਾਲੀ ਹਾਲਤ ਬਣੀ ਆਉਂਦੀ ਸੀ। ਜਿਸ 'ਚ ਸਿਆਸੀ ਕੈਦੀਆਂ ਦੀ ਰਿਹਾਈ, ਜਮਹੂਰੀਅਤ ਸਥਾਪਿਤ ਕੀਤੀ ਜਾਵੇ, ਭ੍ਰਿਸਟਾਚਾਰ ਰੋਕਿਆ ਜਾਵੇ, ਬੇਰੁਜ਼ਗਾਰੀ ਖ਼ਤਮ ਕੀਤੀ ਜਾਵੇ ਆਦਿ ਵਰਗੀਆਂ ਮੰਗਾਂ ਤੇ ਉੱਠੇ ਉਭਾਰ ਨੂੰ ਅਮਰੀਕਾ ਸਮੇਤ ਪੱਛਮੀ ਸਾਮਰਾਜੀਆਂ ਤੇ ਉਨਾਂ ਦੀਆਂ ਪਿੱਠੂ ਤਾਕਤਾਂ ਨੇ ਆਪਣੇ ਪਿੱਛਾਖੜੀ ਮਕਸਦਾਂ ਲਈ ਹਥਿਆਰਬੰਦ ਕਰਦੇ ਹੋਏ ਵਰਤਿਆ। ਦੂਸਰੇ ਪਾਸੇ ਰੂਸ ਅਤੇ ਕੁੱਝ ਅਰਬ ਹਕੂਮਤਾਂ ਅਸਦ ਸਰਕਾਰ ਦੇ ਪੱਖ ਵਿੱਚ ਨਿੱਤਰ ਪਈਆਂ ਜਿਸਦਾ ਸਿੱਟਾ ਮੌਜੂਦਾ ਸੀਰੀਆ ਦਾ ਹਾਲ ਹੈ। ਇਸ 'ਚ ਕੁਰਦ ਕੌਮੀਅਤ ਦੇ ਲੋਕਾਂ ਦਾ ਵਿਰੋਧ ਵੀ ਸ਼ਾਮਿਲ ਹੈ। ਸਾਮਰਾਜੀਆਂ ਨੀਤੀਆਂ ਤਹਿਤ ਅਰਬ ਦੇਸ਼ਾਂ ਦੀ ਆਰਥਿਕ ਰਾਜਨੀਤਿਕ ਬੁਨਿਆਦ ਬਣੀ ਹੋਣ ਕਰਕੇ ਨਾ ਹੀ ਉੱਥੇ ਵੱਖ ਵੱਖ ਕੌਮੀਅਤਾਂ ਦਾ ਆਜ਼ਾਦ ਵਿਕਾਸ ਹੋਇਆ ਤੇ ਨਾ ਹੀ ਉਸ ਹਿਸਾਬ ਨਾਲ ਦੇਸ਼ਾਂ ਦੀ ਬਣਤਰ ਬਣੀ। ਜਿਸ ਕਰਕੇ ਕੁਰਦ ਕੌਮ ਇਰਾਕ, ਸੀਰੀਆ, ਇਰਾਨ, ਤੁਰਕੀ ਅਤੇ ਅਰਮੀਨੀਆ ਆਦਿ ਦੇਸ਼ਾਂ 'ਚ ਵੰਡੀ ਹੋਈ ਹੈ। ਇਸਦਾ ਸੰਘਰਸ਼ ਇਨਾਂ ਦੇਸ਼ਾਂ ਦੀ ਰਾਜੀਨੀਤੀ 'ਤੇ ਅਸਰ ਅੰਦਾਜ਼ ਹੈ। ਹੁਣ ਇਸਨੂੰ ਸੁੰਨੀ ਤੇ ਸ਼ੀਆ ਦੀ ਲੜਾਈ 'ਚ ਵੀ ਪਾਇਆ ਜਾ ਰਿਹਾ ਹੈ ਕਿਉਂਕਿ ਇਹ ਜ਼ਿਆਦਾ ਕਰਕੇ ਸੁੰਨੀ ਮੁਸਲਮਾਨ ਹਨ। ਇਸ ਕਰਕੇ ਜਦੋਂ ਇਰਾਕ ਤੇ ਸੀਰੀਆ ਦੀ ਗੱਲ ਕਰਦੇ ਹਾਂ ਤਾਂ ਇਸ ਵਿੱਚ ਕੁਰਦਾਂ ਦਾ ਰੋਲ ਆਉਣਾ ਕੁਦਰਤੀ ਹੈ ਜਿਨਾਂ ਨੂੰ ਵੱਖ ਵੱਖ ਦੇਸ਼ਾਂ ਦੀਆਂ ਪਿਛਾਂਹ ਖਿਚੂ ਸਰਕਾਰਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸੀਰੀਆ 'ਚ ਸਰਕਾਰ ਵਿਰੋਧੀ ਕਈ ਕੈਂਪ ਹਨ। ਇਨਾਂ ਬੁਨਿਆਦੀ ਮਸਲਿਆਂ ਦੇ ਨਾਲ ਅਯੋਗ ਕਰਾਰ ਦਿੱਤੇ ਗਏ ਫ਼ੌਜੀ ਵੀ ਹਨ ਜੋ ਸਰਕਾਰ ਖ਼ਿਲਾਫ਼ ਐੱਫ.ਐਸ.ਏ (ਫਰੀ ਸੀਰੀਅਨ) 'ਚ ਸ਼ਾਮਿਲ ਹੋਏ, ਜਿਨਾਂ ਦੀ ਤਿਆਰੀ ਤੁਰਕੀ 'ਚ ਹੋਈ। ਇਸ ਨਾਲ ਹੋਰ ਵੀ ਕਈ ਛੋਟੇ ਛੋਟੇ ਪੱਖ ਜੁੜੇ ਹੋਏ ਹਨ।

ਉਪਰੋਕਤ ਹਾਲਤ 'ਚ ਕਿਸੇ ਵੀ ਰੂਪ 'ਚ ਸੀਰੀਆ ਤੇ ਇਰਾਕ ਦਾ ਹੱਲ ਯੂ.ਐਨ.ਓ ਤੇ ਸਾਮਰਾਜੀ ਸ਼ਕਤੀਆਂ ਅਤੇ ਇਨਾਂ ਦੇ ਪਿੱਠੂਆਂ ਸਮੇਤ ਧਾਰਮਕਿ ਮੂਲਵਾਦੀ ਆਂ ਕੋਲੋਂ ਨਹੀਂ ਲੱਭਿਆ ਜਾ ਸਕਦਾ। ਇਹ ਗੱਲ ਯਕੀਨ ਨਾਲ ਕਹੀ ਜਾ ਸਕਦੀ ਹੈ ਕਿ ਜੋ ਵੀ ਹੱਲ ਯੂ.ਐਨ.ਓ, ਸਾਮਰਾਜੀ ਸ਼ਕਤੀਆਂ ਤੇ ਇਨਾਂ ਦੇ ਪਿੱਠੂ ਕਰਨਗੇ ,ਉਸਦਾ ਨਤੀਜਾ ਸੰਸਾਰ ਲਈ ਹੋਰ ਵੀ ਘਾਤਕ ਹੋਵੇਗਾ। ਬੇਸ਼ੱਕ ਉਸ 'ਚ ਵਿਚੋਲਗੀ ਚੀਨ ਕਰਦਾ ਜਾਂ ਕੋਈ ਹੋਰ, ਇਸ ਨਾਲ ਕੁੱਝ ਫ਼ਰਕ ਨਹੀਂ ਪੈਣ ਲੱਗਾ। ਇਸਦਾ ਲੋਕਪੱਖੀ ਹੱਲ ਕੌਮਾਂਤਰੀ ਕਮਿਊਨਿਸਟ ਲਹਿਰ ਨੂੰ ਮਜ਼ਬੂਤ ਕਰਨ ਦੇ ਅੰਗ ਵਜੋਂ ਸੀਰੀਆ, ਇਰਾਕ ਕਮਿਊਨਿਸਟ ਇਨਕਲਾਬੀ ਸ਼ਕਤੀਆਂ ਨੂੰ ਮਜ਼ਬੂਤ ਕਰਨ ਅਤੇ ਇਸ ਰਾਹੀਂ ਨਵ-ਜਮਹੂਰੀ ਇਨਕਲਾਬ ਕਰਨ 'ਚ ਪਿਆ ਹੈ। ਜਿਸ ਰਾਹੀਂ ਸਾਮਰਾਜਵਾਦ ਅਤੇ ਉਸ ਦੀਆਂ ਪਿੱਠੂ ਲੁਟੇਰੀਆਂ ਸ਼ਕਤੀਆਂ ਦਾ ਖ਼ਾਤਮਾ ਜ਼ਰੂਰੀ ਹੈ। ਲੋਕਾਸ਼ਾਹੀ ਦੀ ਸਥਾਪਤੀ, ਜਿਸਦੀ ਮੰਜ਼ਿਲ ਕਮਿਊਨਿਜਮ ਹੋਵੇ, ਦੀ ਸਥਾਪਤੀ ਵਿੱਚ ਹੀ ਵੱਖ ਵੱਖ ਮਿਹਤਨਕਸ਼ ਜਮਾਤਾਂ ਅਤੇ ਕੌਮੀਅਤਾਂ ਦੇ ਲੋਕਾਂ ਦੀ ਖ਼ੁਸ਼ਹਾਲੀ, ਵਿਕਾਸ ਤੇ ਆਜ਼ਾਦੀ ਪਈ ਹੈ। ਸੰਸਾਰ ਦੀਆਂ ਕਮਿਊਨਿਸਟ ਇਨਕਲਾਬੀ ਸ਼ਕਤੀਆਂ ਸਾਹਮਣੇ ਇਹ ਬਹੁਤ ਵੱਡਾ ਸਵਾਲ ਹੈ ਜਿਵੇਂ ਅਰਬ ਦੇਸ਼ਾਂ 'ਚ ਲੋਕਾਂ ਦਾ ਖ਼ੂਨ ਡੁੱਲ ਰਿਹਾ ਹੈ ਪਰ ਉਹ ਇਨਕਲਾਬੀ ਅਗਵਾਈ ਤੋਂ ਬਿਨਾਂ ਅਜਾਈਂ ਜਾ ਰਿਹਾ ਹੈ। ਜੋ ਮੰਗ ਕਰ ਰਿਹਾ ਹੈ ਕਿ ਕੌਮਾਂਤਰੀ ਕਮਿਊਨਿਸਟ ਲਹਿਰ ਮਜ਼ਬੂਤ ਹੋਵੇ ਅਤੇ ਸੰਸਾਰ ਪੂੰਜੀਵਾਦੀ ਪ੍ਰਬੰਧ ਦਾ ਖ਼ਾਤਮਾ ਕਰੇ।

## ਲੋਰੀਆਂ ਦੇ ਕਤਲ ਤੋਂ ਬਾਅਦ ਕੀਰਨਿਆਂ ਦੀ ਬੋਲੀ (ਸਫ਼ਾ 32 ਦੀ ਬਾਕੀ)

ਮਹਿਕਮਿਆਂ, ਸਰਕਾਰ, ਸਿਆਸੀ ਧਿਰਾਂ, ਮਨੁੱਖੀ ਹਕੂਕ ਕਮਿਸ਼ਨਾਂ, ਨਿਆਂ-ਪ੍ਰਣਾਲੀ ਅਤੇ ਮਨੁੱਖੀ ਹਕੂਕ ਜਥੇਬੰਦੀਆਂ ਨੇ ਪਰਵਾਸੀ ਮਜ਼ਦੂਰਾਂ ਦੇ ਕਤਲਾਂ ਨੂੰ ਕੁਦਰਤੀ ਮੌਤਾਂ ਵਜੋਂ ਪ੍ਰਵਾਨ ਕਰ ਲਿਆ ਹੈ? ਕੀ ਵਿਸ਼ਵੀਕਰਨ ਅਤੇ ਉਦਾਰੀਕਰਨ ਦੀ ਮੂੰਹਜ਼ੋਰੀ ਨੇ ਮਜ਼ਦੂਰ ਜਥੇਬੰਦੀਆਂ ਨੂੰ ਮੁਆਵਜ਼ੇ ਦੀ ਮੰਗ ਤੱਕ ਮਹਿਦੂਦ ਕਰ ਦਿੱਤਾ ਹੈ? ਕੀ 'ਨਿਮਾਣੇ-ਨਿਤਾਣੇ ਦੇ ਮਾਣ-ਤਾਣ' ਦੀ ਅਰਦਾਸ ਆਪਣੇ-ਪਰਾਏ ਦੀ ਪਛਾਣ ਦਾ ਹੁਨਰ ਸਿੱਖ ਗਈ ਹੈ? ਇਨ੍ਹਾਂ ਹਾਲਾਤ ਵਿੱਚ ਇਹ ਨਿਚੋੜ ਕੱਢਣਾ ਕਿੰਨਾ ਕੁ ਗ਼ਲਤ ਹੈ ਕਿ ਜੇ 'ਬੱਸ ਹਾਦਸਿਆਂ' ਵਿੱਚ ਕੀਤੇ 'ਕਤਲਾਂ' ਦੀਆਂ ਲਾਸ਼ਾਂ ਖਰੀਦੀਆਂ ਅਤੇ ਸੜਕਾਂ ਉੱਤੇ ਘੜੀਸੀਆਂ ਜਾ ਸਕਦੀਆਂ ਹਨ ਤਾਂ ਪਰਵਾਸੀ ਮਜ਼ਦੂਰਾਂ ਦੀਆਂ ਲਾਸ਼ਾਂ ਲਈ ਇਨਸਾਫ਼ ਦੀ ਤਵੱਕੋ ਕਰਨਾ ਕੁਫ਼ਰ ਹੈ। ਅੰਮ੍ਰਿਤਸਰ ਦੇ ਕਾਰਖ਼ਾਨਿਆਂ ਵਾਲਿਆਂ ਦਾ ਖ਼ਾਸਾ 'ਸਰਕਾਰੀ ਸਰਪ੍ਰਸਤੀ ਵਿੱਚ ਚੱਲਦੀਆਂ ਨਿੱਜੀ ਬੱਸਾਂ' ਨਾਲ ਮੇਲ ਖਾਂਦਾ ਹੈ। ਇਸ ਖ਼ਾਸੇ ਦੀਆਂ ਰਮਜ਼ਾਂ ਭਾਵੇਂ ਭ੍ਰਿਸ਼ਟਾਚਾਰ ਵਿੱਚੋਂ ਲੱਭੀਆਂ ਜਾਣ ਜਾਂ ਪੰਜਾਬ ਦੇ ਵਿਕਾਸ ਲਈ ਲੋੜੀਂਦੇ 'ਸਨਅਤੀ ਵਿਕਾਸ' ਦੀ ਦਲੀਲ ਵਿੱਚੋਂ ਸਮਝੀਆਂ ਜਾਣ ਪਰ ਇਹ ਲਾਸ਼ਾਂ ਮੌਜੂਦਾ ਦੌਰ ਦੀ ਬੇਕਿਰਕੀ ਦੀ ਨਿਸ਼ਾਨਦੇਹੀ ਕਰਦੀਆਂ ਹਨ। ਇਨ੍ਹਾਂਲਾਸ਼ਾਂ ਲਈ ਇਨਸਾਫ਼ ਦਾ ਸੁਆਲ ਮੌਜੂਦਾ ਦੌਰ ਦੇਨਿਜ਼ਾਮ, ਸਰਕਾਰ, ਸਿਆਸਤ ਅਤੇ ਧਰਮ ਲਈ ਮਾਅਨੇ ਨਹੀਂ ਰੱਖਦਾ। ਇਹ ਜ਼ਰੂਰੀ ਨਹੀਂ ਕਿ ਨੀਰਜ, ਅੰਕੁਰ, ਰਾਮ ਸਿੰਘ, ਸ਼ਾਲਿਨੀ ਅਤੇ ਗੋਲੂ ਦੀਆਂ ਲਾਸ਼ਾਂ ਮੁਆਵਜ਼ੇ, ਨਜ਼ਰਅੰਦਾਜ਼ੀ ਅਤੇ ਫ਼ੌਰੀ ਸਿਆਸੀ ਲਾਹਿਆਂ ਦੀ ਸਿਆਸਤ ਦੇ ਬਾਲਣ ਵਿੱਚ ਫ਼ਨਾਹ ਹੋ ਜਾਣ। ਸ਼ਰਮ ਅਤੇ ਧਰਮ ਤੋਂ ਨਿਖੇੜਾ ਕਰ ਕੇ ਬੈਠੇ ਨਿਜ਼ਾਮ ਅਤੇ ਸਮਾਜਦੀਆਂ ਕੰਨੀਆਂ ਵਿੱਚ ਇਹ ਸੁਆਲ ਤਾਂ ਕਾਇਮ ਰਹੇਗਾ ਕਿ ਇਨ੍ਹਾਂ ਲਾਸ਼ਾਂ ਨੂੰ ਮੁਖ਼ਾਤਬ ਹੋਣਾ ਸਾਡੀ ਜ਼ਿੰਮੇਵਾਰੀ ਕਿਉਂ ਨਹੀਂ? ਮੌਤ ਦੇ ਖ਼ਦਸ਼ਿਆਂ ਵਿੱਚ ਡੰਗ-ਕਟੀ ਕਰਦੀ ਲੋਕਾਈ ਦੀ ਜ਼ਿੰਦਗੀ ਸੱਭਿਅਤਾ ਲਈ ਸੁਆਲਕਿਉਂ ਨਹੀਂ ਬਣੀ? ਜਿਸ ਦੌਰ ਨੇ ਨੀਰਜ, ਅੰਕੁਰ, ਸ਼ਾਲਿਨੀ ਅਤੇ ਗੋਲੂ ਨੂੰ ਲੋਰੀਆਂ ਦੇਣ ਤੋਂ ਇਨਕਾਰ ਕੀਤਾ ਹੈ ਉਸ ਨੂੰ ਆਪਣੇ ਬੱਚਿਆਂ ਨੂੰ ਜੇਲ੍ਹਾਂ ਵਿੱਚ ਢੱਕਣ ਦਾ ਬੰਦੋਬਸਤ ਕਰਨਾ ਪਵੇਗਾ। ਜੇ ਬੱਚਿਆਂ ਨੂੰ ਲੋਰੀਆਂ ਨਹੀਂ ਦੇਣੀਆਂ ਤਾਂ ਬਾਲ ਅਪਰਾਧੀਆਂ ਨੂੰ ਸਜ਼ਾ ਦੇਣ ਦੇ ਪੁਖ਼ਤਾ ਕਾਨੂੰਨ ਬਣਾਉਣੇ ਪੈਣਗੇ। ਬਾਲ ਅਪਰਾਧੀਆਂ ਨੂੰ ਸਜ਼ਾ ਦੇਣ ਲਈ ਪੁਖ਼ਤਾ ਕਾਨੂੰਨ ਬਣਾਉਣ ਦੀ ਮੰਗ ਕਰਨ ਵਾਲੀ ਮੁਲਕ ਦੀ 'ਜ਼ਮੀਰ' ਨੇ ਨੀਰਜ, ਅੰਕੁਰ, ਸ਼ਾਲਿਨੀ ਅਤੇ ਗੋਲੂ ਦੇ ਕਤਲਾਂ ਵੇਲੇ ਜਾਗਣ ਤੋਂ ਇਨਕਾਰ ਕੀਤਾ ਹੈ ਜੋ ਸਬੱਬ ਨਹੀਂ ਹੋ ਸਕਦਾ।ਨੀਰਜ, ਅੰਕੁਰ, ਸ਼ਾਲਿਨੀ ਅਤੇ ਗੋਲੂ ਦੇ ਹਿੱਸੇ ਦੀਆਂ ਲੋਰੀਆਂ ਨੂੰ ਬੇਕਿਰਕੀ ਦੇ ਹਵਾਲੇ ਕਰਨ ਵਾਲਾ ਨਿਜ਼ਾਮ ਹੁਣ ਕੀਰਨਿਆਂ ਦੀ ਬੋਲੀ ਲਗਾ ਰਿਹਾ ਹੈ। ਕੀ ਮੌਜੂਦਾ ਦੌਰ ਦਾ ਸੱਚ 'ਅੰਤਿਮ ਸੱਚ' ਹੈ?

## ਇੰਝ ਬਦਲੀ ਜ਼ਿੰਦਗੀ ਮੇਰੀ

ਮਨੁੱਖੀ ਜ਼ਿੰਦਗੀ ਵਿੱਚ ਅਚਾਨਕ ਕੋਈ ਅਜਿਹੀ ਘਟਨਾ ਵਾਪਰਦੀ ਹੈ, ਜੋ ਉਸਦੀ ਸੋਚ ਨੂੰ ਬਦਲ ਕੇ ਰੱਖ ਦਿੰਦੀ ਹੈ। ਪਹਿਲੀ ਘਟਨਾ ਜਿਸਨੇ ਮੈਨੂੰ ਕਲਮ ਚੁੱਕਣ ਲਈ ਮਜਬੂਰ ਕੀਤਾ, ਉਹ ਇਹ ਸੀ ਕਿ ਸਾਡੇ ਪਿੰਡ ਕਿਸੇ ਘਰ ਲੜਕੀ ਨੇ ਜਨਮ ਲਿਆ, ਪਰ ਉਸਨੂੰ ਸੁੱਟ ਦਿੱਤਾ ਗਿਆ, ਉਸਨੂੰ ਕੁੱਤਿਆਂ ਨੇ ਨੋਚ ਨੋਚ ਕੇ ਖਾ ਲਿਆ। ਇਸ ਘਟਨਾ ਨੇ ਮੇਰੇ ਮਨ ਨੂੰ ਬਹੁਤ ਝੰਜੋੜਿਆ। ਮੈਂ ਆਪਣੀ ਪਹਿਲੀ ਕਵਿਤਾ "ਧੀ ਦੀ ਪੁਕਾਰ" ਲਿਖੀ। ਕੁੱਝ ਦਿਨ ਬਾਅਦ ਸਾਡੇ ਸਕੂਲ ਵਿੱਚ ਰਣਦੀਪ ਸਰ ਆਏ, ਉਹ ਸਾਡੇ ਗੁਆਂਢੀ ਪਿੰਡ ਸੰਗਤਪੁਰਾ ਤੋਂ ਹਨ। ਜਦੋਂ ਮੈਂ ਸਰ ਨੂੰ ਉਸ ਘਟਨਾ ਬਾਰੇ ਦੱਸਿਆ ਅਤੇ ਆਪਣੀ ਕਵਿਤਾ ਪੜ੍ਹਾਈ ਤਾਂ ਉਹਨਾਂ ਨੇ ਮੈਨੂੰ ਦੱਸਿਆ ਕਿ ਅਜਿਹੇ ਸਮਾਜ ਨੂੰ ਬਦਲਣ ਦੀ ਜ਼ਿੰਮੇਵਾਰੀ ਸਾਡੀ ਸਭਦੀ ਹੈ। ਉਹਨਾ ਵੱਲੋਂ ਦਿੱਤੀਆਂ ਕਿਤਾਬਾਂ ਪੜ੍ਹਕੇ ਮੈਨੂੰ ਪਤਾ ਲੱਗਾ ਕਿ ਸਾਡੀ ਜ਼ਿੰਦਗੀ ਦਾ ਅਸਲ ਮਕਸਦ ਕੀ ਹੋਣਾ ਚਾਹੀਦਾ ਹੈ। ਸਾਲ 2013 ਵਿੱਚ ਮੈਨੂੰ ਸਕੂਲ ਮੈਗਜ਼ੀਨ "ਚਿਰਾਗ" ਦੀ ਵਿਦਿਆਰਥੀ-ਸੰਪਾਦਕ ਬਣਨ ਦਾ ਮੌਕਾ ਮਿਲਿਆ, ਜਿਸਨੂੰ ਮੈਂ ਬਹੁਤ ਮਿਹਨਤ ਨਾਲ ਨਿਭਾਇਆ। ਮੈਗਜ਼ੀਨ ਦੇ ਲੋਕ-ਅਰਪਣ ਵਾਲੇ ਦਿਨ ਆਏ ਨਾਟਕਕਾਰ ਪ੍ਰੋ. ਅਜਮੇਰ ਔਲਖ, ਬਲਬੀਰ ਚੰਦ ਲੌਂਗੋਵਾਲ ਨੇ ਮੈਨੂੰ ਬਹੁਤ ਹੱਲਾਸ਼ੇਰੀ ਦਿੱਤੀ।

ਸਮੇਂ-ਸਮੇਂ ਅਧਿਆਪਕਾਂ ਵੱਲੋਂ ਮਿਲਦੀ ਅਗਵਾਈ 'ਤੇ ਚੱਲ ਕੇ ਅਸੀਂ ਆਪਣੀ ਜ਼ਿੰਦਗੀ ਬਦਲ ਸਕਦੇ ਹਾਂ। ਸਵੈ-ਪੜਚੋਲ ਕਰਨਾ ਵੀ ਸਾਨੂੰ ਜ਼ਿੰਦਗੀ ਦੇ ਬਦਲਾਅ ਲਈ ਸਹਾਈ ਹੁੰਦਾ ਹੈ। ਸਿਰਫ ਆਪਣੇ ਬਾਰੇ ਨਾ ਸੋਚ ਕੇ ਸਮਾਜ ਲਈ ਸੋਚਣਾ ਵੀ ਜ਼ਿੰਦਗੀ ਹੁੰਦਾ ਹੈ। ਸਾਡੀ ਜ਼ਿੰਦਗੀ ਵਿੱਚ ਵੱਧ ਤੋਂ ਵੱਧ ਸਿੱਖਣ ਦੀ ਇੱਛਾ ਹੋਣੀ ਚਾਹੀਦੀ ਹੈ ਅਤੇ ਕੁੱਝ ਕਰ ਕੇ ਵਿਖਾਉਣ ਦਾ ਜਨੂੰਨ ਹੋਣਾ ਚਾਹੀਦਾ ਹੈ।

**ਪਰਮਿੰਦਰ ਕੌਰ ਬਾਜਵਾ**
97794-85905

# ਭਾਰਤੀ ਸਿਆਸਤਦਾਨਾਂ ਲਈ ਜੁਵਾਬਦੇਹੀ ਜਰੂਰੀ

(ਸਫ਼ਾ 31 ਦੀ ਬਾਕੀ)

ਢਾਂਚਾ ਅਪਨਾ ਲਿਆ। ਆਧੁਨਿਕ ਭਾਰਤ ਅਤੇ ਇਸ ਦੇ ਵਿਕਾਸ ਨੂੰ ਜੋ ਇਸ ਅਫਸਰਸ਼ਾਹੀ ਨੇ ਨੁਕਸਾਨ ਪਹੁੰਚਾਇਆ ਇਸ ਦੀ ਮਿਸਾਲ ਵੀ ਕਿਧਰੇ ਨਹੀਂ ਮਿਲਦੀ। ਕਾਂਗਰਸ ਪਾਰਟੀ ਨੇ ਪੰਡਤ ਜਵਾਹਰ ਲਾਲ ਨਹਿਰੂ ਅਤੇ ਉਸ ਦੇ ਪਰਿਵਾਰਿਕ ਉਤਰਾਧਿਕਾਰੀਆਂ ਦੀ ਦੇਖ-ਰੇਖ ਵਿਚ ਭਾਰਤ ਅੰਦਰ ਲੋਕਤੰਤਰ ਢਾਂਚੇ ਅਨੁਸਾਰ ਸਾਸ਼ਨ ਲੰਬਾ ਚਿਰ ਚਲਾਇਆ। ਲੇਕਿਨ ਭਾਰਤੀ ਲੋਕਤੰਤਰ ਵਿਵਸਥਾ ਨੂੰ ਪਰਿਵਾਰਵਾਦ, ਏਕਾਧਿਕਾਰਵਾਦ, ਅਸਹਿਣਸ਼ੀਲਤਾ, ਸੈਂਸਰਸ਼ਿਪ, ਸੰਵਿਧਾਨਿਕ ਉਲੰਘਣਾਵਾਂ, ਵਿਰੋਧੀਆਂ ਨੂੰ ਤੰਗ ਕਰਨਾ ਅਤੇ ਧਮਕਾਉਣਾ, ਫਿਰਕੂ ਭਾਂਬੜਾਂ ਨਾਲ ਲੂਹਣਾ, ਭ੍ਰਿਸ਼ਟਾਚਾਰ ਰਾਹੀਂ ਲੁੱਟਣਾ ਆਦਿ ਨਾਲ ਬੁਰੀ ਤਰ੍ਹਾਂ ਦਾਗ਼ੀ ਅਤੇ ਕਮਜ਼ੋਰ ਬਣਾ ਕੇ ਰੱਖ ਦਿੱਤਾ। ਭਾਰਤੀ ਲੋਕਤੰਤਰੀ, ਧਰਮ ਨਿਰਪੱਖ ਅਤੇ ਲਿਬਰਲ ਢਾਂਚੇ ਦਾ ਹੁਲੀਆ ਬਦਲ ਰੱਖ ਕੇ ਰੱਖ ਦਿੱਤਾ। ਅੱਜ ਲੋਕ ਸਭਾ ਵਿਚ ਦੇਸ਼ ਆਜ਼ਾਦੀ ਬਾਅਦ ਸ਼ਰਮਨਾਕ ਗਿਣਤੀ ਦੇ 45 ਮੈਂਬਰ ਹੋਣ ਦੇ ਬਾਵਜੂਦ ਇਸ ਦੀ ਨਹਿਰੂ-ਗਾਂਧੀ ਪਰਿਵਾਰ ਦੀ ਆਗੂ ਹੰਕਾਰ ਭਰੀ ਸੋਚ ਦੀ ਸ਼ਿਕਾਰ ਹੋਈ ਕਹਿੰਦੀ ਹੈ, "ਮੈਂ ਇੰਦਰਾ ਗਾਂਧੀ ਦੀ ਬਹੂ ਹੂੰ, ਮੈਂ
ਕਿਸੀ ਸੇ ਨਹੀਂ ਡਰਤੀ।"

ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਲੋਕ ਸਭਾ ਵਿਚ ਬਹੁਮਤ ਪ੍ਰਾਪਤ ਕਰਨ ਕਰਕੇ ਵਿਰੋਧੀ ਧਿਰ ਦੇ ਆਗੂਆਂ ਦਾ ਸਨਮਾਨ ਕਰਨਾ ਭੁੱਲ ਗਏ। ਕਾਂਗਰਸ ਉਪ ਪ੍ਰਧਾਨ ਸ਼੍ਰੀ ਰਾਹੁਲ ਗਾਂਧੀ ਮੂਰਖ ਅਤੇ ਵਿਗੜੈਲ ਬਚੂੰਗੜਾ ਸਮਝਦੇ ਹਨ, ਅਰਵਿੰਦ ਕੇਜਰੀਵਾਲ ਨੂੰ ਅਰਾਜਕਤਾਵਾਦੀ ਗ੍ਰੋਹ ਦਾ ਸਰਗਣਾ, ਸ਼੍ਰੀ ਲਾਲੂ ਪ੍ਰਸਾਦ ਯਾਦਵ ਨੂੰ ਭ੍ਰਿਸ਼ਟ ਆਗੂ, ਸ਼੍ਰੀ ਨਿਤਿਸ਼ ਕੁਮਾਰ ਦੇ ਡੀ.ਐਨ.ਏ. ਦੀ ਖਿੱਲੀ ਉਡਾਉਂਦੇ ਅਤੇ ਬੀਬੀ ਮਮਤਾ ਬੈਨਰਜੀ ਨੂੰ ਝਗੜਾਲੂ ਆਦਿ। ਹੈਰਾਨਗੀ ਤਾਂ ਇਹ ਹੈ ਕਿ ਦਿੱਲੀ ਤੋਂ ਬਾਅਦ ਬਿਹਾਰ ਵਿਚ ਸ਼ਰਮਨਾਕ ਹਾਰ ਬਾਅਦ ਵੀ ਵਿਰੋਧੀ ਧਿਰ ਨੂੰ ਮਾਨਤਾ ਦੇਣ ਲਈ ਤਿਆਰ ਨਹੀਂ। ਕਾਂਗਰਸ ਪਾਰਟੀ ਨੂੰ ਦੇਸ਼ ਵਿਚ ਕਰੋੜਾਂ ਲੋਕਾਂ ਦੀ ਹਮਾਇਤ ਦੇ ਬਾਵਜੂਦ ਲੋਕ ਸਭਾ ਵਿਚ ਉਸ ਦੇ ਆਗੂ ਨੂੰ ਵਿਰੋਧੀ ਧਿਰ ਦਾ ਦਰਜਾ ਨਹੀਂ ਦਿੱਤਾ ਗਿਆ। ਕੀ ਲੋਕਤੰਤਰ ਇਵੇਂ ਚੱਲਦਾ ਹੈ?

ਗਰੀਬਾਂ, ਪਛੜਿਆਂ, ਮਜ਼ਲੂਮਾਂ, ਝੁੱਗੀ-ਝੌਂਪੜੀਵਾਲੇ ਲੋਕਾਂ ਦੇ ਹਿਤਾਂ ਦੀ ਗੱਲ ਕਰਨ ਵਾਲੇ, ਸਾਸ਼ਨ ਦਾ ਹਰ ਨਿਰਣਾ ਜਨਤਕ ਰੈਫਰੈਂਡਮ ਰਾਹੀਂ ਲੈਣ ਜਿਹੇ ਲੋਕਤੰਤਰ ਦੀ ਨੀਂਹ ਰੱਖਣ ਦੀ ਗੱਲ ਕਰਨ ਵਾਲੇ, ਭ੍ਰਿਸ਼ਟਾਚਾਰ ਨੂੰ ਪੱਕੀ ਲਗਾਮ ਦੇਣ ਦੀ ਗੱਲ ਕਰਨ ਵਾਲੇ ਦਿੱਲੀ ਦੇ ਮੁੱਖ ਮੰਤਰੀ ਸ਼੍ਰੀ ਕੇਜਰੀਵਾਲ ਦਾ ਦੋਹਰਾ ਮਖੌਟਾ ਅਤੇ ਜਨਤਾ ਨੂੰ ਧੋਖਾ ਦੇ ਕੇ ਆਪਣੇ ਪੂਰਵਧਿਕਾਰੀ ਰਾਜਨੀਤੀਵਾਨਾਂ ਵਾਂਗ ਜਨਤਕ ਖਜ਼ਾਨਾ ਲੁੱਟਣ ਵਾਲਾ ਦਿਨ-ਦਿਹਾੜਾ ਡਾਕਾ ਵੇਖੋ! ਆਪਣੇ ਵਿਧਾਇਕਾਂ ਦੀਆਂ ਤਨਖਾਹਾਂ-ਭੱਤੇ ਇਕੋ ਸੱਟੇ 400 ਪ੍ਰਤੀਸ਼ਤ ਵਧਾਏ ਗਏ। ਕੀ ਉਨਾਂ ਅਜਿਹਾ ਕਰਨ ਸਮੇਂ ਲੋਕ ਰਾਏ ਲਈ? ਭਾਰਤੀ ਲੋਕਤੰਤਰ ਅੰਦਰ ਜਨਤਕ ਧੰਨ ਲੁੱਟਣ ਲਈ ਉਹ ਭਾਰਤੀ ਲੋਕਤੰਤਰੀ ਇਤਿਹਾਸ ਦੇ ਸਭ ਤੋਂ ਵੱਡੇ ਲੁਟੇਰੇ ਸਾਬਤ ਹੋਏ ਜਿਸ ਦੀ ਕਿਧਰੇ ਮਿਸਾਲ ਨਹੀਂ। ਜਸਟਿਸ ਮਾਰਕੰਡੇ ਕਾਟਜੂ ਦੇ ਦੋਸ਼ ਅਜਿਹੇ ਆਗੂਆਂ ਤੇ ਕੀ 100 ਪ੍ਰਤੀਸ਼ਤ ਸੱਚ ਸਾਬਤ ਨਹੀਂ ਹੁੰਦੇ? ਦੇਸ਼ ਦੇ ਅਜੋਕੇ ਛੱਲ-ਕਪਟ ਭਰੇ ਲੋਕਤੰਤਰੀ ਢਾਂਚੇ ਅੰਦਰ ਪੂਰੀ ਤਰ੍ਹਾਂ ਇਨਕਲਾਬੀ ਪਰਿਵਰਤਨ ਦੀ ਲੋੜ ਹੈ। ਲੋਕਾਂ ਦੇ ਹੇਠਲੇ ਪੱਧਰ ਤੋਂ ਚੇਤੰਨਾਕਰਨ ਅਤੇ ਮਜ਼ਬੂਤੀਕਰਨ ਅਤੇ ਸ਼ਕਤੀਕਰਨ ਦੀ ਲੋੜ ਹੈ। ਦੇਸ਼ ਅਤੇ ਜਨਤਾ ਨੂੰ ਜਵਾਬਦੇਹੀ ਵਾਲੇ ਜਨਤਕ ਨੁਮਾਇੰਦਿਆਂ ਦੀ ਲੋੜ ਹੈ। ਵਿਰੋਧੀ ਧਿਰਾਂ ਸੱਤਾਧਾਰੀਆਂ ਦੀਆਂ ਗਲਤੀਆਂ ਉਜਾਗਰ ਕਰਕੇ ਲੋਕਾਂ ਨੂੰ ਵਧੀਆ, ਵਿਕਾਸਮਈ, ਭ੍ਰਿਸ਼ਟਾਚਾਰ ਰਹਿਤ, ਜਵਾਬਦੇਹ ਸਰਕਾਰ ਦੇਣ ਦਾ ਭਰੋਸਾ ਦਿੰਦੇ। ਪਰ ਇਕ ਵਾਰ ਜਦੋਂ ਸਰਕਾਰ ਦਾ ਗਠਨ ਕਰ ਲੈਂਦੇ ਉਹ ਹੱਥਕੰਡੇ ਅਪਣਾਉਂਣੇ ਸ਼ੁਰੂ ਕਰਦੇ। ਜੋ ਵੀ ਲੋਕ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਜਲਸੇ, ਜਲੂਸ ਕਢਦੇ ਅਤੇ ਮੁਜਾਹਿਰਾ ਕਰਦੇ ਉਨ੍ਹਾਂ ਨੂੰ ਲਾਠੀ-ਗੋਲੀ ਨਾਲ ਖਦੇੜਣ ਦਾ ਯਤਨ ਕਰਦੇ। ਫਿਰਕੂ, ਇਲਾਕਾਈ, ਭਾਸ਼ਾਈ, ਜ਼ਾਤੀ ਪੱਧਰਾਂ ਤੇ ਵੰਡਣ ਦੀ ਕੋਸ਼ਿਸ਼ ਕਰਦੇ। ਅਫਸਰਸ਼ਾਹਾਂ, ਕਰੋਨੀ ਕਾਰਪੋਰੇਟਰਾਂ ਜਾ ਕਾਰੋਬਾਰੀਆਂ ਦੇ ਹਿਤਾਂ ਲਈ ਕਾਨੂੰਨ ਘੜਦੇ ਆਪਣੀ ਭ੍ਰਿਸ਼ਟਾਚਾਰੀ ਹਿੱਸੇਦਾਰੀ ਪੱਕੀ ਕਰਦੇ। ਆਮ ਲੋਕ ਲਗਾਤਾਰ ਸੁਅੱਛ ਪਾਣੀ, ਬਿਜਲੀ, ਸੜਕ, ਸ਼ੁਧ ਵਾਤਾਵਰਨ, ਮਕਾਨ, ਰੁਜ਼ਗਾਰ, ਮਿਆਰੀ ਸਿਹਤ ਸੇਵਾਵਾਂ ਅਤੇ ਵਿਦਿਆ ਲਈ ਤਰਸਦੇ ਲੁੜਛਦੇ ਰਹਿੰਦੇ। ਇਨ੍ਹਾਂ ਜ਼ਰੂਰੀ ਲੋੜਾਂ ਦੀ ਪੂਰਤੀ ਅਜੋਕੇ ਇਲੈਕਟ੍ਰਾਨਿਕ, ਤਕਨੀਕੀ, ਸੂਚਨਾ ਭਰਭੂਰ ਯੁੱਗ ਵਿਚ ਨਿਸ਼ਚਤ ਤੌਰ 'ਤੇ ਸੰਭਵ ਹੈ ਬਸ਼ਰਤੇ ਕਿ ਅਸੀਂ ਆਪਣੇ ਚੁਣੇ ਹੋਏ ਨੁਮਾਇੰਦਿਆਂ ਨੂੰ ਜਵਾਬਦੇਹ ਬਣਾਉਣ ਦਾ ਰਾਜਨੀਤਕ ਅਤੇ ਪ੍ਰਬੰਧਕੀ ਸਭਿਆਚਾਰ ਦਾ ਅਮਲ ਯਕੀਨੀ ਬਣਾਈਏ।

**ਸਾਬਕਾ ਰਾਜ ਸੂਚਨਾ ਕਮਿਸ਼ਨਰ, ਪੰਜਾਬ**
**94170-94034**

## ਕੁੱਝ ਸ਼ੇਅਰ

ਬਿਨਾਂ ਗੱਲ ਤੋਂ ਜਿਹੜੇ ਬੰਦੇ ਗੱਲਾਂ ਕਰਦੇ ਵੀਹ,
ਗੱਲ ਕਰਨ ਦੀ ਲੋੜ ਪਵੇ ਤਾਂ ਮੂੰਹ ਲੈਂਦੇ ਨੇ ਸੀਅ।

• • •

ਸਵਾ ਸੱਤ ਅਰਬ ਬਰਾਬਰ, ਬਾਹਟ ਮਾਇਆਧਾਰੀ।
ਏਸ ਸਮੀਕਰਨ ਵਿੱਚ ਹੋਈ, ਕਿਧਰੇ ਗੜਬੜ ਭਾਰੀ।

• • •

ਭਗਤ ਗਾਵਾਂ ਦੇ ਭੂਤਰੇ, ਸਰਦਾਰਾਂ ਦੀਆਂ ਬੱਸਾਂ।
ਬਿਨਾਂ ਬਾਤ ਤੋਂ ਮਾਰਨ ਬੰਦੇ, ਦੁਖੜੇ ਕਿਸਨੂੰ ਦੱਸਾਂ।

• • •

ਠਾਹ ਠਾਹ ਚੱਲਣ ਪਟਾਕੇ, ਰਾਵਣ ਖਿੜ ਖਿੜ ਹਸਦਾ ਹੈ।
ਵੱਡੇ ਬਦ ਸਾੜਦੇ ਮੈਨੂੰ, ਇਹ ਆਖਦਾ ਲਗਦਾ ਹੈ।

• • •

ਝੂਠ ਦੇ ਹਰ ਥਾਂ ਹੋਣਗੇ , ਸ਼ਬਦ ਵੱਖੋ ਵੱਖਰੇ।
ਸੱਚ ਕਿਤੇ ਬੁਲਵਾ ਲਵੋ, ਹਰ ਥਾਂ ਇੱਕੋ ਬਿਆਨ।
ਧਰਮਾਂ ਦੇ ਸੰਕਲਪ, ਤੇ ਮੁਕਤੀ ਦੇ ਰਾਹ ਵੱਖਰੇ,
ਜਿਸਦੇ ਨਿਯਮ ਹਰ ਥਾਂ ਇੱਕੋ, ਹੈ ਉਹ ਵਿਗਿਆਨ।



ਹਰਜੀਤ ਬੇਦੀ

647-924-9087

ਅਦਾਲਤੀ ਮਾਣਹਾਨੀ ਦਾ ਬਹਾਨਾ...

# ਜਦੋਂ ਰਾਜ ਕਲਮਾਂ ਤੋਂ ਤ੍ਰਹਿਣ ਲੱਗ ਪਵੇ

ਐਨ. ਕੇ. ਜੀਤ

23 ਦਸੰਬਰ 2015 ਨੂੰ ਮੁੰਬਈ ਹਾਈਕੋਰਟ ਦੇ ਨਾਗਪੁਰ ਬੈਂਚ ਨੇ ਦਿੱਲੀ ਯੂਨੀਵਰਸਿਟੀ ਨਾਲ ਸਬੰਧਤ ਰਾਮ ਲਾਲ ਆਨੰਦ ਕਾਲਜ ਦੇ ਅਧਿਆਪਕ ਡਾ. ਜੀ. ਐਨ. ਸਾਈਂ ਬਾਬਾ ਦੀ ਰੈਗੂਲਰ ਜ਼ਮਾਨਤ ਦੀ ਅਰਜੀ ਰੱਦ ਕਰਕੇ ਉਸ ਨੂੰ 48 ਘੰਟਿਆਂ ਦੇ ਅੰਦਰ ਅੰਦਰ ਨਾਗਪੁਰ ਜੇਲ੍ਹ ਦੇ ਅਧਿਕਾਰੀਆਂ ਕੋਲ ਪੇਸ਼ ਹੋ ਕੇ ਆਤਮ ਸਮਰਪਣ ਕਰਨ ਦਾ ਹੁਕਮ ਦਿੱਤਾ। ਆਤਮ ਸਮਰਪਣ ਨਾ ਕਰਨ ਦੀ ਸਥਿਤੀ 'ਚ ਪੁਲਸ ਨੂੰ ਉਸ ਨੂੰ ਗ੍ਰਿਫਤਾਰ ਕਰਨ ਦੇ ਹੁਕਮ ਦਿੱਤੇ। ਇਸ ਦੇ ਨਾਲ ਹੀ ਹਾਈ ਕੋਰਟ ਨੇ ਪ੍ਰਸਿੱਧ ਲੇਖਕਾ ਅਰੁੰਧਤੀ ਰਾਏ ਨੂੰ ਉਸ ਵੱਲੋਂ ਲਿਖੇ ਅਤੇ "ਆਊਟ ਲੁੱਕ" ਰਸਾਲੇ 'ਚ ਛਪੇ ਲੇਖ "ਪ੍ਰੋਫੈਸਰ ਜੰਗੀ ਕੈਦੀ" ਦੇ ਆਧਾਰ 'ਤੇ ਅਦਾਲਤ ਦੀ ਮਾਣਹਾਨੀ ਅਤੇ 'ਨਿਆਂਇਕ ਪ੍ਰਕਿਰਿਆ ਵਿਚ ਦਖਲਅੰਦਾਜ਼ੀ' ਕਰਨ ਲਈ ਨੋਟਿਸ ਜਾਰੀ ਕਰ ਦਿੱਤਾ। ਅਦਾਲਤ ਦਾ ਇਹ ਜ਼ੁਲਮੀ ਫੈਸਲਾ ਨਾਂ ਸਿਰਫ਼ ਇਨਸਾਫ਼ ਅਤੇ ਇਨਸਾਨੀਅਤ ਦੇ ਤਕਾਜ਼ਿਆਂ ਦੇ ਉਲਟ ਹੈ ਸਗੋਂ ਕਾਨੂੰਨ ਦੀ ਵੀ ਸ਼ਰੇਆਮ ਖਿਲਾਫ਼ ਵਰਜੀ ਹੈ। ਕਰਿਮੀਨਲ ਪ੍ਰੋਸੀਜਰ ਕੋਡ (ਸੀ ਆਰ ਪੀ ਸੀ) ਦੀ ਧਾਰਾ 437 'ਚ ਸਾਫ ਲਿਖਿਆ ਹੋਇਆ ਹੈ ਕਿ 16 ਸਾਲ ਤੋਂ ਘੱਟ ਉਮਰ ਦੇ, ਔਰਤਾਂ, ਬਿਮਾਰ ਜਾਂ ਅਪੰਗ ਮੁਲਜਮਾਂ ਨੂੰ ਜ਼ਮਾਨਤ ਦਿੱਤੀ ਜਾ ਸਕਦੀ ਹੈ। ਡਾ. ਸਾਈਂ ਬਾਬਾ ਬਿਮਾਰ ਵੀ ਹੈ ਤੇ 90 ਪ੍ਰਤੀਸ਼ਤ ਅਪੰਗ ਵੀ, ਮੁੰਬਈ ਹਾਈ ਕੋਰਟ ਦੇ ਮੁੱਖ ਬੈਂਚ ਨੇ ਉਸ ਦੀ ਗੰਭੀਰ ਬਿਮਾਰੀ ਤੇ ਅਪੰਗਤਾ ਦੀ ਹਾਲਤ ਦਾ ਧਿਆਨ ਰਖਦਿਆਂ ਹੀ ਉਸ ਨੂੰ 30 ਜੂਨ 2015 ਨੂੰ ਅੰਤਰਿਮ ਜਮਾਨਤ ਦਿੱਤੀ ਸੀ ਜੋ ਬਾਅਦ ਵਿਚ ਡਾਕਟਰਾਂ ਦੀ ਰਿਪੋਰਟ ਦੇ ਆਧਾਰ ਤੇ 31 ਦਸੰਬਰ 2015 ਤੱਕ ਵਧਾ ਦਿੱਤੀ ਗਈ ਸੀ।

ਡਾ. ਸਾਈਂ ਬਾਬਾ ਪੰਜ ਸਾਲ ਦਾ ਸੀ ਜਦੋਂ ਪੋਲੀਓ ਕਾਰਨ ਉਸ ਦਾ ਲੱਕ ਤੋਂ ਹੇਠਲਾ ਹਿੱਸਾ ਨਕਾਰਾ ਹੋ ਗਿਆ ਸੀ। ਉਹ ਤੁਰਨ ਫਿਰਨ ਤੋਂ ਆਹਰੀ ਹੈ ਅਤੇ ਸਿਰਫ ਪਹੀਆਂ ਵਾਲੀ ਕੁਰਸੀ (ਵ੍ਹੀਲ ਚੇਅਰ) ਦੇ ਸਹਾਰੇ ਹੀ ਚੱਲ ਫਿਰ ਸਕਦਾ ਹੈ। ਕਿਸੇ ਦੀ ਮਦਦ ਤੋਂ ਬਿਨਾਂ ਉਹ ਇਨਸਾਨਾਂ ਦੀਆਂ ਸੁਭਾਵਕ ਅਤੇ ਜ਼ਰੂਰੀ ਕਿਰਿਆਵਾਂ-ਜਿਵੇਂ ਜੰਗਲ-ਪਾਣੀ ਜਾਣਾ, ਨਹਾਉਣਾ-ਧੋਣਾ, ਕੱਪੜੇ ਬਦਲਣਾ ਆਦਿ ਵੀ ਨਹੀਂ ਕਰ ਸਕਦਾ।

9 ਮਈ 2014 ਨੂੰ ਮਹਾਂਰਾਸ਼ਟਰਾ ਦੀ ਪੁਲਸ ਨੇ ਉਸ ਨੂੰ ਦਿੱਲੀ ਤੋਂ ਉਸ ਸਮੇਂ ਅਗਵਾ ਕਰ ਲਿਆ ਜਦੋਂ ਉਹ ਕਾਲਜ ਤੋਂ ਘਰ ਆ ਰਿਹਾ ਸੀ। ਸੁਪਰੀਮ ਕੋਰਟ ਦੀਆਂ ਹਦਾਇਤਾਂ- ਜਿੰਨ੍ਹਾਂ ਨੂੰ ਬਾਅਦ ਵਿਚ ਕਾਨੂੰਨ ਦੇ ਰੂਪ ਦੇ ਦਿੱਤਾ ਗਿਆ, ਅਨੁਸਾਰ ਕਿਸੇ ਵੀ ਵਿਅਕਤੀ ਨੂੰ ਗ੍ਰਿਫਤਾਰ ਕਰਨ ਸਮੇਂ ਪੁਲਸ ਦੀ ਇਹ ਕਾਨੂੰਨੀ ਜੁੰਮਵਾਰੀ ਬਣਦੀ ਹੈ ਕਿ ਗ੍ਰਿਫਤਾਰ ਕਰਨ ਵਾਲਾ ਅਫਸਰ ਆਪਣੀ ਪਛਾਣ ਦੱਸੇ, ਗ੍ਰਿਫਤਾਰ ਕੀਤੇ ਜਾ ਰਹੇ ਵਿਅਕਤੀ ਖਿਲਾਫ ਦਰਜ ਮੁਕੱਦਮੇ ਅਤੇ ਦੋਸ਼ਾਂ ਤੋਂ ਉਸ ਨੂੰ ਜਾਣੂੰ ਕਰਵਾਏ ਅਤੇ ਮੁਲਜ਼ਮ ਵੱਲੋਂ ਦੱਸੇ ਵਿਅਕਤੀ ਨੂੰ ਉਸ ਦੀ ਗ੍ਰਿਫਤਾਰੀ ਅਤੇ ਜਿਸ ਅਦਾਲਤ 'ਚ ਪੇਸ਼ ਕੀਤਾ ਜਾਣਾ ਹੈ, ਬਾਰੇ ਪੂਰੀ ਜਾਣਕਾਰੀ ਦੇਵੇ। ਪ੍ਰੰਤੂ ਡਾ. ਸਾਈਂ ਬਾਬਾ ਦੇ ਕੇਸ 'ਚ ਅਜਿਹਾ ਨਹੀਂ ਕੀਤਾ ਗਿਆ। ਪੁਲਿਸ ਨੇ ਚੁੱਪ-ਚੁਪੀਤੇ ਉਸ ਨੂੰ ਵ੍ਹੀਲ ਚੇਅਰ ਸਮੇਤ ਚੁੱਕ ਕੇ ਆਵਦੀ ਗੱਡੀ ਵਿਚ ਸੁੱਟ ਲਿਆ। ਰਾਤੋ-ਰਾਤ ਸੈਂਕੜੇ ਪੁਲਸੀਆਂ, ਜੀਪਾਂ ਅਤੇ ਬਾਰੂਦੀ ਸੁਰੰਗਾਂ ਵਿਰੋਧੀ ਗੱਡੀਆਂ ਦੇ ਕਾਫਲੇ ਦੇ ਪਹਿਰੇ ਹੇਠ ਪਹਿਲਾਂ ਉਸ ਨੂੰ ਨਾਗਪੁਰ ਤੇ ਫੇਰ ਅਹੇਰੀ ਲਿਜਾਇਆ ਗਿਆ ਅਤੇ ਅੰਤ ਨੂੰ ਕੇਂਦਰੀ ਜੇਲ੍ਹ ਨਾਗਪੁਰ ਦੇ ਬਦਨਾਮ ਅੰਡਾ ਸੈੱਲ ਵਿਚ ਬੰਦ ਕਰ ਦਿੱਤਾ ਗਿਆ। ਉਸ ਦੇ ਚਿੰਤਤ ਪਰਿਵਾਰ ਨੂੰ ਉਸ ਦੀ ਗ੍ਰਿਫਤਾਰੀ ਦੀ ਜਾਣਕਾਰੀ ਅਖਬਾਰਾਂ 'ਚ ਛਪੀਆਂ ਖਬਰਾਂ ਤੋਂ ਹੀ ਮਿਲੀ।

**ਡਾ. ਸਾਈਂ ਬਾਬਾ 'ਤੇ ਹਕੂਮਤੀ ਕਹਿਰ ਕਿਉਂ** : ਮਹਾਂਰਾਸ਼ਟਰ ਦੇ ਗੜ੍ਹਚਿਰੋਲੀ ਜ਼ਿਲ੍ਹੇ ਦੀ ਪੁਲਿਸ ਨੇ ਡਾ. ਸਾਈਂ ਬਾਬਾ ਨੂੰ ਅਤਿ-ਬਦਨਾਮ "ਗੈਰ-ਕਾਨੂੰਨੀ ਸਰਗਰਮੀਆਂ ਰੋਕੂ ਕਾਨੂੰਨ" (ਯੂ. ਏ. ਪੀ. ਏ.) ਦੀ ਧਾਰਾ 13,18, 20, 38 ਅਤੇ 39 ਤਹਿਤ ਦਰਜ ਮੁਕੱਦਮੇ 'ਚ ਝੂਠਾ ਗ੍ਰਿਫਤਾਰ ਕੀਤਾ ਹੈ। ਇਸ ਮੁਕੱਦਮੇ 'ਚ ਕੁੱਲ 5 ਵਿਅਕਤੀ ਮੁਜਰਮ ਬਣਾਏ ਗਏ ਹਨ ਜਿਨ੍ਹਾਂ 'ਚੋਂ ਇੱਕ ਦਿੱਲੀ ਯੂਨੀਵਰਸਿਟੀ ਦਾ ਵਿਦਿਆਰਥੀ ਹੇਮ ਮਿਸ਼ਰਾ ਵੀ ਹੈ। ਡਾ. ਸਾਈਂਬਾਬਾ ਤੋਂ ਇਲਾਵਾ ਬਾਕੀ ਸਾਰੇ 'ਮੁਜਰਮਾਂ' ਦੀ ਜ਼ਮਾਨਤ ਹੋ ਚੁੱਕੀ ਹੈ। ਪੁਲਿਸ ਅਨੁਸਾਰ ਡਾ. ਸਾਈਂ ਬਾਬਾ ਅੱਤਵਾਦੀਆਂ ਦੀ ਫਰੰਟ ਜਥੇਬੰਦੀ 'ਇਨਕਲਾਬੀ ਜਮਹੂਰੀ ਫਰੰਟ' (ਆਰ. ਡੀ. ਐਫ.) ਦੇ ਜਾਇੰਟ ਸਕੱਤਰ ਹਨ।

ਅਸਲ ਵਿਚ ਡਾ. ਸਾਈਂ ਬਾਬਾ, ਸਰਕਾਰ ਵੱਲੋਂ ਅਪਰੇਸ਼ਨ ਗਰੀਨ ਹੰਟ ਦੇ ਨਾਂ ਹੇਠ ਵਿੱਢੀ ਲੋਕਾਂ ਖਿਲਾਫ਼ ਜੰਗ ਦਾ ਵਿਰੋਧ ਕਰਨ ਵਾਲਿਆਂ, ਇਸ ਦੇ ਖੂੰ-ਖਾਰ ਅਤੇ ਦਰਿੰਦਗੀ ਭਰੇ ਖਾਸੇ ਨੂੰ ਉਜਾਗਰ ਕਰਨ ਵਾਲਿਆਂ ਦੀਆਂ ਮੂਹਰਲੀਆਂ ਸਫਾਂ 'ਚ ਰਹੇ ਹਨ। ਇਸ ਜੰਗ ਦੀ ਸ਼ੁਰੂਆਤ ਸਤੰਬਰ 2009 'ਚ ਉਦੋਂ ਦੇ ਕੇਂਦਰੀ ਗ੍ਰਹਿ ਮੰਤਰੀ ਪੀ. ਚਿਦੰਬਰਮ ਨੇ ਕੀਤੀ ਸੀ। ਇਸ ਜੰਗ ਦਾ ਮੁੱਖ ਮਕਸਦ ਛੱਤੀਸਗੜ੍ਹ, ਝਾਰਖੰਡ, ਮਹਾਂਰਾਸ਼ਟਰ, ਉੜੀਸਾ ਅਤੇ ਆਂਧਰਾ ਪ੍ਰਦੇਸ਼ ਆਦਿ ਦੇ ਕਬਾਇਲੀ ਖੇਤਰਾਂ 'ਚ ਧਰਤੀ ਦੇ ਹੇਠ ਪਏ ਬੇਸ਼ਕੀਮਤੀ ਖਣਿਜ ਪਦਾਰਥ, ਇਥੋਂ ਦੇ ਜਲ, ਜੰਗਲ, ਅਤੇ ਜ਼ਮੀਨ, ਆਦਿਵਾਸੀ ਲੋਕਾਂ ਤੋਂ ਖੋਹ ਕੇ ਦੇਸੀ ਅਤੇ ਵਿਦੇਸ਼ੀ ਕੰਪਨੀਆਂ ਦੇ ਹਵਾਲੇ ਕਰਨਾ ਸੀ। ਆਦੀਵਾਸੀ ਲੋਕਾਂ ਨੂੰ ਉਹਨਾਂ ਦੇ ਜੰਗਲ, ਜ਼ਮੀਨਾਂ, ਪਹਾੜਾਂ ਅਤੇ ਨਦੀਆਂ ਤੋਂ ਬੇਦਖਲ ਕਰਨ ਲਈ ਕਾਰਪੋਰੇਟ ਘਰਾਣਿਆਂ ਦੀ ਮੱਦਦ ਨਾਲ ਸਲਵਾ ਜੁਡਮ, ਦਾਂਤੇਸ਼ਵਰੀ ਸੈਨਾ ਅਤੇ ਹੋਰ ਕਿੰਨੇ ਹੀ ਅਜਿਹੇ ਕਾਤਲੀ ਗ੍ਰੋਹ ਤਿਆਰ ਕੀਤੇ ਗਏ। ਨੀਮ-ਫੌਜੀ ਬਲ ?ਯਾਂ ਦੀਆਂ ਵੱਡੀਆਂ ਧਾੜਾਂ ਇਹਨਾਂ ਇਲਾਕਿਆਂ 'ਚ ਤਾਇਨਾਤ ਕਰ ਦਿੱਤੀਆਂ ਗਈਆਂ ਜਿੰਨ੍ਹਾ ਦੀ ਮੁੱਖ ਜੁੰਮੇਵਾਰੀ ਕਾਰਪੋਰੇਟ ਘਰਾਣਿਆਂ ਦੇ ਹਿੱਤਾਂ ਦੀ ਰਾਖੀ ਕਰਨ ਅਤੇ ਵਿਰੋਧ ਕਰ ਰਹੇ ਲੋਕਾਂ ਨੂੰ ਗੋਲੀਆਂ ਨਾਲ ਭੁੰਨਣਾ ਸੀ। ਬਲਾਤਕਾਰ ਕਰਨਾ, ਅਣਮਨੁੱਖੀ ਤਸ਼ੱਦਦ, ਉਜਾੜੇ ਅਤੇ ਝੂਠੇ ਕੇਸਾਂ ਵਿੱਚ ਫਸਾਉਣ ਰਾਹੀਂ ਉਨ੍ਹਾਂ ਦੇ ਵਿਰੋਧ ਦਾ ਲੱਕ ਤੋੜਨਾ। ਮੁਲਕ ਭਰ ਦੇ ਬੁੱਧੀਜੀਵੀਆਂ, ਮਨੁੱਖੀ ਅਧਿਕਾਰਾਂ ਦੀਆਂ ਜਥੇਬੰਦੀਆਂ ਅਤੇ ਪ੍ਰਮੁੱਖ ਕੌਮਾਂਤਰੀ ਹਸਤੀਆਂ ਨੇ ਇਸ ਨਿਹੱਕੀ, ਲੋਕਮਾਰੂ ਅਣ-ਮਨੁੱਖੀ ਜੰਗ ਦੇ ਖਿਲਾਫ਼ ਆਵਾਜ਼ ਬੁਲੰਦ ਕੀਤੀ । ਪੰਜਾਬ 'ਚ ਅਪ੍ਰੇਸ਼ਨ ਗਰੀਨ ਹੰਟ ਵਿਰੋਧੀ ਜਮਹੂਰੀ ਫਰੰਟ ਕਾਇਮ ਕੀਤਾ ਗਿਆ ਅਤੇ ਇਸ ਨੇ ਸਰਕਾਰੀ ਦਮਨ ਵਿਰੁੱਧ ਸ਼ਾਨਦਾਰ ਪ੍ਰਚਾਰ ਸਰਗਰਮੀ ਕੀਤੀ। ਇਹਨਾਂ ਸਾਰੀਆਂ ਕੋਸ਼ਿਸ਼ਾਂ ਦੇ ਨਤੀਜੇ ਵਜੋਂ ਸਰਕਾਰ ਨੂੰ ਭਾਰੀ ਸਿਆਸੀ ਕੀਮਤ ਤਾਰਨੀ ਪਈ। ਸੁਪਰੀਮ ਕੋਰਟ ਨੇ ਸਲਵਾ ਜੁਡਮ ਵਰਗੀਆਂ ਕਾਰਵਾਈਆਂ ਨੂੰ ਗੈਰ-ਕਾਨੂੰਨੀ ਕਰਾਰ ਦੇ ਦਿੱਤਾ। ਇਸ ਨਮੋਸ਼ੀ ਤੋਂ ਖਿਝ ਕੇ ਸਰਕਾਰ ਨੇ ਆਵਦਾ ਨਿਸ਼ਾਨਾ ਅਪ੍ਰੇਸ਼ਨ ਗਰੀਨ ਹੰਟ ਦਾ ਵਿਰੋਧ ਕਰ ਰਹੇ ਬੁੱਧੀਜੀਵੀਆਂ 'ਤੇ ਸਾਧ ਲਿਆ। ਉਹਨਾਂ ਨੂੰ ਮਾਓਵਾਦੀਆਂ ਦੇ ਖੁੱਲ੍ਹੇ ਕਾਰਕੁੰਨ ਕਹਿ ਕੇ ਭੰਡਣਾ ਅਤੇ ਝੂਠੇ ਕੇਸਾਂ ਵਿਚ ਫਸਾਉਣਾ ਸ਼ੁਰੂ ਕਰ ਦਿੱਤਾ। ਮੁੰਬਈ ਹਾਈ ਕੋਰਟ ਦੇ ਨਾਗਪੁਰ ਬੈਂਚ ਦਾ ਉਪਰੋਕਤ ਫੈਸਲਾ ਇਸੇ ਦੀ ਹੀ ਇੱਕ ਕੜੀ ਵਜੋਂ ਦੇਖਿਆ ਜਾਣਾ ਚਾਹੀਦਾ ਹੈ।

**ਅਰੁੰਧਤੀ ਰਾਏ ਦੇ ਖਿਲਾਫ਼ ਕਾਰਵਾਈ-ਲੇਖਕਾਂ ਦੀ ਜ਼ੁਬਾਨ ਬੰਦੀ** : ਨਾਗਪੁਰ ਬੈਂਚ ਦੇ ਜੱਜਾਂ ਵੱਲੋਂ ਅਰੁੰਧਤੀ ਰਾਏ ਬਾਰੇ ਜੋ ਟਿੱਪਣੀਆਂ ਕੀਤੀਆਂ ਹਨ ਉਹ ਸਰਾਸਰ ਗਲਤ, ਤੱਥਹੀਣ ਅਤੇ ਤੰਤਹੀਣ ਹਨ। 'ਪ੍ਰੋਫੈਸਰ ਜੰਗੀ ਕੈਦੀ' ਸਿਰਲੇਖ ਹੇਠ ਉਸ ਦੇ ਲੇਖ 'ਚ ਕੋਈ ਇੱਕ ਵੀ ਗੱਲ ਅਜਿਹੀ ਨਹੀਂ ਜਿਸ ਵਿਚ ਅਦਾਲਤ ਦੀ ਮਾਣਹਾਨੀ ਜਾਂ ਨਿਆਂਇਕ ਪ੍ਰਕਿਰਿਆ 'ਚ ਦਖਲ ਦੇਣ ਦੀ ਕਿਸੇ ਕੋਸ਼ਿਸ਼ ਦੀ ਭਾਅ ਮਾਰਦੀ ਹੋਵੇ। ਭਾਰਤੀ ਜਨਤਾ ਪਾਰਟੀ ਦੇ ਆਗੂ-ਮਾਇਆ ਕੋਡਕਾਨੀ ਅਤੇ ਬਾਬੂ ਬਜਰੰਗੀ ਨੂੰ ਅਦਾਲਤ ਨੇ ਨਰੋੜਾ ਪਟੀਆ (ਗੁਜਰਾਤ) 'ਚ 97 ਲੋਕਾਂ ਨੂੰ ਮੌਤ ਦੇ ਘਾਟ ਉਤਾਰਨ ਦਾ ਦੋਸ਼ੀ ਪਾਇਆ ਅਤੇ ਉਹਨਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ। ਪਰ ਅਪ੍ਰੈਲ 2015 'ਚ ਗੁਜਰਾਤ ਹਾਈਕੋਰਟ ਨੇ ਬਾਬੂ ਬਜਰੰਗੀ ਨੂੰ ਅੱਖ ਦਾ ਉਪਰੇਸ਼ਨ ਕਰਵਾਉਣ ਲਈ ਜ਼ਮਾਨਤ ਦੇ ਦਿੱਤੀ। ਇਸੇ ਤਰ੍ਹਾਂ ਮਾਇਆ ਕੋਡਨਾਨੀ ਨੇ ਤਪਦਿਕ, ਦਿਲ ਦਾ ਰੋਗ, ਉਦਾਸੀ ਰੋਗ ਅਤੇ ਰੀੜ ਦੀ ਹੱਡੀ ਦੀ ਸਮੱਸਿਆ ਦਾ ਬਹਾਨਾ ਲਾ ਕੇ ਨਾ ਸਿਰਫ ਜਮਾਨਤ ਲੈ ਲਈ ਸਗੋਂ ਆਪਣੀ 28 ਸਾਲਾਂ ਦੀ ਸਜ਼ਾ ਵੀ ਮੁਲਤਵੀ ਕਰਵਾ ਲਈ। ਇਹ ਹਕੀਕਤਾਂ ਹਨ ਜਿਨ੍ਹਾਂ ਦਾ ਅਰੁੰਧਤੀ ਰਾਏ ਨੇ ਆਪਣੇ ਲੇਖ ਵਿਚ ਜ਼ਿਕਰ ਕੀਤਾ। ਇਹਨਾਂ ਹਕੀਕਤਾਂ ਦੇ ਆਧਾਰ 'ਤੇ ਇਹ ਪ੍ਰਸ਼ਨ ਕਰਨਾ ਕਿ ਜੇ ਅਦਾਲਤ 97 ਲੋਕਾਂ ਦੇ ਕਾਤਲ ਬਾਬੂ ਬਜਰੰਗੀ ਨੂੰ ਅੱਖ ਦੇ ਉਪਰੇਸ਼ਨ ਲਈ ਅਤੇ ਮਾਇਆ ਕੋਡਨਾਨੀ ਨੂੰ ਤਪਦਿਕ ਅਤੇ ਉਦਾਸੀ ਰੋਗ ਲਈ ਜਮਾਨਤ ਦੇ ਸਕਦੀ ਹੈ ਤਾਂ ਡਾ. ਸਾਈਂ ਬਾਬਾ ਜੋ 90 ਪ੍ਰਤੀਸ਼ਤ ਸਰੀਰਕ ਪੱਖੋਂ ਨਕਾਰਾ ਹੈ ਅਤੇ ਉਸ ਨੂੰ ਲਗਾਤਾਰ ਇਲਾਜ ਕਰਾਉਣ ਦੀ ਲੋੜ ਹੈ ਕਿਉਂਕਿ ਅਜਿਹਾ ਨਾਂ ਕਰਨ ਨਾਲ ਉਸਦੀ ਮੌਤ ਹੋ ਸਕਦੀ ਹੈ, ਨੂੰ ਜ਼ਮਾਨਤ ਕਿਉਂ ਨਹੀਂ ਦਿੱਤੀ ਜਾ ਸਕਦੀ, ਤੇ ਅਜਿਹੇ ਸਵਾਲ ਉਠਾਉਣਾ ਅਦਾਲਤ ਦੀ ਮਾਣਹਾਨੀ ਕਿਵੇਂ ਬਣਿਆ?

ਅਦਾਲਤ ਦੇ ਇਸ ਫੈਸਲੇ ਦੇ ਸੰਕੇਤ ਸਪਸ਼ਟ ਹਨ। ਅਦਾਲਤ ਨੇ ਸ਼ਹਿਰੀਆਂ ਦੇ ਜਮਹੂਰੀ ਹੱਕਾਂ ਦੇ ਨਿਰਪੱਖ ਰਾਖੇ ਹੋਣ ਦਾ ਲਬਾਦਾ ਵੀ ਵਗਾਹ ਮਾਰਿਆ ਹੈ ਅਤੇ ਜਮਹੂਰੀ ਹੱਕਾਂ ਬਾਰੇ ਗ੍ਰਹਿ ਮੰਤਰਾਲੇ ਦੀ ਸੋਚ ਨੂੰ ਅਪਣਾ ਲਿਆ ਹੈ। ਇਸ ਫੈਸਲੇ ਦਾ ਹਰ ਸ਼ਬਦ ਉਹਨਾਂ ਲੋਕਾਂ ਪ੍ਰਤੀ ਨਫਰਤ ਵਿੱਚ ਗੜੁੱਚ ਹੈ ਜੋ ਕੇਂਦਰ ਅਤੇ ਰਾਜ ਸਰਕਾਰਾਂ, ਪੁਲਸ ਅਤੇ ਫੌਜੀ ਬਲਾਂ ਦੀਆਂ ਦਰਿੰਦਗੀ ਭਰੀਆਂ ਕਾਰਵਾਈਆਂ ਦਾ ਵਿਰੋਧ ਕਰਦੇ ਹਨ। "ਨਕਸਲ ਪਲੇਗ" ਦੇ ਖਾਤਮੇ ਦੇ ਐਲਾਨੀਆ ਕਾਰਜ ਨੂੰ ਸੰਬੋਧਤ ਲਾਜ਼ਮੀ ਹੀ ਲੋਕ ਪੱਖੀ ਬੁੱਧੀਜੀਵੀਆਂ ਨੂੰ ਚੁੱਪ ਕਰਾਉਣ, ਪੁਲਸ ਅਤੇ ਨੀਮ ਫੌਜੀ ਬਲਾਂ ਨੂੰ ਹਰ ਤਰ੍ਹਾਂ ਦੇ ਜਾਬਰ ਕੁਕਰਮਾਂ-ਬਲਾਤਕਾਰ, ਝੂਠੇ ਪੁਲਸ ਮੁਕਾਬਲੇ, ਝੂਠੇ ਕੇਸਾਂ ਵਿਚ ਉਲਝਾਅ ਕੇ ਸਾਲਾਂ ਬੱਧੀ ਤਸ਼ੱਦਦ ਅਤੇ ਜੇਲ੍ਹ ਬੰਦੀਆਂ ਦੀ ਖੁੱਲ੍ਹ ਦੇਣ ਦੀ ਵਕਾਲਤ ਕਰਦਾ ਹੈ, ਰਾਜ ਦੇ ਗੈਰ-ਕਾਨੂੰਨੀ ਜਬਰ-ਤਸ਼ੱਦਦ ਨੂੰ ਕਾਨੂੰਨੀ ਜਾਮਾ ਪਹਿਨਾਉਂਦਾ ਹੈ। ਜਿਵੇਂ ਐਮਰਜੈਂਸੀ ਦੇ ਕਾਲ਼ੇ ਦੌਰ ਨੂੰ ਉਸ ਸਮੇਂ ਸੁਪਰੀਮ ਕੋਰਟ ਨੇ ਪਹਿਨਾਇਆ ਸੀ। ਇਹ ਫੈਸਲਾ ਲੋਕਾਂ ਦੇ ਰੋਸ ਪ੍ਰਗਟਾਵੇ ਦੇ ਹੱਕ ਦੀ ਸੰਘੀ ਘੁੱਟਦਾ ਹੈ।

# ਭਾਰਤੀ ਸਿਆਸਤਦਾਨਾਂ ਲਈ ਜੁਵਾਬਦੇਹੀ ਜ਼ਰੂਰੀ





ਦਰਬਾਰਾ ਸਿੰਘ ਕਾਹਲੋਂ

ਵਿਸ਼ਵ ਦੇ ਸਭ ਤੋਂ ਵੱਡੇ ਲੋਕਤੰਤਰ ਕਹਾਉਣ ਵਾਲੇ ਭਾਰਤ ਦੀ ਕਿੱਡੀ ਵੱਡੀ ਬਦਕਿਸਮਤੀ ਹੈ ਕਿ ਪਿਛਲੇ ਕਈ ਸਾਲਾਂ ਤੋਂ ਪਾਰਲੀਮੈਂਟ ਬੇਲੋੜੇ ਰੌਲੇ ਰੱਪੇ ਅਤੇ ਹੰਗਾਮਿਆਂ ਦੀ ਸ਼ਿਕਾਰ ਬਣੀ ਚਲੀ ਆ ਰਹੀ ਹੈ। ਹਰ ਰਾਜਨੀਤਿਕ ਪਾਰਟੀ ਜਾਂ ਗਠਜੋੜ ਜਦੋਂ ਵਿਰੋਧੀ ਧਿਰ ਦੇ ਬੈਂਚਾਂ 'ਤੇ ਬੈਠਦੇ ਹਨ ਤਾਂ ਜਾਣ ਬੁਝ ਕੇ ਪਾਰਲੀਮੈਂਟ ਨੂੰ ਅਗਵਾ ਕਰਨ, ਕੋਈ ਕੰਮ-ਕਾਜ ਨਾ ਕਰਨ ਦੇਣ ਦੀ ਨੀਤੀ ਅਪਣਾਉਂਦੇ ਹਨ। ਸਭੱਯ ਅਤੇ ਸਫ਼ਲ ਲੋਕਤੰਤਰ ਪ੍ਰਣਾਲੀਆਂ ਵਾਲੇ ਪੱਛਮੀ ਅਤੇ ਹੋਰ ਦੇਸ਼ਾਂ ਦੀਆਂ ਨਜ਼ਰਾਂ ਵਿਚ ਭਾਰਤੀ ਲੋਕਤੰਤਰ ਗਿਰ ਜਾਂਦਾ ਹੈ। ਵਿਸ਼ਵ ਸ਼ਕਤੀ ਵਜੋਂ ਸਥਾਪਿਤ ਹੋਣ ਲਈ ਇਹ ਜ਼ਰੂਰੀ ਹੈ ਕਿ ਭਾਰਤੀ ਲੋਕਤੰਤਰ ਦੀਆਂ ਪ੍ਰਮੁੱਖ ਸੰਸਥਾਵਾਂ ਸੰਵਿਧਾਨ ਅਤੇ ਕਾਨੂੰਨ ਅਨੁਸਾਰ ਸਨਮਾਨਜਨਕ ਢੰਗ ਨਾਲ ਕੰਮ ਕਰਨ। ਆਪਣੇ ਲੋਕਾਂ ਅਤੇ ਵਿਸ਼ਵ ਦੇ ਲੋਕਾਂ ਦਾ ਵਿਸ਼ਵਾਸ ਜਿੱਤਣ। ਸਿਰਫ ਭਾਰਤੀ ਆਗੂਆਂ ਵਲੋਂ ਪ੍ਰਮੁੱਖ ਵਿਸ਼ਵ ਸ਼ਕਤੀਆਂ ਦੇ ਆਗੂਆਂ ਨੂੰ ਮਿਲਣ ਨਾਲ ਭਾਰਤ ਨਾ ਤਾਂ ਮਹਾਨ ਅਤੇ ਨਾ ਹੀ ਵਿਸ਼ਵ ਸ਼ਕਤੀ ਬਣ ਸਕਦਾ ਹੈ।

ਅਜੇ ਤਕ ਤਾਕਤਵਰ, ਵਿਕਸਤ ਅਤੇ ਤੇਜ਼ ਵਿਕਾਸਸ਼ੀਲ ਦੇਸ਼ ਅਤੇ ਇਨ੍ਹਾਂ ਦੇ ਆਗੂ ਆਪਣੇ ਜੁੰਡਲੀਬਾਜ਼ ਕਾਰਪੋਰੇਟ ਘਰਾਣਿਆਂ ਸਮੇਤ ਭਾਰਤ ਵਿਚ ਇਸ ਕਰਕੇ ਦਿਲਚਸਪੀ ਵਿਖਾਉਂਦੇ ਨਜ਼ਰ ਆਉਂਦੇ ਹਨ ਕਿਉਂਕਿ ਇਹ ਇਕ ਵੱਡਾ ਆਰਥਿਕ ਬਜ਼ਾਰ ਹੈ। ਇਸ ਕੋਲ 125 ਕਰੋੜ ਗ੍ਰਾਹਕ ਮੌਜੂਦ ਹਨ। ਠੋਸ ਕਾਨੂੰਨਾਂ, ਰੈਗੂਲੇਸ਼ਨਾਂ ਅਤੇ ਤਾਕਤਵਰ ਲੋਕਤੰਤਰੀ ਸੰਸਥਾਵਾਂ ਦੀ ਅਣਹੋਂਦ ਕਰਕੇ ਉਹ ਸ਼ਾਤਰ, ਸਰਮਾਏਦਾਰ ਰਾਸ਼ਟਰ, ਉਨ੍ਹਾਂ ਦੇ ਆਗੂ, ਲੋਟੂ ਕਾਰਪੋਰੇਟ ਅਤੇ ਕਾਰੋਬਾਰੀ ਘਰਾਣੇ ਭਾਰਤ ਦੇ ਬਾਜ਼ਾਰ ਅਤੇ ਅਸੀਮ ਪੈਦਾਵਾਰੀ ਸਾਧਨਾਂ ਨੂੰ ਸੁਖਾਲੇ ਲੁੱਟ ਸਕਦੇ ਹਨ।

ਇਸ ਲੁੱਟ ਦਾ ਕਾਰਨ ਸਾਡੇ ਬ੍ਰਿਟ੍ਰਿਸ਼ ਬਸਤੀਵਾਦ ਕਾਲ ਤੋਂ ਚਲੇ ਆ ਰਹੇ ਕਾਇਦ-ਏ-ਕਾਨੂੰਨ ਹਨ ਜੋ ਅਸਾਂ ਦੇਸ਼ ਅਜ਼ਾਦੀ ਤੋਂ ਬਾਅਦ ਅਜੇ ਤਕ ਨਹੀਂ ਬਦਲੇ। ਸ੍ਰੀ ਨਰਿੰਦਰ ਮੋਦੀ ਸੰਨ 2014 ਦੀਆਂ ਚੋਣਾਂ ਵੇਲੇ ਇਨ੍ਹਾਂ ਵਿਚੋਂ ਕੁਝ ਅਹਿਮ ਗਿਣਾਉਂਦੇ ਨਜ਼ਰ ਆਏ ਪਰ ਪ੍ਰਧਾਨ ਮੰਤਰੀ ਦਾ ਪਦ ਸੰਭਾਲਣ ਬਾਅਦ ਉਨ੍ਹਾਂ ਨੂੰ ਖ਼ਤਮ ਕਰਕੇ ਆਜ਼ਾਦ ਭਾਰਤ ਦੀਆਂ ਲੋੜਾਂ ਅਨੁਸਾਰ ਨਵੇਂ ਕਾਨੂੰਨ ਘੜਨ ਵਿਚ ਅਸਫਲ ਨਜ਼ਰ ਆਏ। ਸ੍ਰੀ ਪੀ.ਵੀ.ਨਰਸਿਮ੍ਹਾ ਰਾਓ ਦੀ ਘੱਟ-ਗਿਣਤੀ ਕਾਂਗਰਸ ਸਰਕਾਰ, ਸ੍ਰੀ ਵੀ.ਪੀ. ਸਿੰਘ, ਸ੍ਰੀ ਚੰਦਰਸ਼ੇਖਰ, ਸ੍ਰੀ ਦੇਵ ਗੌੜਾ, ਸ੍ਰੀ ਇੰਦਰ ਕੁਮਾਰ ਗੁਜਰਾਲ ਦੀ ਅਗਵਾਈ ਵਾਲੀਆਂ ਸਾਂਝਾ, ਮੋਰਚਾ ਗਠਜੋੜ ਸਰਕਾਰਾਂ ਨੇ ਭਾਵੇਂ ਬ੍ਰਿਟਿਸ਼ ਬਸਤੀਵਾਦੀ ਕਾਨੂੰਨ ਨਾ ਬਦਲੇ ਪਰ ਲੋੜ ਅਨੁਸਾਰ ਨਵੇਂ ਕਾਨੂੰਨ ਘੜਦੀਆਂ ਰਹੀਆਂ ਪਰ ਕਿੰਨੀ ਬਦਕਿਸਮਤੀ ਦੀ ਗੱਲ ਹੈ ਕਿ ਸ੍ਰੀ ਮੋਦੀ ਸਰਕਾਰ ਸੰਸਦ ਵਿਚ ਬਹੁਮੱਤ ਹੋਣ ਤੋਂ ਬਾਵਜੂਦ ਅਜਿਹਾ ਨਹੀਂ ਕਰ ਪਾ ਰਹੀ। 44-45 ਮੈਂਬਰਾਂ ਵਾਲੀ ਕਾਂਗਰਸ ਪਾਰਟੀ ਪਾਰਲੀਮੈਂਟ ਨੂੰ ਅਗਵਾ ਕਰੀ ਬੈਠੀ ਹੈ। ਸ੍ਰੀ ਮੋਦੀ ਸਰਕਾਰ ਜਨਤਕ ਅਤੇ ਰਾਸ਼ਟਰੀ ਭਾਵਨਾਵਾਂ, ਕਾਨੂੰਨੀ ਸੁਧਾਰਾਂ ਅਤੇ ਕਾਲੇ ਬ੍ਰਿਟਿਸ਼ ਬਸਤੀਵਾਦੀ ਕਾਨੂੰਨ ਨੂੰ ਵਿਦਾ ਕਰਨ ਲਈ ਰਾਜਨੀਤਿਕ ਇੱਛਾ ਸ਼ਕਤੀ ਦੇ ਪ੍ਰਗਟਾਵੇ ਦਾ ਹੀਆ ਕਰਕੇ ਪਾਰਲੀਮੈਂਟ ਦੇ ਦੋਹਾਂ ਸਦਨਾਂ ਦੇ ਸਾਂਝੇ ਇਜਲਾਸ ਨਹੀਂ ਬੁਲਾ ਸਕੀ।

ਇਵੇਂ ਹੀ ਅਜ਼ਾਦ ਭਾਰਤ ਦੀਆਂ ਸਰਕਾਰਾਂ ਲਈ ਇਹ ਅਤਿ ਜ਼ਰੂਰੀ ਸੀ ਕਿ ਇਹ ਬ੍ਰਿਟਿਸ਼ ਬਸਤੀਵਾਦੀ ਨਿਜ਼ਾਮ ਵਲੋਂ ਆਪਣੇ ਸੁਆਰਥਾਂ ਦੀ ਪੂਰਤੀ ਲਈ ਸਥਾਪਿਤ ਵਿਸ਼ੇਸ਼ਧਿਕਾਰ ਅਫਸਰਸ਼ਾਹ ਸ਼੍ਰੇਣੀ ਦੀ ਭਾਰਤੀ ਸਾਸ਼ਨ ਤੇ ਜਕੜ ਤੋੜਨ ਲਈ 'ਕਾਨੂੰਨ ਦੇ ਰਾਜ' ਦੀ ਪੱਧਤੀ ਨੂੰ ਸਖ਼ਤੀ ਨਾਲ ਲਾਗੂ ਕਰਦੀਆਂ। ਲੇਕਿਨ ਨਵੀਂ ਸਰਮਾਏਦਾਰ ਸੋਚ ਨਾਲ ਲਬਰੇਜ਼ ਸਾਡੀ ਪਰਿਵਾਰਵਾਦੀ, ਏਕਾਧਿਕਾਰਵਾਦੀ, ਫਿਰਕੂ-ਇਲਾਕਾਈ-ਭਾਸ਼ਾਈ ਅਧਾਰ 'ਤੇ ਦੇਸ਼ ਨੂੰ ਵੰਡ ਕੇ ਸੱਤਾ ਵਿਚ ਬਣੇ ਰਹਿਣ ਦੀ ਲਲਕਵਾਦੀ, ਭ੍ਰਿਸ਼ਟਾਚਾਰ ਰਾਹੀਂ ਲੁੱਟਣ ਵਿਚ ਯਕੀਨ ਰੱਖਣ ਵਾਲੇ ਰਾਜਨੀਤਕ ਆਗੂਆਂ, ਸਾਡੇ ਵਿਧਾਨ ਸਭਾਵਾਂ ਅਤੇ ਪਾਰਲੀਮੈਂਟ ਮੈਂਬਰਾਂ ਨੇ ਕਦੇ ਕਾਨੂੰਨੀ ਸੁਧਾਰਾਂ ਦੀ ਗੱਲ ਨਹੀਂ ਕੀਤੀ।

ਦੇਸ਼ ਆਜ਼ਾਦੀ ਦੇ ਪਿਛਲੇ 68-69 ਸਾਲਾਂ ਵਿਚ ਜਿਵੇਂ ਸਾਡੇ ਰਾਜਨੀਤੀਵਾਨਾਂ ਅਤੇ ਅਫਸਰ ਸ਼ਾਹਾਂ ਨੇ ਦੇਸ਼ ਨੂੰ ਲੁੱਟਿਆ, ਇਸ ਦੀ ਹੋਰ ਕਿਧਰੇ ਮਿਸਾਲ ਨਹੀਂ ਮਿਲਦੀ। ਸੁਪਰੀਮ ਕੋਰਟ ਦਾ ਸੇਵਾਮੁਕਤ ਜੱਜ ਜਸਟਿਸ ਮਾਰਕੰਡੇ ਕਾਟਜੂ ਦੇਸ਼ ਦੀਆਂ ਸਾਰੀਆਂ ਰਾਜਨੀਤਕ ਪਾਰਟੀਆਂ ਦੇ ਆਗੂਆਂ ਨੂੰ ਗੁੰਡੇ ਅਤੇ ਡਕੈਟ ਦਰਸਾਉਂਦਾ ਹੈ। 90 ਪ੍ਰਤੀਸ਼ਤ ਅਫਸਰਸ਼ਾਹੀ ਨੂੰ ਭ੍ਰਿਸ਼ਟ ਦਰਸਾਉਂਦਾ ਹੈ। ਉਸ ਅਨੁਸਾਰ 50 ਪ੍ਰਤੀਸ਼ਤ ਭਾਰਤੀ ਨਿਆਂਪਾਲਿਕਾ ਭ੍ਰਿਸ਼ਟ ਹੋ ਚੁੱਕੀ ਹੈ। ਸੁਪਰੀਮ ਕੋਰਟ ਵਿਚ ਦਾਇਰ ਹੋਏ ਹਲਫ਼ਨਾਮੇ ਵਿਚ ਕਿਹਾ ਗਿਆ ਹੈ ਕਿ ਪਿਛਲੇ ਸਮੇਂ ਵਿਚ ਸੁਪਰੀਮ ਕੋਰਟ ਤੋਂ ਸੇਵਾ ਮੁਕਤ ਹੋਏ 16 ਮੁੱਖ ਜੱਜਾਂ ਵਿਚੋਂ ਅੱਧੇ ਭ੍ਰਿਸ਼ਟ ਸਨ। ਰਾਜਨੀਤੀ ਵਿਚ ਭਾਈ-ਭਤੀਜਾਵਾਦ ਬਹੁਤ ਹੀ ਖ਼ਤਰਨਾਕ ਢੰਗ ਨਾਲ ਕਾਬਜ਼ ਹੋਇਆ ਹੈ।

ਇਨ੍ਹਾਂ ਲੋਕਾਂ ਨੇ ਸੰਸਦ ਅਤੇ ਰਾਜ ਵਿਧਾਨ ਸਭਾਵਾਂ ਵਿਚ ਐਸੇ ਕਾਨੂੰਨ ਪਾਸ ਕੀਤੇ ਹਨ ਜਿਨ੍ਹਾਂ ਨੇ ਸਾਡੇ ਪ੍ਰਸ਼ਾਸਨਿਕ ਸਿਸਟਮ ਨੂੰ ਹੋਰ ਪੇਚੀਦਾ ਬਣਾ ਦਿੱਤਾ ਹੈ। ਸੱਤਾਧਾਰੀ ਪਾਰਟੀਆਂ ਨੇ ਰਾਜਾਂ ਦੇ ਵਿਧਾਨ ਸਭਾ ਹਲਕਿਆਂ ਦੇ ਇੰਚਾਰਜ ਆਪਣੇ ਹਾਰੇ ਹੋਏ ਉਮੀਦਵਾਰ ਬਣਾ ਰਖੇ ਹਨ ਜਿੰਨ੍ਹਾ ਦੀ ਗੈਰ-ਸੰਵਿਧਾਨਿਕ ਜਕੜ ਨੇ ਰਾਜਨੀਤੀ ਦਾ ਤਮਾਸ਼ਾ ਬਣਾ ਰੱਖਿਆ ਹੈ। ਲੋਕਤੰਤਰੀ ਕਦਰਾਂ-ਕੀਮਤਾਂ ਮਿੱਟੀ ਵਿਚ ਰੋਲ ਰਖੀਆਂ ਹਨ। ਜ਼ਮੀਰਹੀਨ ਭਾਰਤੀ ਨਾਗਰਿਕ ਛੋਟੇ-ਮੋਟੇ ਨਿੱਜੀ ਕੰਮਾਂ ਕਰਕੇ ਇੰਨ੍ਹਾ ਨੂੰ ਮਾਨਤਾ ਦਿੰਦੇ ਹਨ।

ਭਾਰਤ ਦਾ ਸਮੁੱਚਾ ਸਮਾਜਿਕ ਅਤੇ ਆਰਥਿਕ ਢਾਂਚਾ ਗੜਬੜੀ ਦਾ ਸ਼ਿਕਾਰ ਹੈ। ਪੂਰਾ ਦੇਸ਼ ਬ੍ਰਿਟਿਸ਼ ਬਸਤੀਵਾਦੀ ਢੰਗ-ਤਰੀਕਿਆਂ ਦੀ ਤਰਜ਼ 'ਤੇ ਧਰਮਾਂ, ਜ਼ਾਤਾਂ, ਲਿੰਗਾਂ, ਫਿਰਕਿਆਂ, ਵਰਗਾਂ ਵਿਚ ਵੰਡਿਆ ਪਿਆ ਹੈ 'ਪਾੜੋ ਅਤੇ ਰਾਜ ਕਰੋ' ਦੀ ਨੀਤੀ ਦੇ ਅਧਾਰ 'ਤੇ। ਭਾਵੇਂ ਸਾਡੇ ਰਾਜਨੀਤੀਵਾਨਾਂ ਨੂੰ ਯਾਦ ਹੈ ਕਿ ਬ੍ਰਿਟਿਸ਼ ਸਾਮਰਾਜ ਨੇ ਇਸ ਉਪ-ਮਹਾਂਦੀਪ ਵਿਚ ਵਿਸ਼ਾਲ ਭਾਰਤ ਨੂੰ ਕਮਜ਼ੋਰ ਕਰਨ ਅਤੇ ਲਗਾਤਾਰ ਯੁੱਧਨੀਤਕ ਟਕਰਾਅ ਦਾ ਸ਼ਿਕਾਰ ਬਣਾਈ ਰੱਖਣ ਲਈ ਦੋ ਧਾਰਮਿਕ ਰਾਸ਼ਟਰਾਂ ਦੀ ਥਿਊਰੀ ਰਾਹੀਂ ਵੰਡ ਦਿੱਤਾ ਸੀ। ਭਾਰਤੀ ਰਾਜਨੀਤੀਵਾਨਾਂ ਨੇ ਬ੍ਰਿਟਿਸ਼ ਬਸਤੀਵਾਦੀ ਮਨਸੂਬਿਆਂ ਦਾ ਸ਼ਿਕਾਰ ਹੁੰਦੇ ਉਸ ਵਲੋਂ ਸਥਾਪਿਤ ਅਫਸਰਸ਼ਾਹ

(ਬਾਕੀ ਸਫ਼ਾ 30 'ਤੇ)

Balkar Bajwa
Certified Translator
(English into Punjabi and Punjabi into English)
33 Eaglesprings Cresent
Brampton ON L6P 2V8
647-402-2170
20 Kohinoor Park, Gunna House, Ferozepur Road
Barewal Awana, Ludhiana, Punjab, India, Pin 141012
Mobile - 011-91-95305-17132






ਸੁਆਲ-ਸੰਵਾਦ

# ਲੋਰੀਆਂ ਦੇ ਕਤਲ ਤੋਂ ਬਾਅਦ ਕੀਰਨਿਆਂ ਦੀ ਬੋਲੀ



ਦਲਜੀਤ ਅਮੀ

ਅੰਮ੍ਰਿਤਸਰ ਦੇ ਫੋਕਲ ਪੁਆਇੰਟ ਦੇ ਇੱਕ ਕਾਰਖ਼ਾਨੇ ਵਿੱਚ ਬਾਬੂ ਮੱਲ ਦੀ ਛੇ ਸਾਲਾ ਧੀ, ਸ਼ਾਲਿਨੀ ਅਤੇ ਸ਼ਿਵ ਨਾਰਾਇਣ ਦੇ ਪੰਜ ਸਾਲਾ ਪੁੱਤ ਗੋਲੂ ਦੀ ਮੌਤ ਹੋ ਗਈ। ਉਨ੍ਹਾਂ ਦੇ ਨਾਲ ਦੇ ਦੋ ਬੱਚਿਆਂ ਦੀ ਇਲਾਜ ਤੋਂ ਬਾਅਦ ਜਾਨ ਬਚ ਗਈ ਹੈ। ਅਖ਼ਬਾਰਾਂ ਦੀਆਂ ਖ਼ਬਰਾਂ ਮੁਤਾਬਕ ਕਾਰਖ਼ਾਨਾ ਮਾਲਕ ਅਤੇ ਪੀੜਤ ਪਰਿਵਾਰਾਂ ਵਿੱਚ ਮੁਆਵਜ਼ਾ ਤੈਅ ਹੋ ਜਾਣ ਕਾਰਨ ਹੋਰ ਕੋਈ ਕਾਰਵਾਈ ਨਹੀਂ ਕੀਤੀ ਗਈ। ਇਨ੍ਹਾਂ ਬੱਚਿਆਂ ਨੂੰ ਕਾਰਖ਼ਾਨੇ ਵਿੱਚ ਜ਼ਹਿਰੀਲੀ ਗੈਸ ਚੜ੍ਹੀ ਸੀ। ਛੁੱਟੀ ਕਾਰਨ ਬੱਚੇ ਮਾਪਿਆਂ ਨਾਲ ਕਾਰਖ਼ਾਨੇ ਵਿੱਚ ਆਏ ਸਨ ਅਤੇ ਜ਼ਿਆਦਾ ਕੰਮ ਹੋਣ ਕਾਰਨ ਛੁੱਟੀ ਵਾਲੇ ਦਿਨ ਕਾਰਖ਼ਾਨਾ ਚੱਲ ਰਿਹਾ ਸੀ। ਅਖ਼ਬਾਰਾਂ ਵਿੱਚ ਇਸ ਤੋਂ ਜ਼ਿਆਦਾ ਤਫ਼ਸੀਲ ਨਹੀਂ ਛਪੀ। ਛਪੀ ਹੋਈ ਤਫ਼ਸੀਲ ਵਿੱਚੋਂਅਣਛਪੇ ਦੇ ਇਸ਼ਾਰੇ ਮਿਲਦੇ ਹਨ। ਇਨ੍ਹਾਂ ਖ਼ਬਰਾਂ ਵਿੱਚੋਂ ਗ਼ੈਰ-ਹਾਜ਼ਰ ਤੱਤ ਆਪਣੀ ਸ਼ਨਾਖ਼ਤ ਆਪ ਕਰਦੇ ਹਨ ਜੋ ਮੀਡੀਆ ਸਮੇਤ ਨਿਜ਼ਾਮ, ਸਰਕਾਰ, ਸਿਆਸਤ ਅਤੇ ਸ਼ਹਿਰੀ ਹਕੂਕ ਦੇ ਹਾਲਾਤ ਬਾਬਤ ਪੜਚੋਲ ਦਾ ਸਬੱਬ ਬਣਦੇ ਹਨ।

ਇਹ ਬੱਚੇ ਕੌਣ ਸਨ? ਇਹ ਗ਼ਰੀਬ ਕਾਰਖ਼ਾਨਾ ਮਜ਼ਦੂਰਾਂ ਦੇ ਬੱਚੇ ਸਨ। ਇਨ੍ਹਾਂ ਦੇ ਮਾਪੇ ਅਤੇ ਆਂਢ-ਗੁਆਂਢ ਦੇ ਬਾਲ਼ਗ ਜੀਅ ਉਸੇ ਜਾਂ ਅਜਿਹੇ ਕਾਰਖ਼ਾਨਿਆਂ ਵਿੱਚ ਕੰਮ ਕਰਦੇ ਹੋਣਗੇ। ਇਨ੍ਹਾਂ ਦੇ ਮਾਪਿਆਂ ਕੋਲ ਬੱਚਿਆਂ ਨੂੰ ਛੁੱਟੀ ਵਾਲੇ ਦਿਨ ਕਿਸੇ ਰਿਸ਼ਤੇਦਾਰ, ਦੋਸਤ ਜਾਂ ਜਾਣ-ਪਛਾਣ ਜਾਂ ਕਿਸੇ ਖਿਡਾਵੀ ਕੋਲ ਛੱਡਣ ਦੀ ਗੁੰਜ਼ਾਇਸ਼ ਨਹੀਂ ਹੋਵੇਗੀ। ਇਹ ਸੰਭਾਵਨਾ ਹੈ ਕਿ ਇਹ ਹਰ ਛੁੱਟੀ ਵਾਲੇ ਦਿਨ ਮਾਪਿਆਂ ਨਾਲ ਕਾਰਖ਼ਾਨੇ ਵਿੱਚ ਜਾਂਦੇ ਹੋਣ। ਖ਼ਬਰਾਂ ਦੱਸਦੀਆਂ ਹਨ ਕਿ ਮਜ਼ਦੂਰ ਕਾਰਖ਼ਾਨੇ ਦੇ ਲਾਗੇ ਰਹਿੰਦੇ ਹਨ। ਸੰਭਾਵਨਾ ਇਹ ਵੀ ਹੈ ਕਿ ਬੱਚੇ ਕਾਰਖ਼ਾਨੇ ਵਿੱਚ ਰੋਜ਼ਾਨਾ ਜਾਂਦੇ ਹੋਣ। ਹੋ ਸਕਦਾ ਹੈ ਕਿ ਉਹ ਜੇ ਕਾਰਖ਼ਾਨਾ ਮਾਲਕ ਦੀ ਮਜ਼ਦੂਰੀ ਨਾ ਕਰਦੇ ਹੋਣ ਤਾਂ ਮਾਪਿਆਂ ਨਾਲ ਹੱਥ ਵੰਡਾਉਂਦੇ ਹੋਣ। ਕੀ ਬੱਚਿਆਂ ਦਾ ਰੋਜ਼ਨਾਮਚਾ ਅਤੇ ਮਾਪਿਆਂ ਦੀ ਗ਼ਰੀਬੀ ਜਾਂ ਰੋਜ਼ਗਾਰ ਜਾਂ ਰਿਹਾਇਸ਼ ਦਾ ਥਾਂ ਨਾਲ ਇਨ੍ਹਾਂ ਬੱਚਿਆਂ ਦੀ ਪਛਾਣ ਮੁਕੰਮਲ ਹੋ ਜਾਂਦੀ ਹੈ? ਕੀ ਇਨ੍ਹਾਂ ਦੀ ਸਮਾਜਿਕ ਜੀਅ, ਕਾਨੂੰਨੀ ਸ਼ਹਿਰੀ ਅਤੇ ਮਨੁੱਖ ਵਜੋਂ ਕੋਈ ਪਛਾਣ ਨਹੀਂ ਹੈ? ਕੀ ਉਨ੍ਹਾਂ ਦੀ ਅਜਿਹੀ ਪਛਾਣ ਕਦੇ ਨਹੀਂ ਸੀ? ਮੌਜੂਦਾ ਦੌਰ ਵਿੱਚ ਦਾ ਗ਼ਾਲਬ ਰੁਝਾਨ ਧਰਮ ਨੂੰ ਮਨੁੱਖ ਦੀ 'ਅੰਤਿਮ' ਪਛਾਣ ਦਾ ਤੱਤ ਮੰਨਦਾ ਹੈ। ਇਨ੍ਹਾਂ ਦੀ ਹੋਂਦ-ਅਣਹੋਂਦਨਾਲ ਧਰਮ ਦੇ ਪਿੰਡੇ ਉੱਤੇ ਕੋਈ ਝਰੀਟ ਤਾਂ ਨਹੀਂ ਆਈ?

ਇਨ੍ਹਾਂ ਦੀ ਮੌਤ ਦਾ ਕਾਰਨ ਕੀ ਹੈ? ਕਾਰਖ਼ਾਨੇ ਵਿੱਚ ਖੇਡਦੇ ਬੱਚਿਆਂ ਨੂੰ ਜ਼ਹਿਰੀਲੀ ਗੈਸ ਚੜ੍ਹੀ ਹੈ ਜਿਸ ਨਾਲ ਉਨ੍ਹਾਂ ਦਾ ਸਾਹ ਬੰਦ ਹੋ ਗਿਆ। ਕਾਰਖ਼ਾਨੇ ਦੇ ਹਾਲਾਤ ਤਾਂ ਬੱਚਿਆਂ ਦੀ ਆਮਦ ਜਾਂ ਛੁੱਟੀ ਨਾਲ ਨਹੀਂ ਬਦਲੇ। ਇਸ ਦਾ ਮਤਲਬ ਤਾਂ ਸਾਫ਼ ਹੈ ਕਿ ਕਾਰਖ਼ਾਨੇ ਵਿੱਚ ਮਜ਼ਦੂਰਾਂ ਦੇ ਕੰਮ ਵਾਲੇ ਇਲਾਕੇ ਵਿੱਚ ਜਾਣ ਵਾਲਾ ਹਰ ਜੀਅ ਖ਼ਤਰੇ ਦੀ ਜੱਦ ਵਿੱਚ ਸੀ। ਇਹ ਗੈਸ ਕਿਸੇ ਨੂੰ ਵੀ ਚੜ੍ਹ ਸਕਦੀ ਸੀ। ਮਜ਼ਦੂਰਾਂ ਨੂੰ ਇਹ ਚੜ੍ਹਦੀ ਵੀ ਹੋਵੇਗੀ ਪਰ ਮੌਤ ਤੋਂ ਪਹਿਲਾਂ ਦੀ ਕੋਈ ਵੀ ਖ਼ਬਰ ਹਾਦਸੇ ਵਜੋਂ ਦਰਜ ਨਹੀਂ ਹੁੰਦੀ। ਇਸੇ ਗੈਸ ਦੀ ਮਾਰ ਕਾਰਨ ਮਜ਼ਦੂਰ ਕਿਨ੍ਹਾਂ ਬੀਮਾਰੀਆਂ ਦਾ ਸ਼ਿਕਾਰ ਹੋਏ ਹੋ ਸਕਦੇ ਸਨ ?ਮਜ਼ਦੂਰ ਤਾਂ ਇਨ੍ਹਾਂ ਹਾਲਾਤ ਵਿੱਚ ਕਿਸੇ ਨਾ ਕਿਸੇ ਤਰ੍ਹਾਂ ਜਾਨ ਬਚਾ ਲੈਂਦੇ ਹੋਣਗੇ ਪਰ ਇਹ ਬੱਚੇ ਇਸੇ ਹੁਨਰ ਤੋਂ ਸਖ਼ਣੇ ਸਨ।ਇਨ੍ਹਾਂ ਹਾਲਾਤ ਦੀ ਪੜਚੋਲ ਤੋਂ ਬਿਨਾਂ ਸ਼ਾਲਿਨੀ ਅਤੇ ਗੋਲੂ ਦੀਆਂ ਮੌਤਾਂ ਦੀ ਪੜਚੋਲ ਕਿਵੇਂ ਹੋ ਸਕਦੀ ਹੈ ?ਇਨ੍ਹਾਂ ਮੌਤਾਂ ਵਿੱਚ ਪ੍ਰਦੂਸ਼ਣ ਬੋਰਡ, ਕਿਰਤ ਅਤੇ ਸਨਅਤੀ ਮਹਿਕਮਿਆਂ ਦੀ ਨਜ਼ਰਅੰਦਾਜ਼ੀ ਨੂੰ ਅੱਖੋਂ-ਪਰੋਖੇ ਕਿਵੇਂ ਕੀਤਾ ਜਾ ਸਕਦਾ ਹੈ? ਇਸ ਨਜ਼ਰਅੰਦਾਜ਼ੀ ਦੇ ਸਾਹਮਣੇ ਆਉਣ ਨਾਲ ਸ਼ਾਲਿਨੀ ਅਤੇ ਗੋਲੂ ਦੀਆਂ ਮੌਤਾਂ ਦਾ ਖ਼ਾਸਾ ਬਦਲ ਜਾਂਦਾ ਹੈ। ਇਹ ਮੌਤਾਂ ਹਾਦਸੇ ਤੋਂ ਕਤਲ ਹੋ ਜਾਂਦੀਆਂ ਹਨ।

ਕੀ ਇਹ ਮੌਤਾਂ ਕਿਸੇ ਰੁਝਾਨ ਦੀ ਕੜੀ ਹਨ? ਜੇ ਚਰਚਾ ਦਾ ਘੇਰਾ ਕਾਰਖ਼ਾਨੇ ਦੇ ਘੇਰੇ ਤੱਕ ਮਹਿਦੂਦ ਕਰਨਾ ਹੋਵੇ ਤਾਂ ਇਹ ਮੌਤਾਂ ਹਾਲਾਤ ਨਾਲ ਜੁੜ ਕੇ ਰੁਝਾਨ ਦੀ ਕੜੀ ਵਜੋਂ ਉਭਰ ਆਉਂਦੀਆਂ ਹਨ। ਜੇ ਇਹ ਗੈਸ ਸ਼ਾਲਿਨੀ ਅਤੇ ਗੋਲੂ ਦੇ ਕਤਲ ਦਾ ਕਾਰਨ ਬਣ ਸਕਦੀ ਹੈ ਤਾਂ ਇਹ ਉਨ੍ਹਾਂ ਦੇ ਮਾਪਿਆਂ ਅਤੇ ਉਨ੍ਹਾਂ ਦੇ ਨਾਲ ਦੇ ਕਾਮਿਆਂ ਦੇ ਸਿਰ ਉੱਤੇ ਸਦਾ ਮੌਤ ਵਜੋਂ ਮੰਡਰਾਉਂਦੀ ਹੈ। ਜਿਨ੍ਹਾਂ ਨੇ ਇਨ੍ਹਾਂ ਹਾਲਾਤ ਵਿੱਚ ਕੰਮ ਕਰਨਾ ਪ੍ਰਵਾਨ ਕੀਤਾ ਹੈ ਉਨ੍ਹਾਂ ਦੇ ਸਿਰ ਉੱਤੇ ਮੰਡਰਾਉਂਦੀ ਮੌਤ ਕਾਰਖ਼ਾਨੇ ਦੇ ਦਰਵਾਜ਼ੇ ਉੱਤੇ ਬੰਨ੍ਹੀ ਹੋਈ ਨਹੀਂ ਹੈ। ਇਹ ਮੌਤ ਉਨ੍ਹਾਂ ਦੀ ਰਿਹਾਇਸ਼ ਵਿੱਚ ਜਿਉਂ ਦੀ ਤਿਉਂ ਮੰਡਰਾਉਂਦੀ ਹੈ।

'ਗੁਰੂ ਕੀ ਨਗਰੀ' ਵਿੱਚ 11 ਮਈ 2015 ਨੂੰ ਅੱਠ ਸਾਲਾ ਨੀਰਜ ਅਤੇ ਪੰਜ ਸਾਲਾ ਅੰਕੁਰ ਰਾਤ ਵੇਲੇ ਛੱਤ ਢਹਿ ਜਾਣ ਕਾਰਨ ਹੇਠਾਂ ਦੱਬੇ ਗਏ ਸਨ। ਉਹ ਦੋਵੇਂ ਭਰਾ ਮਾਰੇ ਗਏ ਸਨ ਪਰ ਉਨ੍ਹਾਂ ਦੇ ਮਾਪੇ ਸਦਮਿਆਂ ਅਤੇ ਜ਼ਖਮਾਂ ਨਾਲ ਜਿਉਣ ਲਈ ਬਚ ਗਏ ਸਨ। ਉਨ੍ਹਾਂ ਦੀ ਛੱਤ ਕਿਸੇ ਅਣਕਿਆਸੇ ਮੀਂਹ ਜਾਂ ਭੂਚਾਲ ਨਾਲ ਨਹੀਂ ਢਹੀ ਸੀ ਸਗੋਂ ਇਹ ਚਿਰਾਂ ਤੋਂ ਖਸਤਾ ਹਾਲਤ ਵਿੱਚ ਸੀ। ਅਜਿਹੀ ਛੱਤ ਦੇ ਗਿਰ ਜਾਣ ਨਾਲ ਹੋ ਸਕਣ ਵਾਲੇ ਨੁਕਸਾਨ ਦਾ ਅੰਦਾਜ਼ਾ ਲਗਾਉਣ ਲਈ ਤਾਰਾ-ਵਿਗਿਆਨੀ ਹੋਣ ਦੀ ਲੋੜ ਨਹੀਂ। ਜੇ ਕੋਈ ਇਸ ਹਾਲਾਤ ਵਿੱਚ ਪਰਿਵਾਰ ਸਮੇਤ ਰਹਿੰਦਾ ਹੈ ਤਾਂ ਉਨ੍ਹਾਂ ਦੀਆਂ ਮਜਬੂਰੀਆਂ ਨੂੰ ਸਮਝਣ ਲਈ ਵੀ ਤਾਰਾ-ਵਿਗਿਆਨੀ ਹੋਣ ਦੀ ਲੋੜ ਨਹੀਂ। ਜੇ ਕਿਸੇ ਸੱਭਿਅਕ ਸਮਾਜ ਵਿੱਚ ਕਿਸੇ ਸ਼ਹਿਰੀ ਨੂੰ ਅਜਿਹੇ ਹਾਲਾਤ ਵਿੱਚੋਂ



ਬਾਹਰ ਕੱਢਣ ਦਾ ਉਪਰਾਲਾ ਨਹੀਂ ਹੁੰਦਾ ਤਾਂ ਨਿਜ਼ਾਮ ਦਾ ਆਦਮ-ਖ਼ੋਰ ਖ਼ਾਸਾ ਸਮਝਣ ਲਈ ਕਿਹੜਾ ਤਾਰਾ-ਵਿਗਿਆਨ ਪੜ੍ਹਣ ਦੀ ਲੋੜ ਹੈ? ਦੋਵਾਂ ਮਾਮਲਿਆਂ ਵਿੱਚ ਮਾਪੇ ਬਚ ਗਏ ਹਨ। ਕੀ ਇਹ ਸੁਆਲ ਜਾਇਜ਼ ਬਣਦਾ ਹੈ ਕਿ ਕੀ ਜ਼ਿੰਦਗੀ ਦੀ ਜ਼ਲਾਲਤ ਦਾ ਆਦੀ ਬਣ ਗਏ ਜੀਅ ਬਚ ਗਏ ਹਨ? ਉਮਰ ਦੇ ਹਿਸਾਬ ਨਾਲ 'ਮੌਤ ਨੂੰ ਝਕਾਨੀ' ਦੇਣ ਦਾ ਹੁਨਰ ਸਿੱਖ ਜਾਣ ਵਾਲੇ ਜੀਅ ਬਚ ਗਏ ਹਨ। ਜੇ ਜਿਉਂਦੇ ਰਹਿਣ ਲਈ ਸਿਰਫ਼'ਮੌਤ ਨੂੰ ਝਕਾਨੀ' ਦੇਣ ਦਾ ਹੁਨਰ ਦਰਕਾਰ ਹੈ ਤਾਂ ਮਨੁੱਖ ਦੀ ਪਛਾਣ ਦੇ ਬਾਕੀ ਤੱਤ ਕਿੱਥੇ ਹਨ? ਕਾਨੂੰਨ, ਧਰਮ, ਸਮਾਜਿਕ ਨੇਮ, ਮਨੁੱਖੀ ਕਦਰਾਂ-ਕੀਮਤਾਂ ਅਤੇ ਸਿਧਾਂਤਕ ਸੇਧਾਂ ਦਾ 'ਮੌਤ ਦੀ ਝਕਾਨੀ' ਦੇਣ ਦੇ ਹੁਨਰ ਸਹਾਰੇ ਜਿਉਂ ਰਹੇ ਲੋਕਾਂ ਨਾਲ ਕੀ ਰਿਸ਼ਤਾ ਹੈ?

ਅੰਮ੍ਰਿਤਸਰ ਵਿੱਚ ਹੀ ਇੱਕ ਮਜ਼ਦੂਰ, ਰਾਮ ਸਿੰਘ ਨੂੰ ਲੰਘੇ ਅਕਤੂਬਰ ਵਿੱਚ ਕਾਰਖ਼ਾਨਾ ਮਾਲਕਾਂ ਨੇ ਕੁੱਟ-ਕੁੱਟ ਕੇ ਕਤਲ ਕਰ ਦਿੱਤਾ ਸੀ। ਉਸ ਕਤਲ ਦਾ ਵੀਡੀਓ ਯੂ-ਟਿਊਬ ਉੱਤੇ ਆਉਣ ਤੋਂ ਬਾਅਦ ਇਹ ਖ਼ਬਰ ਕੁਝ ਦਿਨਾਂ ਵਿੱਚ ਹੀ ਲਾਪਤਾ ਹੋ ਗਈ ਸੀ। ਕਿਸੇ ਪੱਤਰਕਾਰ ਨੂੰ ਮੁਲਜ਼ਮਾਂ ਦੀ ਹੋਣੀ ਜਾਂ ਕਾਨੂੰਨੀ ਕਾਰਵਾਈ ਦੀ ਖ਼ਬਰ ਅਹਿਮ ਨਹੀਂ ਲੱਗੀ। ਮਕਤੂਲ ਦੀ ਪਛਾਣ ਪਰਵਾਸੀ ਬਿਹਾਰੀ ਮਜ਼ਦੂਰ ਤੱਕ ਮਹਿਦੂਦ ਹੋ ਕੇ ਰਹਿ ਗਈ। ਰਾਮ ਸਿੰਘ ਦੀ ਪਛਾਣ ਦੇ ਬਾਕੀ ਤੱਤ ਉਸ ਦੇ ਕਤਲਨਾਲ ਬੇਮਾਅਨਾ ਕਿਵੇਂ ਹੋ ਗਏ? ਰਾਮ ਸਿੰਘ ਨੂੰ ਚੋਰੀ ਦੇ ਇਲਜ਼ਾਮ ਵਿੱਚ ਕਤਲ ਕਰਨ ਵਾਲਿਆਂ ਖ਼ਿਲਾਫ਼ ਪੁਲਿਸ ਜਾਂ ਅਦਾਲਤ ਨੇ ਕਾਰਵਾਈ ਕਿਉਂ ਨਹੀਂ ਕੀਤੀ? ਆਖ਼ਰ ਪੁਲਿਸ ਅਤੇ ਅਦਾਲਤ ਦੇ ਕੰਮ ਵਿੱਚ ਦਖ਼ਲਅੰਦਾਜ਼ੀ ਕਰਨ ਵਾਲੇ ਕਾਨੂੰਨ ਦੇ ਗੁਨਾਹਗ਼ਾਰ ਹਨ। ਕੀ ਬਿਹਾਰ ਤੋਂ ਆਇਆ ਗ਼ਰੀਬ ਪਰਵਾਸੀ ਮਜ਼ਦੂਰ ਸ਼ਹਿਰੀ ਵਜੋਂ ਕੋਈ ਰੁਤਬਾ ਨਹੀਂ ਰੱਖਦਾ?

ਅੰਮ੍ਰਿਤਸਰ ਵਿੱਚ ਨੀਰਜ, ਅੰਕੁਰ, ਰਾਮ ਸਿੰਘ, ਸ਼ਾਲਿਨੀ ਅਤੇ ਗੋਲੂ ਦੇ ਕਤਲ ਕਿਸੇ ਸਿਆਸੀ ਧਿਰ ਲਈ ਮੁੱਦਾ ਨਹੀਂ ਬਣੇ। ਇਹ ਨਿਜ਼ਾਮ ਦੀ ਨਾਕਾਮਯਾਬੀ ਵਜੋਂ ਕਿਸੇ ਸਿਆਸੀ ਧਿਰ ਦਾ ਮੁੱਦਾ ਨਹੀਂ ਬਣਦੇ ਜਾਪਦੇ। ਲੇਖਕਾਂ ਦੀ ਤਨਕੀਦ ਤੋਂ ਪਰੇਸ਼ਾਨ ਹੋ ਕੇ ਅਦਾਲਤੀ ਕਾਰਵਾਈ ਕਰਨ ਵਾਲੀਆਂ ਅਦਾਲਤਾਂ ਤੋਂ ਇਹ ਕਤਲ ਨਜ਼ਰਅੰਦਾਜ਼ ਕਿਵੇਂ ਹੋ ਗਏ ਹਨ? ਕੀ ਸਮੂਹ ਸਰਕਾਰੀ

(ਬਾਕੀ ਸਫ਼ਾ 29 'ਤੇ)







